ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 472 | June 23, 2025 | E-mail : info@pardestimes.com | Ph 510-938-7771

## ਈਰਾਨ 'ਤੇ ਹਮਲਾ ਕਰਨਾ ਬਾਰੇ ਹਾਲੇ ਦੁਚਿੱਤੀ ਵਿਚ ਕਿਉਂ ਹੈ ਅਮਰੀਕਾ

ਵਾਸ਼ਿੰਗਟਨ- ਵ੍ਹਾਈਟ ਹਾਊਸ ਨੇ ਐਲਾਨ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੋ ਹਫ਼ਤਿਆਂ ਦੇ ਅੰਦਰ ਫੈਸਲਾ ਲੈਣਗੇ ਕਿ ਕੀ ਇਜ਼ਰਾਈਲ ਨੇ ਈਰਾਨ ਦੇ ਫੌਜੀ ਤੇ ਪ੍ਰਮਾਣੂ ਪ੍ਰੋਗਰਾਮ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋਣਾ ਹੈ ਕੀ ਨਹੀਂ। ਵ੍ਹਾਈਟ ਹਾਊਸ ਨੇ ਕਿਹਾ ਕਿ ਟਰੰਪ ਅਜੇ ਵੀ ਇਜ਼ਰਾਈਲ ਅਤੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਅਮਰੀਕਾ ਦੀਆਂ ਮੰਗਾਂ ਦੇ ਸੰਬੰਧ ਵਿੱਚ ਕੂਟਨੀਤੀ ਦਾ ਮੌਕਾ ਦੇਖਦੇ ਹਨ।

ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਟਰੰਪ ਦੇ ਹਵਾਲੇ ਨਾਲ ਪੱਤਰਕਾਰਾਂ ਨੂੰ ਕਿਹਾ, "ਇਸ ਤੱਥ ਦੇ ਆਧਾਰ 'ਤੇ ਕਿ ਨੇੜਲੇ



ਭਵਿੱਖ ਵਿੱਚ ਈਰਾਨ ਨਾਲ ਗੱਲਬਾਤ ਦੀ ਸੰਭਾਵਨਾ ਹੈ, ਮੈਂ ਅਗਲੇ ਦੋ ਹਫ਼ਤਿਆਂ ਦੇ ਅੰਦਰ ਆਪਣਾ ਫੈਸਲਾ ਲਵਾਂਗਾ।" ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਟਰੰਪ ਉਹੀ ਕਰਨਗੇ ਜੋ ਅਮਰੀਕਾ ਲਈ ਸਭ ਤੋਂ ਵਧੀਆ ਹੋਵੇਗਾ। ਉਹ ਪਹਿਲਾਂ ਹੀ ਬਹੁਤ ਮਦਦ ਕਰ ਰਹੇ ਹਨ। ਅਮਰੀਕਾ ਨੂੰ ਆਸ ਹੈ ਕਿ ਇਰਾਨ ਉਹਨਾਂ ਦੀਆਂ ਸ਼ਰਤਾਂ ਮੰਨ ਲਵੇਗਾ।

ਅਮਰੀਕੀ ਅਧਿਕਾਰੀਆਂ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਟਰੰਪ ਨੇ ਈਰਾਨ ਦੇ ਸਰਵਉੱਚ ਨੇਤਾ ਖਮੇਨੀ ਨੂੰ ਮਾਰਨ ਦੀ ਇਜ਼ਰਾਈਲੀ ਯੋਜਨਾ ਨੂੰ ਵੀਟੋ ਕਰ ਦਿੱਤਾ ਹੈ। ਟਰੰਪ ਨੇ ਬਾਅਦ ਵਿੱਚ ਕਿਹਾ ਕਿ ਉਨ੍ਹਾਂ ਨੂੰ ਮਾਰਨ ਦੀ ਕੋਈ ਯੋਜਨਾ ਨਹੀਂ ਹੈ, ਘੱਟੋ ਘੱਟ ਅਜੇ ਤੱਕ ਨਹੀਂ।

ਇੱਧਰ ਈਰਾਨ ਦੇ ਮਿਜ਼ਾਈਲ ਹਮਲੇ ਕਾਰਨ ਬੇਰਸ਼ੇਬਾ ਦੇ ਸਾਰੋਕਾ ਹਸਪਤਾਲ ਨੂੰ ਭਾਰੀ ਨੁਕਸਾਨ ਪਹੁੰਚਾਉਣ ਅਤੇ ਤੇਲ ਅਵੀਵ ਵਿੱਚ ਕਈ ਰਿਹਾਇਸ਼ੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਬਾਅਦ ਇਜ਼ਰਾਈਲ ਨੇ ਈਰਾਨੀ ਨੇਤਾ ਅਲੀ ਖਮੇਨੀ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ। ਇਨ੍ਹਾਂ ਹਮਲਿਆਂ ਵਿੱਚ 240 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਚਾਰ ਦੀ ਹਾਲਤ ਗੰਭੀਰ ਹੈ। ਥੋੜ੍ਹੇ ਜਿਹੇ ਜ਼ਖਮੀ ਹੋਏ ਲੋਕਾਂ ਦੀ ਗਿਣਤੀ ਇਨ੍ਹਾਂ ਤੋਂ ਇਲਾਵਾ ਹੈ। ਇਨ੍ਹਾਂ ਹਮਲਿਆਂ ਤੋਂ ਬਾਅਦ, ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਸਪਤਾਲ 'ਤੇ ਹਮਲੇ ਲਈ ਖਮੇਨੀ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਆਪਣੀ ਮੌਤ ਤੱਕ ਯੁੱਧ ਜਾਰੀ ਰੱਖਣ ਦੀ ਸਹੁੰ ਖਾਧੀ। ਹਾਲਾਂਕਿ, ਕੁਝ ਦਿਨ ਪਹਿਲਾਂ, ਇਹ ਖੁਲਾਸਾ ਹੋਇਆ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖਮੇਨੀ ਨੂੰ ਮਾਰਨ ਦੀ ਇਜ਼ਰਾਈਲੀ ਯੋਜਨਾ 'ਤੇ ਰੋਕ ਲਗਾ ਦਿੱਤੀ ਹੈ। ਉਸ ਤੋਂ ਬਾਅਦ, ਟਰੰਪ ਨੇ ਕਿਹਾ ਸੀ ਕਿ ਈਰਾਨੀ ਨੇਤਾ ਨੂੰ ਮਾਰਨ ਦੀ ਫਿਲਹਾਲ ਕੋਈ ਯੋਜਨਾ ਨਹੀਂ ਹੈ।

ਈਰਾਨ, ਜੋ ਹੁਣ ਤੱਕ ਅਲੱਗ-ਥਲੱਗ ਸੀ, ਨੂੰ ਹੁਣ ਰੂਸ ਦਾ ਸਮਰਥਨ ਮਿਲ ਰਿਹਾ ਹੈ। ਰੂਸ ਨੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਇਜ਼ਰਾਈਲ ਨੂੰ ਸਿੱਧੀ ਫੌਜੀ ਮਦਦ ਦਿੰਦਾ ਹੈ, ਤਾਂ ਮੱਧ ਪੂਰਬ ਵਿੱਚ ਸਥਿਤੀ ਅਸਥਿਰ ਹੋਣ ਵਿੱਚ ਦੇਰ ਨਹੀਂ ਲੱਗੇਗੀ। ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਰੀਆ ਜ਼ਖਾਰੋਵਾ ਨੇ ਕਿਹਾ ਕਿ ਅਸੀਂ ਅਮਰੀਕਾ ਨੂੰ ਇਸ ਟਕਰਾਅ ਵਿੱਚ ਫੌਜੀ ਦਖਲਅੰਦਾਜ਼ੀ ਵਿਰੁੱਧ ਚੇਤਾਵਨੀ ਦੇਣਾ ਚਾਹੁੰਦੇ ਹਾਂ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਸਦੇ ਖਤਰਨਾਕ ਨਤੀਜੇ ਨਿਕਲਣਗੇ। ਜ਼ਖਾਰੋਵਾ ਨੇ ਕਿਹਾ ਕਿ ਜਿਸ ਤਰ੍ਹਾਂ ਇਜ਼ਰਾਈਲ ਈਰਾਨ ਦੇ ਪ੍ਰਮਾਣੂ ਬੁਨਿਆਦੀ ਢਾਂਚੇ 'ਤੇ ਹਮਲਾ ਕਰ ਰਿਹਾ ਹੈ, ਇਸਦਾ ਮਤਲਬ ਹੈ ਕਿ ਦੁਨੀਆ ਤਬਾਹੀ ਤੋਂ ਕੁਝ ਮਿਲੀਮੀਟਰ ਦੂਰ ਹੈ।

# ਇਜ਼ਰਾਈਲ-ਇਰਾਨ ਜੰਗ, ਦੁਨੀਆਂ ਲਈ ਇਕ ਨਵਾਂ ਸੰਕਟ

ਤਾਹਿਰਾਨ- ਅਖ਼ੀਰ ਇਜ਼ਰਾਈਲ ਨੇ ਈਰਾਨ ’ਤੇ ਹਮਲਾ ਕਰ ਹੀ ਦਿੱਤਾ ਹੈ। ਉਸ ਨੇ ਆਪ੍ਰੇਸ਼ਨ ਰਾਈਜ਼ਿੰਗ ਲਾਇਨ ਤਹਿਤ ਈਰਾਨ ਦੇ ਪਰਮਾਣੂ ਅਤੇ ਫ਼ੌਜੀ ਟਿਕਾਣਿਆਂ ’ਤੇ ਪੂਰੀ ਤਿਆਰੀ ਨਾਲ ਇੰਨਾ ਜ਼ੋਰਦਾਰ ਹਮਲਾ ਕੀਤਾ ਕਿ ਉਹ ਤੁਰੰਤ ਜਵਾਬ ਦੇਣ ਦੀ ਸਥਿਤੀ ਵਿਚ ਨਹੀਂ ਰਿਹਾ। ਇਜ਼ਰਾਈਲ ਨੇ ਇਸ ਆਧਾਰ ’ਤੇ ਈਰਾਨ ਨੂੰ ਨਿਸ਼ਾਨੇ ’ਤੇ ਲਿਆ ਕਿ ਉਹ ਉਸ ਦੀ ਹੋਂਦ ਨੂੰ ਖੁੱਲ੍ਹੀ ਚੁਣੌਤੀ ਦਿੰਦਾ ਹੈ ਤੇ ਜੇਕਰ ਉਸ ਨੇ ਪਰਮਾਣੂ ਹਥਿਆਰ ਹਾਸਲ ਕਰ ਲਏ ਤਾਂ ਇਹ ਉਸ ਲਈ ਗੰਭੀਰ ਖ਼ਤਰਾ ਪੈਦਾ ਕਰ ਦੇਵੇਗਾ। ਇਸ ਖ਼ਦਸ਼ੇ ਨੂੰ ਬੇਬੁਨਿਆਦ ਨਹੀਂ ਕਹਿ ਸਕਦੇ। ਈਰਾਨ ਕਈ ਵਾਰ ਕਹਿ ਚੁੱਕਾ ਹੈ ਕਿ ਉਹ ਦੁਨੀਆ ਦੇ ਨਕਸ਼ੇ ਤੋਂ ਇਜ਼ਰਾਈਲ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ। ਉਹ ਪਰਮਾਣੂ ਹਥਿਆਰ ਬਣਾਉਣ ਦੀ ਜ਼ਿੱਦ ਵੀ ਕਰ ਰਿਹਾ ਹੈ ਪਰ ਉਸ ਦੀ ਸਮੱਸਿਆ ਇਹ ਹੈ ਕਿ ਉਸ ਦਾ ਖੁੱਲ੍ਹ ਕੇ ਸਾਥ ਦੇਣ ਵਾਲਾ ਕੋਈ ਨਹੀਂ। ਇਸਲਾਮੀ ਦੇਸ਼ ਇਜ਼ਰਾਇਲੀ ਹਮਲੇ ਦੀ ਨਿੰਦਾ ਕਰ ਰਹੇ ਹਨ ਪਰ ਇਹ ਕਹਿਣਾ ਮੁਸ਼ਕਲ ਹੈ ਕਿ ਉਹ ਅਤੇ ਖ਼ਾਸ ਕਰਕੇ ਸੁੰਨੀ ਅਰਬ ਰਾਸ਼ਟਰ ਈਰਾਨ ਨੂੰ ਨਿਸ਼ਾਨਾ ਬਣਾਉਣ ਤੋਂ ਦੁਖੀ ਹਨ। ਅਸਲ ਵਿਚ ਇਜ਼ਰਾਈਲ ਅਤੇ ਅਮਰੀਕਾ ਦੀ ਤਰ੍ਹਾਂ ਉਹ ਵੀ ਨਹੀਂ ਚਾਹੁੰਦੇ ਕਿ ਈਰਾਨ ਪਰਮਾਣੂ ਹਥਿਆਰਾਂ ਨਾਲ ਲੈਸ ਹੋ ਕੇ ਇਸਲਾਮੀ ਜਗਤ ਵਿਚ ਆਪਣਾ ਦਬਦਬਾ ਵਧਾਏ। ਕਈ ਇਸਲਾਮੀ ਦੇਸ਼ ਇਜ਼ਰਾਈਲ ਲਈ ਮੁਸੀਬਤ ਬਣੇ ਹਿਜ਼ਬੁੱਲਾ, ਹਮਾਸ ਦੇ ਨਾਲ-ਨਾਲ ਯਮਨ ਦੇ ਹਾਊਤੀ ਲੜਾਕਿਆਂ ਨੂੰ ਈਰਾਨ ਦੇ ਖੁੱਲ੍ਹੇ ਸਮਰਥਨ ਤੋਂ ਖ਼ੁਸ਼ ਨਹੀਂ ਹਨ। ਸਾਊਦੀ ਅਰਬ ਤਾਂ ਪੱਕੇ ਤੌਰ ’ਤੇ ਨਹੀਂ, ਕਿਉਂਕਿ ਯਮਨ ਦੇ ਇਕ ਵੱਡੇ ਹਿੱਸੇ ’ਤੇ ਕਾਬਜ਼ ਹਾਊਤੀ ਉਸ ਲਈ ਸਿਰਦਰਦ ਬਣੇ ਹੋਏ ਹਨ। ਹਾਊਤੀ ਇਜ਼ਰਾਈਲ ਦੇ ਨਾਲ-ਨਾਲ ਸਮੁੰਦਰੀ ਸੁਰੱਖਿਆ ਲਈ ਵੀ ਖ਼ਤਰਾ ਪੈਦਾ ਕਰਦੇ ਰਹਿੰਦੇ ਹਨ। ਈਰਾਨ ਪੱਛਮੀ ਏਸ਼ੀਆ ਵਿਚ ਹੋਰ ਹਥਿਆਰਬੰਦ ਇਸਲਾਮੀ ਗੁੱਟਾਂ ਨੂੰ ਵੀ ਸਮਰਥਨ ਦਿੰਦਾ ਹੈ। ਇਹੀ ਕੰਮ ਕਤਰ ਵੀ ਕਰਦਾ ਹੈ ਪਰ ਉਹ ਅਮਰੀਕਾ ਦਾ ਸਾਥੀ ਹੈ। ਈਰਾਨ ਵਿਚ ਇਜ਼ਰਾਇਲੀ ਹਮਲੇ ’ਤੇ ਅਮਰੀਕਾ ਭਾਵੇਂ ਇਹ ਜਤਾਉਂਦਾ ਹੋਵੇ ਕਿ ਉਹ ਇਸ ਤੋਂ ਚਿੰਤਤ ਹੈ ਪਰ ਸੱਚ ਇਹ ਹੈ ਕਿ ਰਾਸ਼ਟਰਪਤੀ ਟਰੰਪ ਉਹੀ ਚਾਹੁੰਦੇ ਸਨ ਜੋ ਇਜ਼ਰਾਈਲ ਨੇ ਕੀਤਾ। ਉਹ ਇਸ ਨੂੰ ਲੁਕਾਉਂਦੇ ਵੀ ਨਹੀਂ। ਵਿਸ਼ਵ ਨੂੰ ਯੁੱਧ ਤੋਂ ਮੁਕਤ ਕਰਨ ਦੀ ਉਨ੍ਹਾਂ ਦੀਆਂ ਗੱਲਾਂ ਦਿਖਾਵਾ ਮਾਤਰ ਹਨ। ਵੱਡੀਆਂ-ਵੱਡੀਆਂ ਗੱਲਾਂ ਕਰਨ ਦੇ ਬਾਵਜੂਦ ਉਹ ਯੂਕਰੇਨ-ਰੂਸ ਯੁੱਧ ਰੋਕਣ ਵਿਚ ਨਾਕਾਮ ਹਨ। ਉਹ ਈਰਾਨ ਨੂੰ ਗ਼ੈਰ-ਜ਼ਿੰਮੇਵਾਰ ਤੇ ਅੱਤਵਾਦੀ ਧੜਿਆਂ ਦਾ ਸਾਥੀ ਦੱਸ ਕੇ ਇਜ਼ਰਾਈਲ ਦਾ ਤਾਂ ਸਾਥ ਦੇ ਰਹੇ ਹਨ, ਪਰ ਹੱਦ ਦਰਜੇ ਦੇ ਗ਼ੈਰ-ਜ਼ਿੰਮੇਵਾਰ ਚੀਨ ਦੀ ਮਦਦ ਨਾਲ ਪਰਮਾਣੂ ਹਥਿਆਰ ਹਾਸਲ ਕਰਨ ਅਤੇ ਅੱਤਵਾਦੀ ਸੰਗਠਨਾਂ ਨੂੰ ਪਾਲਣ-ਪੋਸਣ ਵਾਲੇ ਪਾਕਿਸਤਾਨ ਨੂੰ ਪੁਚਕਾਰਨ ਵਿਚ ਲੱਗੇ ਹੋਏ ਹਨ। ਸਾਫ਼ ਹੈ ਕਿ ਭਾਰਤ ਦੋਹਰੀ ਨੀਤੀ ’ਤੇ ਚੱਲ ਰਹੇ ਟਰੰਪ ’ਤੇ ਭਰੋਸਾ ਨਹੀਂ ਕਰ ਸਕਦਾ। ਇਜ਼ਰਾਈਲ-ਈਰਾਨ ਯੁੱਧ ਨੇ ਵਿਸ਼ਵ ਸ਼ਾਂਤੀ ਦੇ ਨਾਲ-ਨਾਲ ਪੱਛਮੀ ਏਸ਼ੀਆ ਅਤੇ ਭਾਰਤ ਲਈ ਵੀ ਸੰਕਟ ਵਧਾ ਦਿੱਤਾ ਹੈ। ਭਾਰਤ ਦੇ ਦੋਹਾਂ ਦੇਸ਼ਾਂ ਨਾਲ ਨਿੱਘੇ ਸਬੰਧ ਹਨ। ਉਹ ਕਿਸੇ ਇਕ ਦੇ ਨਾਲ ਨਹੀਂ ਜਾ ਸਕਦਾ ਪਰ ਇਸ ਲਈ ਇਹ ਇਕ ਸਬਕ ਵੀ ਹੈ ਕਿ ਉਸ ਨੂੰ ਵੀ ਆਪ੍ਰੇਸ਼ਨ ਸਿੰਧੂਰ ਦੇ ਸਮੇਂ ਅੱਤਵਾਦੀਆਂ ਦੇ ਨਾਲ ਖੜ੍ਹੀ ਪਾਕਿਸਤਾਨੀ ਫ਼ੌਜ ਦੀ ਕਮਰ ਤੋੜ ਦੇਣੀ ਚਾਹੀਦੀ ਸੀ। ਫ਼ਿਲਹਾਲ ਉਸ ਦੀ ਪਹਿਲੀ ਤਰਜੀਹ ਪੱਛਮੀ ਏਸ਼ੀਆ ਵਿਚ ਆਪਣੇ ਹਿੱਤ ਸੁਰੱਖਿਅਤ ਕਰਨ ਦੀ ਹੋਣੀ ਚਾਹੀਦੀ ਹੈ।



ਅਸਲ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਈਰਾਨ ਨੂੰ ਚਿਤਾਵਨੀ ਜਾਰੀ ਕੀਤੀ ਹੈ ਕਿ ਜਾਂ ਤਾਂ ਉਹ ਫ਼ਿਲਹਾਲ ਠੰਢੇ ਬਸਤੇ ਵਿਚ ਪਹੁੰਚੀ ਪਰਮਾਣੂ ਮੁੱਦੇ ਦੀ ਚਰਚਾ ਨਾਲ ਜੁੜੀਆਂ ਸ਼ਰਤਾਂ ਮੰਨ ਲਵੇ ਜਾਂ ਫਿਰ ਹੋਰ ਤਬਾਹੀ ਝੱਲਣ ਲਈ ਤਿਆਰ ਰਹੇ। ਉਨ੍ਹਾਂ ਇਹ ਵੀ ਕਿਹਾ ਹੈ ਕਿ ਈਰਾਨ ਬਿਨਾਂ ਸ਼ਰਤ ਸਰੰਡਰ ਕਰ ਦੇਵੇ, ਇਸ ਵਿਚ ਹੀ ਉਸ ਦਾ ਭਲਾ ਹੈ। ਇਹੀ ਨਹੀਂ, ਈਰਾਨ ਨੂੰ ਪਰਮਾਣੂ ਅਪ੍ਰਸਾਰ ਸੰਧੀ ’ਤੇ ਵੀ ਸਹੀ ਪਾਉਣੀ ਪਵੇਗੀ। ਅਮਰੀਕਾ ਦੇ ਇਸ ਰੁਖ਼ ਤੋਂ ਸਾਫ਼ ਹੈ ਕਿ ਇਜ਼ਰਾਈਲ ਉਸ ਦੇ ਇਸ਼ਾਰੇ ’ਤੇ ਹੀ ਈਰਾਨ ’ਤੇ ਹਮਲੇ ਕਰ ਰਿਹਾ ਹੈ। ਦੂਜੇ ਪਾਸੇ ਰੂਸ ਤੇ ਚੀਨ ਦੀ ਈਰਾਨ ਨੂੰ ਹਮਾਇਤ ਹਾਲਾਤ ਹੋਰ ਵਿਸਫੋਟਕ ਬਣਾ ਸਕਦੀ ਹੈ। ਭਾਵੇਂ ਭਾਰਤ ਨਿਰਪੱਖ ਰਹਿਣ ਦੀ ਨੀਤੀ ’ਤੇ ਚੱਲ ਰਿਹਾ ਹੈ ਪਰ ਜੇ ਹਾਲਾਤ ਹੋਰ ਵਿਗੜੇ ਤਾਂ ਉਸ ਦੇ ਹਿੱਤਾਂ ਨੂੰ ਭਾਰੀ ਢਾਹ ਲੱਗੇਗੀ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧ ਜਾਣਗੀਆਂ ਜਿਸ ਕਾਰਨ ਲੋਕਾਂ ’ਤੇ ਮਹਿੰਗਾਈ ਦੀ ਮਾਰ ਹੋਰ ਪਵੇਗੀ। ਇਹੀ ਨਹੀਂ, ਉਸ ਨੂੰ ਜੰਗ ਤੋਂ ਪੀੜਤ ਇਨ੍ਹਾਂ ਦੇਸ਼ਾਂ ਦੇ ਨਾਲ-ਨਾਲ ਖਾੜੀ ਦੇ ਕਈ ਹੋਰ ਦੇਸ਼ਾਂ ’ਚੋਂ ਆਪਣੇ ਨਾਗਰਿਕ ਸੁਰੱਖਿਅਤ ਕੱਢਣ ਲਈ ਤਰੱਦਦ ਕਰਨੇ ਪੈਣਗੇ। ਭਾਰਤ ਸਰਕਾਰ ਨੇ ਈਰਾਨ ’ਚੋਂ ਤਾਂ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਸਿਲਸਿਲਾ ਆਰੰਭ ਵੀ ਕਰ ਦਿੱਤਾ ਹੈ।

## ਚਲਦੇ-ਚਲਦੇ

ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਲੰਡਨ ਗੈਟਵਿਕ ਉਡਾਣਾਂ 15 ਜੁਲਾਈ ਤੱਕ ਰੱਦ ਕਰ ਦਿੱਤੀ ਹੈ। ਪਹਿਲਾਂ ਇਹ ਹਫ਼ਤੇ ਵਿੱਚ ਤਿੰਨ ਦਿਨ ਉਡਾਣ ਭਰਦੀ ਸੀ। ਇਸ ਦੇ ਨਾਲ ਹੀ ਅੰਮ੍ਰਿਤਸਰ ਬਰਮਿੰਘਮ ਉਡਾਣ ਨੂੰ ਹਫ਼ਤੇ ਵਿੱਚ 3 ਦਿਨਾਂ ਤੋਂ ਘਟਾ ਕੇ 2 ਦਿਨ ਕਰ ਦਿੱਤਾ ਗਿਆ ਹੈ। ਇਹ ਫੈਸਲਾ ਮੱਧ ਪੂਰਬ ਵਿੱਚ ਉਡਾਣ ਤੋਂ ਪਹਿਲਾਂ ਸੁਰੱਖਿਆ ਜਾਂਚਾਂ ਅਤੇ ਹਵਾਈ ਖੇਤਰ ਬੰਦ ਕਰਨ ਲਈ ਲਿਆ ਗਿਆ ਹੈ। ਹਵਾਈ ਖੇਤਰ ਬੰਦ ਹੋਣ ਕਾਰਨ ਉਡਾਣਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਵਾਧੂ ਸਮਾਂ ਲੱਗ ਰਿਹਾ ਸੀ। ਅਹਿਮਦਾਬਾਦ ਹਾਦਸੇ ਤੋਂ ਬਾਅਦ ਬੋਇੰਗ 787 ਅਤੇ 777 ਜਹਾਜ਼ਾਂ ਦੁਆਰਾ ਚਲਾਈਆਂ ਜਾਣ ਵਾਲੀਆਂ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਘਟਾ ਦਿੱਤਾ ਗਿਆ ਹੈ।

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704




Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Turning 65 Years Old?



If you've got questions, I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

# ਡੋਨਾਲਡ ਟਰੰਪ ਅਮਰੀਕਾ ਨੂੰ ਮਹਾਨ ਬਣਾ ਰਹੇ ਨੇ ਜਾਂ ਨਹੀਂ



ਸ਼ਿਵਕਾਂਤ ਸ਼ਰਮਾ

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਨੂੰ 'ਮਾਗਾ ਯਾਨੀ ਫਿਰ ਤੋਂ ਮਹਾਨ' ਬਣਾਉਣ ਲਈ ਦੋ ਮੋਰਚੇ ਖੋਲ੍ਹੇ ਹੋਏ ਹਨ। ਬਾਹਰਲੇ ਮੁਹਾਜ਼ 'ਤੇ ਉਹ ਅਮਰੀਕਾ ਦੇ ਦੋਸਤਾਂ ਅਤੇ ਦੁਸ਼ਮਣਾਂ ਨਾਲ ਟੈਰਿਫ ਜੰਗ ਲੜ ਰਹੇ ਹਨ। ਅੰਦਰੂਨੀ ਮੁਹਾਜ਼ 'ਤੇ ਆਪਣੀਆਂ ਵਿੱਦਿਅਕ ਅਤੇ ਪ੍ਰਸ਼ਾਸਕੀ ਸੰਸਥਾਵਾਂ ਨੂੰ ਵੋਕ ਜਾਂ ਖੱਬੇ-ਪੱਖੀ ਵਿਚਾਰਧਾਰਾ ਦੇ ਸ਼ਿਕੰਜੇ ਤੋਂ ਮੁਕਤ ਕਰਵਾਉਣ ਦੀ ਜੰਗ ਲੜ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਟੈਰਿਫ ਜੰਗ ਤੋਂ ਬਿਨਾਂ ਨਿਰੰਤਰ ਬੇਕਾਬੂ ਹੋ ਰਹੇ ਵਪਾਰ ਘਾਟੇ ਨੂੰ ਘੱਟ ਅਤੇ ਨਿਰਮਾਣ ਉਦਯੋਗ ਨੂੰ ਬਹਾਲ ਨਹੀਂ ਕੀਤਾ ਜਾ ਸਕਦਾ।

ਇਸੇ ਤਰ੍ਹਾਂ ਸੰਸਥਾਵਾਂ ਨੂੰ ਵੋਕ ਵਿਚਾਰਧਾਰਾ ਤੋਂ ਮੁਕਤ ਕਰਵਾਏ ਬਿਨਾਂ ਦੱਖਣਪੰਥੀ ਵਿਚਾਰਧਾਰਾ ਨੂੰ ਉੱਥੇ ਜਗ੍ਹਾ ਨਹੀਂ ਮਿਲ ਸਕਦੀ। ਮਹਾ-ਸ਼ਕਤੀ ਹੋਣ ਦੇ ਬਾਵਜੂਦ ਜੰਗ ਦੇ ਮੁਹਾਜ਼ਾਂ 'ਤੇ ਅਮਰੀਕਾ ਦਾ ਰਿਕਾਰਡ ਉਤਸ਼ਾਹਜਨਕ ਨਹੀਂ ਰਿਹਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਹ ਵੀਅਤਨਾਮ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਕਿਸੇ ਜੰਗ ਵਿਚ ਸਪਸ਼ਟ ਜਿੱਤ ਨਹੀਂ ਹਾਸਲ ਕਰ ਸਕਿਆ।

ਇਸ ਲਈ ਅਮਰੀਕਾ ਦੇ ਜ਼ਿਆਦਾਤਰ ਲੋਕ ਇਨ੍ਹਾਂ ਦੋਵਾਂ ਮੁਹਾਜ਼ਾਂ 'ਤੇ ਅਮਰੀਕਾ ਦੇ ਸੰਭਾਵੀ ਨੁਕਸਾਨ ਨੂੰ ਲੈ ਕੇ ਚਿੰਤਤ ਹਨ। ਟੈਰਿਫ ਜੰਗ ਕਾਰਨ ਹੋਣ ਵਾਲੇ ਨੁਕਸਾਨ ਤੋਂ ਵੀ ਵੱਡੀ ਚਿੰਤਾ ਉਨ੍ਹਾਂ ਵਿੱਦਿਅਕ ਸੰਸਥਾਵਾਂ ਵਿਰੁੱਧ ਵਿੱਢੀ ਗਈ ਜੰਗ ਨੂੰ ਲੈ ਕੇ ਹੈ ਜਿਨ੍ਹਾਂ ਦਾ ਅਮਰੀਕਾ ਨੂੰ ਮਹਾ-ਸ਼ਕਤੀ ਬਣਾਉਣ ਵਿਚ ਵੱਡਾ ਯੋਗਦਾਨ ਰਿਹਾ ਹੈ। ਇਸ ਵਿਚ ਦੋ-ਰਾਇ ਨਹੀਂ ਕਿ ਕੋਲੰਬੀਆ, ਹਾਰਵਰਡ ਅਤੇ ਸਟੈਨਫੋਰਡ ਵਰਗੀਆਂ ਵਿਸ਼ਵ-ਪ੍ਰਸਿੱਧ ਅਮਰੀਕੀ ਯੂਨੀਵਰਸਿਟੀਆਂ ਸ੍ਰੇਸ਼ਠਤਾ ਅਤੇ ਖੋਜ ਦੇ ਕੇਂਦਰਾਂ ਦੀ ਜਗ੍ਹਾ ਰਾਜਨੀਤੀ ਤੋਂ ਪ੍ਰੇਰਿਤ ਵਿਚਾਰਧਾਰਾਵਾਂ ਦਾ ਅਖਾੜਾ ਬਣਦੀਆਂ ਜਾ ਰਹੀਆਂ ਹਨ। ਇਸ ਕਾਰਨ ਦੇਹਾਤ ਅਤੇ ਛੋਟੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦਾ ਇਕ ਵੱਡਾ ਵਰਗ ਮੰਨਣ ਲੱਗਾ ਹੈ ਕਿ ਅਮਰੀਕਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਦੇ ਗ੍ਰੈਜੂਏਟਸ ਵਿਚ ਵੋਕ ਵਿਚਾਰਧਾਰਾ ਭਰੀ ਜਾ ਰਹੀ ਹੈ।

ਇਸ ਲਈ ਬਹਾਨਾ ਭਾਵੇਂ ਹੀ ਯਹੂਦੀ ਵਿਰੋਧ ਨੂੰ ਸਮਾਪਤ ਕਰਨ ਦਾ ਹੋਵੇ ਪਰ ਟਰੰਪ ਨੇ ਅਸਲ ਵਿਚ ਆਪਣੇ ਜਨ-ਆਧਾਰ ਨੂੰ ਬਚਾਉਣ ਲਈ ਇਹ ਜੰਗ ਛੇੜੀ ਹੈ। ਯੂਨੀਵਰਸਿਟੀਆਂ ਨੂੰ ਕਿਹਾ ਜਾ ਰਿਹਾ ਹੈ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਚੋਣ ਦੀ ਪ੍ਰਕਿਰਿਆ, ਉਨ੍ਹਾਂ ਦਾ ਵਿਚਾਰਧਾਰਕ ਪਿਛੋਕੜ, ਪਾਠਕ੍ਰਮਾਂ ਦਾ ਵਿਚਾਰਧਾਰਕ ਸੰਤੁਲਨ ਅਤੇ ਕੈਂਪਸ ਦੀਆਂ ਗਤੀਵਿਧੀਆਂ ਦਾ ਵੇਰਵਾ ਸਾਂਝਾ ਕਰਨ। ਨਾ ਕਰਨ 'ਤੇ ਕੇਂਦਰੀ ਗ੍ਰਾਂਟ ਬੰਦ ਕਰਨ, ਟੈਕਸ ਛੋਟ ਖ਼ਤਮ ਕਰਨ ਅਤੇ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਰੋਕਣ-ਰੱਦ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਅਜਿਹੀਆਂ ਸ਼ਰਤਾਂ ਮੰਨਣ ਦੇ ਬਾਵਜੂਦ ਕੋਲੰਬੀਆ ਯੂਨੀਵਰਸਿਟੀ ਦੀ ਗ੍ਰਾਂਟ ਰੋਕ ਲਈ ਗਈ। ਹਾਰਵਰਡ ਨੇ ਆਪਣੀ ਖ਼ੁਦਮੁਖਤਾਰੀ ਦਾ ਹਵਾਲਾ ਦੇ ਕੇ ਸਰਕਾਰ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ। ਇਸ ਤੋਂ ਬਾਅਦ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਰੋਕਣ ਦੇ ਸਰਕਾਰੀ ਆਦੇਸ਼ ਨੂੰ ਮੁਲਤਵੀ ਕਰ ਦਿੱਤਾ ਗਿਆ।



ਯੂਨੀਵਰਸਿਟੀਆਂ ਅਤੇ ਅਕਾਦਮੀਆਂ ਅਮਰੀਕਾ ਦੀ ਵਿਗਿਆਨਕ, ਆਰਥਿਕ ਅਤੇ ਰੱਖਿਆ ਸ਼ਕਤੀ ਦਾ ਸਰੋਤ ਰਹੀਆਂ ਹਨ। ਦੁਨੀਆ ਭਰ ਤੋਂ ਸਭ ਤੋਂ ਸ੍ਰੇਸ਼ਠ ਪ੍ਰਤਿਭਾਵਾਂ ਪੜ੍ਹਨ-ਪੜ੍ਹਾਉਣ ਅਤੇ ਖੋਜ ਕਰਨ ਇੱਥੇ ਆਉਂਦੀਆਂ ਹਨ। ਉਹ ਨਵੀਆਂ-ਨਵੀਆਂ ਖੋਜਾਂ ਕਰਦੀਆਂ ਹਨ, ਉਨ੍ਹਾਂ ਦਾ ਕਾਰੋਬਾਰ ਅਤੇ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿਚ ਇਸਤੇਮਾਲ ਕਰਦੀਆਂ ਹਨ ਅਤੇ ਅਮਰੀਕਾ ਦੇ ਵਿਕਾਸ ਨੂੰ ਗਤੀ ਦਿੰਦੀਆਂ ਹਨ। ਵਿਕਾਸ ਅਤੇ ਸ਼ਕਤੀ ਦੀ ਦੌੜ ਵਿਚ ਅਮਰੀਕਾ ਦੇ ਸਭ ਤੋਂ ਵੱਡੇ ਮੁਕਾਬਲੇਬਾਜ਼ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੀ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਹਾਰਵਰਡ ਭੇਜਿਆ ਸੀ। ਰਾਸ਼ਟਰਪਤੀ ਰੀਗਨ ਦੇ ਸ਼ਬਦਾਂ ਵਿਚ, ਅਮਰੀਕਾ ਵਿਚ ਤੁਹਾਡੇ ਪਿਛੋਕੜ ਨੂੰ ਨਹੀਂ, ਸੁਪਨਿਆਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਇਹੀ ਅਮਰੀਕਾ ਦੀ ਸਭ ਤੋਂ ਵੱਡੀ ਖਿੱਚ ਰਹੀ ਹੈ। ਇਸ ਅਕਾਦਮਿਕ ਆਜ਼ਾਦੀ 'ਤੇ ਬੰਦਿਸ਼ਾਂ ਤੇ ਨਿਗਰਾਨੀਆਂ ਲਗਾਉਣ 'ਤੇ ਪ੍ਰਤਿਭਾਵਾਂ ਦੂਜੇ ਟਿਕਾਣੇ ਖੋਜ ਲੈਣਗੀਆਂ।

ਹਿਟਲਰ ਦੇ ਜ਼ਮਾਨੇ ਤੱਕ ਵਿਗਿਆਨ ਤੇ ਖੋਜ ਵਿਚ ਸਭ ਤੋਂ ਵੱਡੀ ਤਾਕਤ ਜਰਮਨੀ ਸੀ। ਵਿਗਿਆਨ ਦੇ ਇਕ ਤਿਹਾਈ ਨੋਬਲ ਪੁਰਸਕਾਰ ਜਰਮਨ ਜਿੱਤਦੇ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਯਹੂਦੀ ਹੁੰਦੇ ਸਨ। ਹਿਟਲਰ ਦੇ ਅੱਤਿਆਚਾਰਾਂ ਤੋਂ ਭੱਜ ਕੇ ਉਹ ਸਭ ਅਮਰੀਕਾ ਚਲੇ ਗਏ ਅਤੇ ਉਦੋਂ ਤੋਂ ਅਮਰੀਕਾ ਵਿਗਿਆਨ ਤੇ ਖੋਜ ਦੀ ਸਭ ਤੋਂ ਵੱਡੀ ਤਾਕਤ ਬਣਿਆ ਹੋਇਆ ਹੈ।

ਕੁਦਰਤੀ ਹੈ ਕਿ ਵਿਗਿਆਨੀਆਂ ਦੇ ਵੱਡੇ ਪੱਧਰ 'ਤੇ ਹੋਏ ਪਰਵਾਸ ਨਾਲ ਜਿੰਨਾ ਜਰਮਨੀ ਨੂੰ ਨੁਕਸਾਨ ਹੋਇਆ, ਉਸ ਤੋਂ ਵੱਧ ਫ਼ਾਇਦਾ ਅਮਰੀਕਾ ਨੂੰ ਹੋਇਆ ਸੀ। ਵਿਗਿਆਨ ਦੇ 41 ਪ੍ਰਤੀਸ਼ਤ ਨਾਲੋਂ ਜ਼ਿਆਦਾ ਨੋਬਲ ਪੁਰਸਕਾਰ ਅਮਰੀਕੀ ਜਿੱਤਦੇ ਹਨ। ਦੁਨੀਆ ਦੀਆਂ ਸੌ ਚੋਟੀ ਦੀਆਂ ਯੂਨੀਵਰਸਿਟੀਆਂ 'ਚੋਂ 36 ਅਮਰੀਕਾ ਦੀਆਂ ਹਨ ਜੋ ਅਮਰੀਕਾ ਦੀ ਆਰਥਿਕ-ਫ਼ੌਜੀ ਤਾਕਤ ਦੀਆਂ ਨਿਰਮਾਣਸ਼ਾਲਾਵਾਂ ਹਨ। ਅਮਰੀਕਾ ਦੇ ਇਸ ਇਕਪਾਸੜ ਰਾਜ ਵਿਚ ਹੁਣ ਚੀਨ ਸੰਨ੍ਹਮਾਰੀ ਕਰ ਰਿਹਾ ਹੈ। ਵਿਗਿਆਨ ਦੇ 82 ਵੱਕਾਰੀ ਖੋਜ ਪੱਤਰਾਂ ਵਿਚ ਛਪਣ ਵਾਲੇ ਖੋਜ ਲੇਖਾਂ ਦੀ ਗੁਣਵੱਤਾ ਅਤੇ ਗਿਣਤੀ ਦੇ ਆਧਾਰ 'ਤੇ ਖੋਜ ਸੰਸਥਾਵਾਂ ਦਾ ਵਰਗੀਕਰਨ ਨੇਚਰ ਪੱਤ੍ਰਿਕਾ ਕਰਦੀ ਹੈ। ਇਸ 'ਚ ਸ਼ਾਮਲ ਪਹਿਲੀਆਂ 10 ਖੋਜ ਸੰਸਥਾਵਾਂ ਵਿਚ ਹਾਰਵਰਡ ਨੂੰ ਛੱਡ ਕੇ ਬਾਕੀ ਨੌਂ ਚੀਨ ਦੀਆਂ ਹਨ। ਗਨੀਮਤ ਹੈ ਕਿ ਹਾਰਵਰਡ ਇਸ ਤਾਲਿਕਾ ਵਿਚ ਚੋਟੀ 'ਤੇ ਹੈ।

ਨਵੀਆਂ ਕਾਢਾਂ ਦੇ ਪੇਟੈਂਟ ਦੇ ਮਾਮਲੇ ਵਿਚ ਤਾਂ ਅਮਰੀਕਾ ਚੀਨ ਦੇ ਨੇੜੇ-ਤੇੜੇ ਵੀ ਨਹੀਂ। ਉਨ੍ਹਾਂ ਲਈ ਲਗਪਗ ਅੱਧੀਆਂ ਅਰਜ਼ੀਆਂ ਹੁਣ ਇਕੱਲੇ ਚੀਨ ਤੋਂ ਆਉਂਦੀਆਂ ਹਨ। ਹਾਂ, ਪ੍ਰਤਿਭਾਵਾਂ ਨੂੰ ਖਿੱਚਣ ਵਿਚ ਅਮਰੀਕਾ ਹੁਣ ਵੀ ਚੀਨ ਤੋਂ ਬਹੁਤ ਅੱਗੇ ਹੈ। ਹਰ ਸਾਲ ਦੁਨੀਆ ਦੇ 11 ਲੱਖ ਤੋਂ ਵੱਧ ਹੋਣਹਾਰ ਵਿਦਿਆਰਥੀ ਪੜ੍ਹਨ ਤੇ ਖੋਜ ਕਰਨ ਅਮਰੀਕਾ ਆਉਂਦੇ ਹਨ।

ਇਨ੍ਹਾਂ 'ਚੋਂ ਇਕ-ਤਿਹਾਈ ਇਕੱਲੇ ਭਾਰਤ ਦੇ ਹੁੰਦੇ ਹਨ। ਭਾਰਤ ਦੇ ਨੋਬਲ ਪੁਰਸਕਾਰ ਜਿੱਤਣ ਵਾਲੇ ਅਮਰੀਕੀਆਂ 'ਚੋਂ ਇਕ ਤਿਹਾਈ ਪਰਵਾਸੀ ਹੁੰਦੇ ਹਨ। ਸਾਫਟਵੇਅਰ ਬਣਾਉਣ ਵਾਲਿਆਂ ਵਿਚ 40 ਪ੍ਰਤੀਸ਼ਤ ਪਰਵਾਸੀ ਹਨ ਅਤੇ ਕੈਂਸਰ ਸੰਸਥਾਵਾਂ ਵਿਚ 60 ਪ੍ਰਤੀਸ਼ਤ ਤੱਕ ਪਰਵਾਸੀ ਵਿਗਿਆਨੀ ਹਨ। ਅਮਰੀਕਾ ਦੀਆਂ 10 ਸਭ ਤੋਂ ਵੱਡੀਆਂ ਕੰਪਨੀਆਂ 'ਚੋਂ ਪੰਜ ਦੇ ਮੁਖੀ ਪਰਵਾਸੀ ਹਨ। ਇਨ੍ਹਾਂ 'ਚੋਂ ਦੋ ਭਾਰਤਵੰਸ਼ੀ ਹਨ। ਚਿੰਤਾ ਇਸ ਦੀ ਹੈ ਕਿ ਯੂਨੀਵਰਸਿਟੀਆਂ ਵਿਰੁੱਧ ਛਿੜੀ ਜੰਗ ਕਾਰਨ ਅਮਰੀਕਾ ਚੀਨ 'ਤੇ ਹਾਸਲ ਆਪਣੀ ਚੜ੍ਹਤ ਨੂੰ ਵੀ ਗੁਆ ਸਕਦਾ ਹੈ ਜੋ ਉਸ ਨੂੰ ਵਿਸ਼ਵ ਦੀਆਂ ਪ੍ਰਤਿਭਾਵਾਂ ਨੂੰ ਖਿੱਚਣ ਵਿਚ ਹਾਸਲ ਹੈ।

ਯੂਨੀਵਰਸਿਟੀਆਂ 'ਚ ਵਿਦੇਸ਼ੀ ਪ੍ਰਤਿਭਾਵਾਂ ਦਾ ਆਉਣਾ ਘੱਟ ਹੋਣ ਦੇ ਨਾਲ ਅਮਰੀਕੀ ਪ੍ਰਤਿਭਾਵਾਂ ਦਾ ਪਲਾਇਨ ਵੀ ਸ਼ੁਰੂ ਹੋ ਗਿਆ ਹੈ। ਬੀਤੇ ਅਪ੍ਰੈਲ ਵਿਚ ਨੇਚਰ ਰਸਾਲੇ ਦੇ ਇਕ ਸਰਵੇਖਣ ਵਿਚ ਹਿੱਸਾ ਲੈਣ ਵਾਲੇ 1,600 ਤੋਂ ਵੱਧ ਅਮਰੀਕੀ ਵਿਗਿਆਨ ਖੋਜਕਰਤਾਵਾਂ 'ਚੋਂ 75 ਪ੍ਰਤੀਸ਼ਤ ਨੇ ਕਿਹਾ ਕਿ ਉਹ ਅਮਰੀਕਾ ਛੱਡ ਕੇ ਯੂਰਪ, ਕੈਨੇਡਾ ਅਤੇ ਆਸਟ੍ਰੇਲੀਆ ਜਾਣ 'ਤੇ ਵਿਚਾਰ ਕਰ ਰਹੇ ਹਨ। ਹਾਰਵਰਡ ਸਮੇਤ ਹੋਰ ਅਮਰੀਕੀ ਯੂਨੀਵਰਸਿਟੀਆਂ 'ਚ ਦਾਖ਼ਲਾ ਲੈਣ ਵਾਲੇ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ ਹੈ।

ਅਮਰੀਕੀ ਯੂਨੀਵਰਸਿਟੀਆਂ ਵਿਚ ਪੈਦਾ ਹੋਏ ਸੰਕਟ ਦਾ ਭਾਰਤ ਲਈ ਸਭ ਤੋਂ ਵੱਡਾ ਸਬਕ ਅਤੇ ਮੌਕਾ ਇਹ ਹੈ ਕਿ ਇਸ ਨੂੰ ਆਪਣੇ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਆਪਣੇ ਵਿੱਦਿਅਕ ਅਦਾਰਿਆਂ ਵਿਚ ਖੋਜ ਤੇ ਇਨੋਵੇਸ਼ਨ ਦਾ ਪੱਧਰ ਸੁਧਾਰਨਾ ਅਤੇ ਉਸ ਨੂੰ ਨਤੀਜਾਮੁਖੀ ਬਣਾਉਣਾ ਚਾਹੀਦਾ ਹੈ।

ਭਾਰਤ ਦੀ ਇਕ ਵੀ ਯੂਨੀਵਰਸਿਟੀ ਦੁਨੀਆ ਦੀਆਂ ਸਭ ਤੋਂ ਸ੍ਰੇਸ਼ਠ 100 ਯੂਨੀਵਰਸਿਟੀਆਂ ਵਿਚ ਸ਼ੁਮਾਰ ਨਹੀਂ ਹੈ। ਜਦ ਚੀਨ ਦੀਆਂ ਪੰਜ ਯੂਨੀਵਰਸਿਟੀਆਂ ਇਸ ਤਾਲਿਕਾ ਵਿਚ ਜਗ੍ਹਾ ਬਣਾ ਸਕਦੀਆਂ ਹਨ ਤਾਂ ਭਾਰਤ ਦੀਆਂ ਕਿਉਂ ਨਹੀਂ?

ਭਾਰਤ ਨੂੰ ਆਪਣੀ ਵਿੱਦਿਅਕ ਵਿਰਾਸਤ 'ਤੇ ਮਾਣ ਹੈ। ਪਰ ਹੁਣ ਸਮੇਂ ਦੇ ਨਾਲ ਚੱਲਣ ਲਈ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ।

ਦੇਸ਼ ਦਾ ਵਿਕਾਸ ਸਿਰਫ਼ ਤਕਸ਼ਿਲਾ ਅਤੇ ਨਾਲੰਦਾ ਦੀ ਮਹੱਤਤਾ ਗਾਉਣ ਨਾਲ ਨਹੀਂ, ਅੱਜ ਦੀਆਂ ਯੂਨੀਵਰਸਿਟੀਆਂ ਨੂੰ ਉਹੋ ਜਿਹੀਆਂ ਬਣਾਉਣ ਅਤੇ ਇਹ ਯਕੀਨੀ ਕਰਨ ਨਾਲ ਹੋਵੇਗਾ ਕਿ ਉਹ ਰਾਜਨੀਤੀ ਦੇ ਅਖਾੜੇ ਬਣਨ ਦੀ ਜਗ੍ਹਾ ਪ੍ਰਯੋਗਿਕ ਖੋਜ ਅਤੇ ਇਨੋਵੇਸ਼ਨ ਦੀਆਂ ਕੇਂਦਰ ਬਣਨ।

# ਕਾਰਨੀ ਦੇ ਕਾਰਨ ਭਾਰਤ-ਕੈਨੇਡਾ ਸਬੰਧਾਂ 'ਤੇ ਜੰਮੀ ਬਰਫ਼ ਪਿਘਲੀ



ਦਰਬਾਰਾ ਸਿੰਘ ਕਾਹਲੋਂ

ਵਿਸ਼ਵ ਦੇ ਅਮੀਰ, ਵਿਕਸਤ ਤੇ ਅਜੋਕੇ ਕੌਮਾਂਤਰੀ ਸਥਾਪਤ ਨਿਜ਼ਾਮ ਦੇ ਅਤਿ ਨਾਮਵਰ ਦੇਸ਼ਾਂ ਦੇ ਸਰ-ਬਉੱਚ ਸੰਗਠਨ ਜੀ-7 ਦਾ ਸਾਲਾਨਾ ਸੰਮੇਲਨ 15 ਤੋਂ 17 ਜੂਨ ਤੱਕ ਕੈਨੇਡਾ ਦੇ ਅਲਬਰਟਾ ਪ੍ਰਾਂਤ ਦੇ ਕਨਾਨਸਕਿਸ ਕੰਟਰੀ ਵਿਖੇ ਹੋਣ ਜਾ ਰਿਹਾ ਹੈ। ਇਹ ਸੰਮੇਲਨ ਇਸ ਵਾਰ ਇਸ ਕਰਕੇ ਅਤਿ ਅਹਿਮ ਹੈ ਕਿਉਂਕਿ ਇਸ ਸਮੇਂ 21 ਜਨਵਰੀ, 2025 ਨੂੰ ਦੂਜੀ ਵਾਰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਉਪਰੰਤ ਟਰੰਪ ਨੇ ਆਪਣੀਆਂ ਧਾਕੜ, ਸਰਮਾਏਦਰਾਨਾ ਤੇ ਪਸਾਰਵਾਦੀ ਨੀਤੀਆਂ ਰਾਹੀਂ ਅਮਰੀਕਾ ਤੇ ਪੂਰੇ ਸੰਸਾਰ 'ਚ ਤਰਥੱਲੀ ਮਚਾਈ ਹੋਈ ਹੈ। ਟਰੰਪ ਟੈਰਰ ਟੈਰਿਫ ਅਤੇ ਪਰਵਾਸੀਆਂ ਪ੍ਰਤੀ ਦਮਨਕਾਰੀ ਕਾਰਵਾਈਆਂ ਕਰਕੇ ਅਮਰੀਕਾ ਅੰਦਰ ਉਸ ਦੇ ਪ੍ਰਸ਼ਾਸਨ ਵਿਰੋਧੀ ਦੂਸਰੀ ਵਾਰ ਵੱਖ-ਵੱਖ ਰਾਜਾਂ ਵਿਚ ਹਿੰਸਕ ਧਰਨੇ-ਪ੍ਰਦਰਸ਼ਨ ਜਾਰੀ ਹਨ। ਪਹਿਲੀ ਵਾਰ 5 ਅਪ੍ਰੈਲ 2025 ਨੂੰ ਉਸ ਦੇ ਨਿਜ਼ਾਮ ਵਿਰੁੱਧ 50 ਅਮਰੀਕੀ ਰਾਜਾਂ ਵਿਚ 1400 ਥਾਵਾਂ 'ਤੇ ਪ੍ਰਦਰਸ਼ਨ ਕੀਤੇ ਗਏ। ਹੁਣ ਪਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮਸਲੇ 'ਤੇ ਹਿੰਸਕ ਪ੍ਰਦਰਸ਼ਨ ਜਾਰੀ ਹਨ।

ਉਸ ਦੇ ਮਨਮਾਨੇ ਵਪਾਰਕ ਟੈਰਿਫ, ਕੈਨੇਡਾ ਨੂੰ 51ਵੇਂ ਸੂਬੇ ਵਜੋਂ, ਨਹਿਰ ਪਨਾਮਾ, ਗ੍ਰੀਨਲੈਂਡ ਜਜ਼ੀਰੇ, ਗਾਜ਼ਾ ਪੱਟੀ ਨੂੰ ਅਮਰੀਕਾ ਅਧੀਨ ਕਰਨ ਦੇ ਦਮਗਜ਼ਿਆਂ ਨੇ ਪੂਰੇ ਵਿਸ਼ਵ ਨੂੰ ਸੁੱਕਣੇ ਪਾ ਕੇ ਰੱਖ ਦਿੱਤਾ। ਕੈਨੇਡਾ ਲਗਾਤਾਰ ਪਰੇਸ਼ਾਨ ਹੈ। ਭਾਰਤ ਨੇ ਜਿੱਥੇ 7 ਬਹੁ-ਪਾਰਟੀ ਡੈਲੀਗੇਸ਼ਨ 32 ਦੇਸ਼ਾਂ ਵਿਚ ਪਾਕਿਸਤਾਨ ਨੂੰ ਵਿਸ਼ਵ ਵਿਚ ਅੱਤਵਾਦ ਪੈਦਾ ਕਰਨ ਲਈ ਪ੍ਰਮੁੱਖ ਤੌਰ 'ਤੇ ਜ਼ਿੰਮੇਵਾਰ ਸਾਬਿਤ ਕਰਨ ਲਈ ਭੇਜੇ, ਉੱਥੇ ਅਮਰੀਕਾ ਨੇ ਉਸ ਨੂੰ ਉਸ ਦਾ ਅੱਤਵਾਦ ਵਿਰੋਧੀ 'ਸ਼ਾਨਦਾਰ ਸਹਿਯੋਗੀ' ਐਲਾਨਿਆ, ਅਫ਼ਗਾਨਿਸਤਾਨ ਅੰਦਰ ਤਾਲਿਬਾਨ ਸਰਕਾਰ ਦੀਆਂ ਗਤੀਵਿਧੀਆਂ ਦਾ ਮੁਲਾਂਕਣ ਕਰਨ ਵਾਲੀ ਅਮਰੀਕਾ ਵੱਲੋਂ ਗਠਿਤ ਕਮੇਟੀ ਦਾ ਮੈਂਬਰ ਬਣਾਇਆ ਗਿਆ। ਪਾਕਿਸਤਾਨ ਇਸ ਵੇਲੇ ਯੂਐੱਨ ਸੁਰੱਖਿਆ ਕੌਂਸਲ ਦਾ ਸਹਿ ਪ੍ਰਧਾਨ ਹੈ। ਪਹਿਲਗਾਮ ਅੱਤਵਾਦੀ ਘਟਨਾ ਵਿਚ ਸ਼ਾਮਲ ਹੋਣ ਦੇ ਬਾਵਜੂਦ ਵਿਸ਼ਵ ਬੈਂਕ ਵੱਲੋਂ ਉਸ ਲਈ ਫੰਡ ਜਾਰੀ ਕੀਤੇ ਗਏ। ਇਵੇਂ ਹੀ ਆਈਐੱਮਐੱਫ ਵੱਲੋਂ ਵੀ। ਅਮਰੀਕਾ ਅੰਦਰ ਸੰਨ 1775 ਤੋਂ 'ਆਰਮੀ ਡੇਅ' ਸਮਾਰੋਹ



ਮਨਾਇਆ ਜਾਂਦਾ ਹੈ। ਇਸ ਦੀ 250ਵੀਂ ਵਰ੍ਹੇਗੰਢ ਮੌਕੇ, ਜਦੋਂ ਰਾਸ਼ਟਰਪਤੀ ਟਰੰਪ ਦਾ 79ਵਾਂ ਜਨਮ ਦਿਨ ਵੀ 14 ਜੂਨ ਨੂੰ ਮਨਾਇਆ ਜਾ ਰਿਹਾ ਹੈ, ਪਾਕਿਸਤਾਨ ਦੇ ਫ਼ੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ।

ਸ਼ਾਇਦ ਅਮਰੀਕਾ ਭੁੱਲ ਗਿਆ ਕਿ 9/11 ਦਾ ਪ੍ਰਮੁੱਖ ਦੋਸ਼ੀ ਓਸਾਮਾ-ਬਿਨ-ਲਾਦੇਨ, ਖਾਲਿਦ ਸ਼ੇਖ ਮੁਹੰਮਦ, ਰਾਮ ਜੀ ਯੂਸਫ, ਰਾਮ ਜੀ ਬਿਨ ਅੱਲ ਸ਼ਿਬ, ਮੀਰ ਆਮਲ ਕਾਂਸੀ ਅਤੇ ਹੋਰ ਖੂੰਖਾਰ ਅੱਤਵਾਦੀ ਪਾਕਿਸਤਾਨ ਅੰਦਰ ਲੁਕੇ ਮਿਲੇ। ਮੁਹੰਮਦ ਸ਼ਾਹਜ਼ੇਬਖਾਨ ਪਾਕਿਸਤਾਨੀ ਨਾਗਰਿਕ ਜੋ ਕੈਨੇਡਾ 'ਚ ਰਹਿੰਦਾ ਹੈ, ਉਸ ਦੀ ਹਵਾਲਗੀ ਦੇ ਹੁਕਮ ਅਮਰੀਕੀ ਨਿਆਂ ਵਿਭਾਗ ਵੱਲੋਂ ਕੀਤੇ ਗਏ ਹਨ।

ਭਾਰਤ ਹੀ ਨਹੀਂ, ਜੀ-7 ਸੰਗਠਨ ਵਿਚ ਸ਼ਾਮਲ ਫਰਾਂਸ, ਯੂਕੇ, ਇਟਲੀ, ਜਾਪਾਨ, ਜਰਮਨੀ ਅਤੇ ਮੇਜ਼ਬਾਨ ਕੈਨੇਡਾ ਅੱਜ ਅਮਰੀਕਾ ਅਤੇ ਇਸ ਦੇ ਰਾਸ਼ਟਰ-ਪਤੀ ਤੇ ਉਸ ਦੀਆਂ ਨੀਤੀਆਂ ਤੋਂ ਬਹੁਤ ਅਵਾਜ਼ਾਰ ਹਨ। ਉਸ ਦਾ ਸਭ ਤੋਂ ਨੇੜਲਾ ਸਹਿਯੋਗੀ ਸੁਪਰ ਕਾਰਪੋਰੇਟਰ ਐਲਨ ਮਸਕ ਜਿਸ ਨੇ ਉਸ ਦੀ ਚੋਣ ਮੁਹਿੰਮ 'ਚ ਸੰਨ 2024 ਵਿਚ 288 ਮਿਲੀਅਨ ਡਾਲਰ ਖ਼ਰਚ ਕੀਤੇ, ਜੋ ਸੰਨ 2027 'ਚ ਵਿਸ਼ਵ ਦਾ ਪਹਿਲਾ ਟ੍ਰਿਲੀਅਨੇਰ ਬਣਨ ਦਾ ਸੁਪਨਾ ਵੇਖ ਰਿਹਾ ਸੀ, ਨੂੰ ਵੀ ਨਹੀਂ ਬਖ਼ਸ਼ਿਆ। ਉਸ ਦੀ ਟੈਸਲਾ ਕਾਰ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ, ਕੰਪਨੀਆਂ 'ਤੇ ਭਾਰੀ ਟੈਕਸ ਲਗਾਏ। ਉਸ ਦਾ ਹਸ਼ਰ ਇਹ ਹੋਇਆ ਕਿ ਉਸ ਨੂੰ ਆਖ਼ਰ ਟਰੰਪ ਦੇ ਚਰਨੀਂ ਲੱਗਣਾ ਪਿਆ। ਮਾਫ਼ੀ ਮੰਗਣੀ ਪਈ। ਇਵੇਂ ਹੀ ਸਭ ਜੀ-7 ਦੇਸ਼ਾਂ ਨੂੰ ਨਹੀਂ ਬਖ਼ਸ਼ਿਆ। ਮੇਜ਼ਬਾਨ ਕੈਨੇਡਾ ਨੂੰ ਵਾਰ-ਵਾਰ ਅਮਰੀਕਾ ਦਾ 51ਵਾਂ ਸੂਬਾ ਬਣਨ ਲਈ ਧਮਕੀਆਂ ਦਿੱਤੀਆਂ, ਦਬਾਅ ਪਾਇਆ। ਗਰੀਨਲੈਂਡ (ਡੈਨਮਾਰਕ ਅਧੀਨ) ਖ਼ੁਦਮੁਖਤਾਰ ਜਜ਼ੀਰੇ ਨੂੰ ਅਮਰੀਕਾ 'ਚ ਜਬਰੀ ਸ਼ਾਮਲ ਕਰਨ ਦੀਆਂ ਧਮਕੀਆਂ ਦੇਣ ਕਰਕੇ ਯੂਰਪੀ ਯੂਨੀਅਨ, ਯੂਕੇ, ਫਰਾਂਸ, ਡੈਨਮਾਰਕ ਅਤੇ ਨਾਟੋ ਸਹਿਯੋਗੀ ਵੀ ਨਾਰਾਜ਼ ਹੋਏ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੋਮੀਰ ਜ਼ੇਲੈਂਸਕੀ ਨੂੰ ਵ੍ਹਾਈਟ ਹਾਊਸ ਬੁਲਾ ਕੇ ਬੇਇੱਜ਼ਤ ਕਰਨ, ਖਣਿਜ ਖਾਣਾਂ ਉਸ ਹਵਾਲੇ ਕਰਨ ਤੇ ਰੂਸ ਨਾਲ ਜੰਗਬੰਦੀ ਦਾ ਦਬਾਅ ਪਾਉਣ, ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਮਾਈਕਲ ਰਾਮਫੋਸਾ ਨੂੰ ਵ੍ਹਾਈਟ ਹਾਊਸ ਵਿਖੇ ਨੀਚਾ ਵਿਖਾਉਣ ਆਦਿ ਤੋਂ ਵਿਸ਼ਵ ਭਾਈਚਾਰਾ ਨਿਰਾਸ਼ ਤੇ ਨਾਰਾਜ਼ ਹੋਇਆ।

ਐਸੇ ਰਾਜਨੀਤਕ, ਵਪਾਰਕ, ਆਰਥਿਕ ਅਤੇ ਰਣਨੀਤਕ ਹਾਲਾਤ ਵਿਚ ਜੀ-7 ਦੇਸ਼ਾਂ ਦਾ ਸੰਮੇਲਨ ਅਤਿ ਮਹੱਤਵਪੂਰਨ ਹੈ ਜਿਸ ਵਿਚ ਵਿਸ਼ਵ ਦੀਆ ਸਮੱਸਿਆਵਾਂ, ਚੁਣੌਤੀਆਂ, ਵਾਤਾਵਰਨ, ਸਹਿਯੋਗ, ਊਰਜਾ ਵਪਾਰ, ਸਿਹਤ ਵਿਸ਼ਿਆਂ 'ਤੇ ਗੱਲਬਾਤ ਹੋਵੇਗੀ। ਨਵੀਆਂ ਨੀਤੀਆਂ ਦਾ ਨਿਰਮਾਣ ਹੋਵੇਗਾ।

ਮੇਜ਼ਬਾਨ ਦੇਸ਼ ਦਾ ਵਿਸ਼ੇਸ਼ ਅਧਿਕਾਰ ਹੁੰਦਾ ਹੈ ਕਿ ਕਿਸ-ਕਿਸ-ਰਾਸ਼ਟਰ ਮੁਖੀ ਨੂੰ ਜੀ-7 ਦੇਸ਼ਾਂ ਤੋਂ ਇਲਾਵਾ ਸੱਦਾ ਪੱਤਰ ਭੇਜਣਾ ਹੈ। ਸੰਨ 1975 ਵਿਚ ਫਰਾਂਸ ਵਿਖੇ ਰਾਮਬਉਲਟ ਵਿਚ ਜੀ-6 ਦੇਸ਼ਾਂ ਦਾ ਪਹਿਲਾ ਸੰਮੇਲਨ ਹੋਇਆ ਸੀ ਜਿਸ ਵਿਚ ਅਮਰੀਕਾ, ਯੂਕੇ, ਜਰਮਨੀ, ਫਰਾਂਸ, ਇਟਲੀ ਅਤੇ ਜਾਪਾਨ ਸ਼ਾਮਲ ਸਨ। ਉਸ ਸਮੇਂ ਵਿਸ਼ਵ ਨੂੰ ਵੱਡੀਆਂ ਰਾਜਨੀਤਕ ਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਅੱਜ ਵਾਂਗ ਦਰਪੇਸ਼ ਸੀ।

ਸੰਨ 1976 ਵਿਚ ਕੈਨੇਡਾ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ ਗਿਆ। ਰੂਸ ਦੀ ਸ਼ਮੂਲੀਅਤ ਨਾਲ ਇਹ ਸੰਗਠਨ ਜੀ-8 ਅਖਵਾਉਣ ਲੱਗ ਪਿਆ ਪਰ ਸੰਨ 2014 ਵਿਚ ਕ੍ਰੀਮੀਆ 'ਤੇ ਕਬਜ਼ੇ ਕਰਕੇ ਉਸ ਨੂੰ ਇਸ ਸੰਗਠਨ ਤੋਂ ਲਾਂਭੇ ਕਰ ਦਿੱਤਾ ਗਿਆ। ਅਕਸਰ ਦੂਸਰੇ ਕੁਝ ਮਹੱਤਵਪੂਰਨ ਦੇਸ਼ਾਂ ਨੂੰ ਵੀ ਇਨ੍ਹਾਂ ਸੰਮੇਲਨਾਂ ਵਿਚ ਬੁਲਾਇਆ ਜਾਂਦਾ ਹੈ। ਭਾਰਤ ਨੂੰ ਪਹਿਲੀ ਵਾਰ ਇਸ ਸੰਗਠਨ ਦੇ ਸੰਮੇਲਨ 'ਚ ਫਰਾਂਸ ਨੇ ਸੰਨ 2019 ਵਿਚ ਆਪਣੀ ਮੇਜ਼ਬਾਨੀ ਸਮੇਂ ਬੁਲਾਇਆ ਸੀ। ਉਦੋਂ ਤੋਂ ਲੈ ਕੇ ਇਸ ਨੂੰ ਲਗਾਤਾਰ ਬੁਲਾਇਆ ਜਾਂਦਾ ਹੈ।

ਭਾਰਤ ਹੁਣ ਵਿਸ਼ਵ ਦੀ ਚੌਥੀ ਵੱਡੀ

**(ਬਾਕੀ ਸਫਾ 5 'ਤੇ)**

# 2025 ਦਾ ਕੈਲੰਡਰ 1941 ਵਰਗਾ!

ਚੰਡੀਗੜ੍ਹ- ਇਸ ਸਾਲ ਦਾ ਕੈਲੰਡਰ ਹੂਬਹੂ ਸਾਲ 1941 ਵਰਗਾ ਹੋਣ ਕਰਕੇ ਇੰਟਰਨੈੱਟ 'ਤੇ ਲੋਕ ਅਲੱਗ-ਅਲੱਗ ਤਰ੍ਹਾਂ ਦੀ ਪ੍ਰਤੀਕਿਰਿਆ ਦੇ ਰਹੇ ਹਨ। ਇਸ ਸਾਲ 6 ਮਹੀਨਿਆਂ 'ਚ ਜੰਗਾਂ, ਜਹਾਜ਼ ਹਾਦਸੇ ਅਤੇ ਕੁਦਰਤੀ ਆਫਤਾਂ ਸਮੇਤ ਅਸੀਂ ਬਹੁਤ ਕੁਝ ਅਣਚਾਹਿਆ ਅਨੁਭਵ ਕਰ ਲਿਆ ਹੈ। ਹੁਣ ਤੱਕ ਬੇਸ਼ੱਕ ਇਸ ਸਾਲ ਕਾਫੀ ਕੁਝ ਮਸ਼ਕਲਾਂ ਭਰਿਆ ਰਿਹਾ ਹੈ,




ਪਰ ਇਸ ਨੂੰ ਲੈ ਕੇ ਇੰਟਰਨੈੱਟ 'ਤੇ ਲੋਕ ਵੱਖੋ-ਵੱਖਰੇ ਵਿਚਾਰ ਪ੍ਰਗਟਾ ਰਹੇ ਹਨ। ਇਸ ਸਾਲ ਦਾ ਕੈਲੰਡਰ ਹੂਬਹੂ 1941 ਦੇ ਕੈਲੰਡਰ ਵਰਗਾ ਹੈ ਅਤੇ ਇਸ ਨੂੰ ਆਲਮੀ ਤਣਾਅ ਵਾਲਾ ਸਾਲ ਵੀ ਕਿਹਾ ਜਾ ਰਿਹਾ ਹੈ। ਗ਼ੌਰਤਲਬ ਹੈ ਕਿ 1941 ਉਹ ਸਾਲ ਸੀ ਜਦ ਅਮਰੀਕਾ ਨੇ ਦੂਜੀ ਸੰਸਾਰ ਜੰਗ ਵਿਚ ਹਿੱਸਾ ਲਿਆ ਸੀ ਜਿਸ ਕਰ ਕੇ ਇਤਿਹਾਸ ਵਿੱਚ ਇੱਕ ਹੋਰ ਦੁਖਾਂਤ ਭਰੀ ਘਟਨਾ ਦਰਜ ਹੋਈ।

ਇਸ ਲਈ ਲੋਕ ਖ਼ਦਸ਼ਾ ਜਤਾ ਰਹੇ ਹਨ ਕਿ ਇਸ ਸਾਲ ਵੀ ਉਸ ਸਾਲ ਵਰਗਾ ਨਾ ਕੁਝ ਹੋ ਜਾਵੇ। ਪਰ ਜ਼ਰੂਰੀ ਨਹੀਂ ਜੋ ਸੋਸ਼ਲ ਮੀਡੀਆ 'ਤੇ ਚਰਚਾ ਵਿੱਚ ਚੱਲ ਰਹੀ ਹੈ, ਉਹ ਅਸਲੀਅਤ ਵਿੱਚ ਵੀ ਹੋਵੇ। ਦਿਨਾਂ ਦਾ ਦੁਹਰਾਇਆ ਜਾਣਾ ਆਮ ਵਰਤਾਰਾ ਹੈ। 2025 ਦਾ ਹੀ ਨਹੀਂ, ਸਗੋਂ 1969 ਦਾ ਵੀ ਕੈਲੰਡਰ ਮਿਲਦਾ-ਜੁਲਦਾ ਸੀ। ਆਖ਼ਰਕਾਰ, ਇਹ ਨੰਬਰਾਂ ਦੀ ਖੇਡ ਹੈ।

# ਵਿਦੇਸ਼ੀ ਵਿਦਿਆਰਥੀਆਂ ਲਈ ਅਮਰੀਕਾ ਨੇ ਵੀਜ਼ੇ ਮੁੜ ਸ਼ੁਰੂ ਕੀਤੇ

ਵਾਸ਼ਿੰਗਟਨ- ਅਮਰੀਕੀ ਵਿਦੇਸ਼ ਵਿਭਾਗ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਵਿਦੇਸ਼ੀਆਂ ਵਿਦਿਆਰਥੀਆਂ ਲਈ ਵੀਜ਼ਾ ਅਰਜ਼ੀਆਂ ਦੀ ਮੁਅੱਤਲ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰ ਰਿਹਾ ਹੈ। ਪਰ ਹੁਣ ਸਾਰੇ ਬਿਨੈਕਾਰਾਂ ਨੂੰ ਸਰਕਾਰੀ ਸਮੀਖਿਆ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਅਨਲਾਕ(ਸਾਂਝਾ) ਕਰਨ ਦੀ ਲੋੜ ਹੋਵੇਗੀ। ਵਿਭਾਗ ਨੇ ਕਿਹਾ ਕਿ ਕੌਂਸਲਰ ਅਧਿਕਾਰੀ ਅਜਿਹੀਆਂ ਪੋਸਟਾਂ ਅਤੇ ਸੰਦੇਸ਼ਾਂ 'ਤੇ ਨਜ਼ਰ ਰੱਖਣਗੇ ਜਿਨ੍ਹਾਂ ਨੂੰ ਸੰਯੁਕਤ ਰਾਜ, ਸਰਕਾਰ, ਸੱਭਿਆਚਾਰ, ਸੰਸਥਾਵਾਂ ਜਾਂ ਬੁਨਿਆਦੀ ਸਿਧਾਂਤਾਂ ਪ੍ਰਤੀ ਪ੍ਰਤੀਕੂਲ ਮੰਨਿਆ ਜਾ ਸਕਦਾ ਹੈ।

ਬੁੱਧਵਾਰ ਨੂੰ ਜਾਰੀ ਕੀਤੇ ਗਏ ਇੱਕ ਨੋਟਿਸ ਵਿੱਚ ਵਿਭਾਗ ਨੇ ਕਿਹਾ ਕਿ ਉਸ ਨੇ ਵਿਦਿਆਰਥੀ ਵੀਜ਼ਾ ਪ੍ਰਕਿਰਿਆ ਦੀ ਮੁਅੱਤਲੀ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਿਹਾ




ਗਿਆ ਹੈ ਕਿ ਨਵੇਂ ਬਿਨੈਕਾਰ ਜੋ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਪਬਲਿਕ ਕਰਨ ਅਤੇ ਉਨ੍ਹਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਅਜਿਹਾ ਕਰਨ ਤੋਂ ਇਨਕਾਰ ਕਰਨਾ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਉਹ ਲੋੜ ਤੋਂ ਬਚਣ ਜਾਂ ਆਪਣੀ ਆਨਲਾਈਨ ਗਤੀਵਿਧੀ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਅਮਰੀਕਾ ਵਿੱਚ ਪੜ੍ਹਨ ਦੀ ਉਮੀਦ ਕਰ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਇੰਟਰਵਿਊਆਂ ਦੀ ਸਮਾਂ-ਸੂਚੀ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ, ਜਦੋਂ ਕਿ ਉਹਨਾਂ ਦੀ ਸੋਸ਼ਲ ਮੀਡੀਆ 'ਤੇ ਗਤੀਵਿਧੀ ਦੀ ਜਾਂਚ ਨੂੰ ਵਧਾਉਣ ਦੀ ਤਿਆਰੀ ਕਰ ਰਹੇ ਸਨ।

# ਟਰੰਪ ਨੇ ਮੰਨਿਆ, ਭਾਰਤ-ਪਾਕਿਸਤਾਨ ਦੇ ਆਗੂਆਂ ਨੇ ਖ਼ੁਦ ਰੋਕਿਆ ਟਕਰਾਅ

ਨਿਊਯਾਰਕ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਦੋ 'ਬਹੁਤ ਸਮਝਦਾਰ' ਆਗੂਆਂ ਨੇ ਅਜਿਹਾ ਟਕਰਾਅ ਰੋਕਣ ਦਾ ਫ਼ੈਸਲਾ ਲਿਆ, ਜੋ ਪਰਮਾਣੂ ਜੰਗ 'ਚ ਬਦਲ ਸਕਦਾ ਸੀ। ਕੁਝ ਹਫ਼ਤਿਆਂ 'ਚ ਇਹ ਪਹਿਲੀ ਵਾਰ ਹੈ, ਜਦੋਂ ਟਰੰਪ ਨੇ ਦੋਵੇਂ ਗੁਆਂਢੀ ਮੁਲਕਾਂ ਵਿਚਕਾਰ ਟਕਰਾਅ ਰੋਕਣ ਦਾ ਖ਼ੁਦ ਸਿਹਰਾ ਨਹੀਂ ਲਿਆ ਹੈ। ਟਰੰਪ ਨੇ ਬੁੱਧਵਾਰ ਨੂੰ ਵ੍ਹਾਈਟ ਹਾਊਸ 'ਚ ਪਾਕਿਸਤਾਨੀ ਫੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਦੁਪਹਿਰ ਦੇ ਭੋਜਨ 'ਤੇ ਮੇਜ਼ਬਾਨੀ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਇਹ ਗੱਲ ਆਖੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਮੁਨੀਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ 'ਮਾਣ' ਮਹਿਸੂਸ ਹੋਇਆ ਹੈ। ਉਨ੍ਹਾਂ ਪਾਕਿਸਤਾਨੀ ਫੌਜ ਮੁਖੀ ਨਾਲ ਇਰਾਨ-ਇਜ਼ਰਾਈਲ ਟਕਰਾਅ ਤੋਂ ਪੈਦਾ ਹੋਏ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨ ਦਾ ਦਾਅਵਾ ਕੀਤਾ। ਇਹ ਕਿਆਸੇ ਲਾਏ ਜਾ ਰਹੇ ਹਨ ਕਿ ਤਹਿਰਾਨ 'ਤੇ ਜੇ ਅਮਰੀਕਾ ਵੱਲੋਂ ਹਮਲੇ ਕੀਤੇ ਗਏ ਤਾਂ ਉਹ ਪਾਕਿਸਤਾਨੀ ਫੌਜੀ ਅੱਡਿਆਂ ਦੀ ਵਰਤੋਂ ਕਰ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੀ



ਸ਼ਲਾਘਾ ਕੀਤੀ ਅਤੇ ਉਨ੍ਹਾਂ ਮੰਗਲਵਾਰ ਰਾਤ ਭਾਰਤੀ ਆਗੂ ਨਾਲ ਫੋਨ 'ਤੇ ਹੋਈ ਗੱਲਬਾਤ ਦਾ ਹਵਾਲਾ ਵੀ ਦਿੱਤਾ। ਟਰੰਪ ਅਤੇ ਮੁਨੀਰ ਦੀ ਵਾਰਤਾ ਦੌਰਾਨ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਅਮਰੀਕਾ ਦੇ ਮੱਧ ਪੂਰਬ ਮਾਮਲਿਆਂ ਦੇ ਵਿਸ਼ੇਸ਼ ਨੁਮਾਇੰਦੇ ਸਟੀਵ ਵਿਟਕੌਫ ਅਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਮੁਖੀ ਤੇ ਕੌਮੀ ਸੁਰੱਖਿਆ ਸਲਾਹਕਾਰ ਲੈਫ਼ਟੀਨੈਂਟ ਜਨਰਲ ਆਸਿਮ ਮਲਿਕ ਵੀ ਹਾਜ਼ਰ ਸਨ। ਟਰੰਪ ਦੇ ਬਿਆਨਾਂ ਤੋਂ ਸਪੱਸ਼ਟ ਹੈ ਕਿ ਮੁਨੀਰ ਨਾਲ ਮੀਟਿੰਗ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਮਹੀਨੇ ਹੋਏ ਟਕਰਾਅ ਤੇ ਇਰਾਨ-ਇਜ਼ਰਾਈਲ ਸੰਘਰਸ਼ ਤੋਂ ਪੈਦਾ ਹੋਏ ਹਾਲਾਤ ਦਾ ਮਾਮਲਾ ਵੀ ਉਭਰਿਆ। ਟਰੰਪ ਨੇ ਕਿਹਾ, ''ਮੈਂ ਮੁਨੀਰ ਨੂੰ ਇਥੇ ਸੱਦ ਕੇ ਜੰਗ ਖ਼ਤਮ ਕਰਨ ਲਈ ਧੰਨਵਾਦ ਦੇਣਾ ਚਾਹੁੰਦਾ ਸੀ। ਮੈਂ ਪ੍ਰਧਾਨ ਮੰਤਰੀ ਮੋਦੀ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ। ਅਸੀਂ ਭਾਰਤ ਅਤੇ ਪਾਕਿਸਤਾਨ ਨਾਲ ਵਪਾਰ ਸਮਝੌਤੇ 'ਤੇ ਕੰਮ ਕਰ ਰਹੇ ਹਾਂ।''

ਮੁਨੀਰ ਨਾਲ ਇਰਾਨ ਮਸਲੇ ਬਾਰੇ ਵਿਚਾਰ ਵਟਾਂਦਰਾ ਹੋਣ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ 'ਚ ਟਰੰਪ ਨੇ ਕਿਹਾ, ''ਪਾਕਿਸਤਾਨ ਬਹੁਤਿਆਂ ਨਾਲੋਂ ਇਰਾਨ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਉਨ੍ਹਾਂ ਦੇ ਇਜ਼ਰਾਈਲ ਨਾਲ ਵੀ ਸਬੰਧ ਮਾੜੇ ਨਹੀਂ ਹਨ ਪਰ ਉਹ ਇਰਾਨ ਨੂੰ ਚੰਗੀ ਤਰ੍ਹਾਂ ਜਾਣਦੇ ਹਨ।''


# ਕੇਸਰ ਬਾਜ਼ਾਰ ਫਾਰਮਰਜ਼ ਮਾਰਕੀਟ




ਕੇਸਰ ਬਾਜ਼ਾਰ ਫਾਰਮਰਜ਼ ਮਾਰਕੀਟ ਦੇ ਮਾਲਕ ਅਤੇ ਸਾਰੇ ਕੰਮ ਕਰਨ ਵਾਲੇ ਸਹਾਇਕ ਲੜਕੇ-ਲੜਕੀਆਂ। ਇਹਨਾਂ ਦੇ ਸਟੋਰ ਤੇ ਇਕ ਵਾਰ ਜਾਵੋਗੇ ਤੇ ਉਹਨਾਂ ਦੀ ਸਰਵਿਸ ਤੁਹਾਨੂੰ ਚੰਗੀ ਲੱਗੇਗੀ।

ਕੇਸਰ ਬਾਜ਼ਾਰ ਵਿਚ ਹੀ ਇਕ ਰੈਸਟੋਰੈਂਟ ''ਲਾਲਾ ਜੀ ਰੈਸਟੋਰੈਂਟ'' ਵੀ ਖੁੱਲ੍ਹਿਆ ਹੋਇਆ ਹੈ ਜੋ ਸਵੇਰੇ ਤੋਂ ਸ਼ਾਮ ਤੱਕ ਤੁਹਾਡੀਆਂ ਖਾਣ-ਪੀਣ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਰੈਸਟੋਰੈਂਟ ਵੱਲੋਂ ਚਾਹ ਦਾ ਲੰਗਰ ਤੁਹਾਡੇ ਲਈ ਹਰ ਵੇਲੇ ਲੱਗਾ ਰਹਿੰਦਾ ਹੈ। ਤੁਸੀਂ ਕੇਸਰ ਬਾਜ਼ਾਰ ਦਾ ਇਕ ਵਾਰ ਚੱਕਰ ਜ਼ਰੂਰ ਲਾਵੋ ਤੇ ਉਸ ਦੀ ਚੰਗੀ ਸਰਵਿਸ ਨੂੰ ਮਾਣੋ।

210, South Main St., Manteca (CA) 95336
209-900-5225

Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals

Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਮੱਧ ਏਸ਼ੀਆ ਵਿਚ ਫਿਰ ਜੰਗ

ਜੰਗਾਂ-ਯੁੱਧ ਇਸ ਪ੍ਰਕਿਰਤੀ ਦਾ ਹਿੱਸਾ ਤਾਂ ਹਨ ਪਰ ਇਹਨਾਂ ਜੰਗਾਂ ਨੇ ਮਨੁੱਖਤਾ ਦਾ ਬਹੁਤ ਨਾਸ਼ ਕੀਤਾ ਹੈ। ਕੋਈ ਵੀ ਸਮਾਜ ਮਿਹਨਤ ਕਰਕੇ ਅੱਗੇ ਵਧਦਾ ਹੈ ਪਰ ਜਿਉਂ ਹੀ ਜੰਗ ਆਰੰਭ ਹੋ ਜਾਂਦੀ ਹੈ ਤਾਂ ਸਾਰਾ ਤਾਣਾ-ਬਾਣਾ ਖਿੱਲਰ ਜਾਂਦਾ ਹੈ। ਦੁਨੀਆਂ ਨੇ ਬੜੀ ਕੋਸ਼ਿਸ਼ ਕੀਤੀ ਕਿ ਜੰਗਾਂ ਨਾ ਹੋਣ ਪਰ ਇਹ ਰੁਕ ਨਹੀਂ ਸਕਦੀਆਂ ਕਿਉਂਕਿ ਜੰਗਾਂ-ਯੁੱਧਾਂ ਵਿਚ ਹਥਿਆਰਾਂ ਦਾ ਵਪਾਰ ਬਹੁਤ ਗਹਿਰਾ ਅਸਰ ਕਰ ਰਿਹਾ ਹੈ।ਹੁਣ ਇਜ਼ਰਾਈਲ ਅਤੇ ਇਰਾਨ ਦੀ ਜੰਗ ਆਰੰਭ ਹੋ ਗਈ ਹੈ। ਇਸ ਜੰਗ ਕਾਰਨ ਏਸ਼ੀਆ ਵਿਚ ਤੇਲ ਅਤੇ ਗੈਸ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਉਸ ਦੀ ਹੋਂਦ ਦਾ ਸਵਾਲ ਹੈ ਕਿਉਂਕਿ ਇਰਾਨ ਪਰਮਾਣੂ ਬੰਬ ਬਣਾ ਕੇ ਉਸ 'ਤੇ ਸੁੱਟਣਾ ਚਾਹੁੰਦਾ ਹੈ। ਇਰਾਨ ਇਸ ਤੋਂ ਇਨਕਾਰ ਨਹੀਂ ਕਰ ਰਿਹਾ। ਦੋਵੇਂ ਮੁਲਕਾਂ ਵਿਚ ਮਿਜ਼ਾਇਲਾਂ ਅਤੇ ਬੰਬਾਂ ਨਾਲ ਤਬਾਹੀ ਫੈਲ ਰਹੀ ਹੈ ਅਤੇ ਹੁਣ ਇੰਤਜ਼ਾਰ ਅਮਰੀਕਾ ਦੇ ਦਾਖਲ ਹੋਣ ਦਾ ਹੈ। ਜੇਕਰ ਅਮਰੀਕਾ ਅਤੇ ਯੂਰਪ ਇਸ ਜੰਗ ਵਿਚ ਸਿੱਧਾ ਦਾਖਲ ਹੁੰਦਾ ਹੈ ਤਾਂ ਚੀਨ ਅਤੇ ਰੂਸ ਵੀ ਸ਼ਾਮਲ ਹੋ ਸਕਦੇ ਹਨ ਤਾਂ ਦੂਜੀ ਸੰਸਾਰ ਜੰਗ ਆਰੰਭ ਹੋ ਜਾਵੇਗੀ। ਬਾਕੀ ਦੁਨੀਆਂ ਦੇ ਛੋਟੇ-ਮੋਟੇ ਮੁਲਕ ਵੀ ਦੋਵੇਂ ਧਿਰਾਂ ਦੁਆਲੇ ਸਿਮਟ ਸਕਦੇ ਹਨ। ਭਾਰਤ ਅਤੇ ਪਾਕਿਸਤਾਨ ਵਿਚਕਾਰ ਪਹਿਲਾਂ ਹੀ ਤਣਾਅ ਬਰਕਰਾਰ ਹੈ।

ਇਜ਼ਰਾਈਲ ਅਤੇ ਇਰਾਨ ਵਿਚਕਾਰ ਨਾ ਤਾਂ ਕੋਈ ਜ਼ਮੀਨੀ ਵਿਵਾਦ ਹੈ ਅਤੇ ਨਾ ਹੀ ਕੋਈ ਲੈਣ-ਦੇਣ ਦਾ ਝਗੜਾ ਬਲਕਿ ਇਹ ਧਰਮ ਦਾ ਮਸਲਾ ਹੈ। ਇਜ਼ਰਾਈਲ ਜੋ ਕਿ ਯਹੂਦੀ ਰਾਸ਼ਟਰ ਹੈ, ਜਦੋਂ 1948 ਵਿਚ ਹੋਂਦ ਵਿਚ ਆਇਆ, ਉਸ ਤੋਂ 1 ਸਾਲ ਬਾਅਦ ਹੀ ਜੰਗਾਂ ਵਿਚ ਉਲਝ ਗਿਆ ਅਤੇ ਹੁਣ ਤੱਕ ਲਗਾਤਾਰ ਜੰਗਾਂ ਹੀ ਲੜਦਾ ਆ ਰਿਹਾ ਹੈ। ਕੁਝ ਸਾਲ ਪਹਿਲਾਂ ਸਾਊਦੀ ਅਰਬ ਅਤੇ ਯੂ. ਏ. ਈ. ਦੁਆਰਾ ਇਜ਼ਰਾਈਲ ਨਾਲ ਸੁਲਾਹ-ਸਫਾਈ ਕਰ ਲੈਣ ਤੋਂ ਬਾਅਦ ਹੁਣ ਇਰਾਨ ਹੀ ਉਸ ਦਾ ਸਿੱਧਾ ਦੁਸ਼ਮਣ ਰਹਿ ਗਿਆ ਹੈ। ਹੋਰ ਵੀ ਕੋਈ ਮੁਸਲਿਮ ਮੁਲਕ ਇਜ਼ਰਾਈਲ ਦਾ ਦੁਸ਼ਮਣ ਹੋ ਸਕਦਾ ਹੈ ਪਰ ਉਸ ਨਾਲ ਲੜਨ ਲਈ ਸਾਹਮਣੇ ਨਹੀਂ ਆਉਂਦਾ, ਇਸ ਕਰਕੇ ਇਜ਼ਰਾਈਲ ਦੁਆਰਾ ਇਰਾਨ ਨੂੰ ਝੁਕਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ। ਇਸ ਕਰਕੇ ਹੀ ਇਜ਼ਰਾਈਲ ਨੇ ਇਰਾਨ 'ਤੇ ਹਮਲਾ ਕੀਤਾ ਹੈ। ਇਹ ਤਾਂ ਉਹ ਕਾਰਨ ਹੈ ਜੋ ਦਿਸਦਾ ਹੈ, ਅਸਲ ਵਿਚ ਮੁਸਲਿਮ ਅਤੇ ਗੈਰ-ਮੁਸਲਿਮ ਦੀ ਇਹ ਜੰਗ ਬਹੁਤ ਪੁਰਾਣੀ ਹੈ। ਲੱਗਭੱਗ 1500 ਸਾਲਾਂ ਤੋਂ ਮੁਸਲਿਮ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਤੇ ਹਮਲੇ ਕਰਦੇ ਆ ਰਹੇ ਹਨ ਪਰ ਜਦੋਂ ਇੰਗਲੈਂਡ ਦਾ ਉਭਾਰ ਹੋਇਆ ਤਾਂ ਇੰਗਲੈਂਡ ਨੇ ਆਟੋਮਨ ਅੰਪਾਇਰ ਦਾ ਖਾਤਮਾ ਕਰ ਦਿੱਤਾ, ਜਿਸ ਤੋਂ ਬਾਅਦ ਮੁਸਲਿਮ ਆਬਾਦੀ ਵਾਲੇ ਖਿੱਤਿਆਂ ਤੋਂ ਦੁਨੀਆ 'ਤੇ ਸਿੱਧੇ ਹਮਲੇ ਤਾਂ ਘਟ ਗਏ, ਪਰ ਵਿਚਾਰ ਹਾਲੇ ਵੀ ਜਿੰਦਾ ਹੈ ਅਤੇ ਉਸ ਦਾ ਹੀ ਨਤੀਜਾ ਹੈ ਕਿ ਕਦੀ ਇਜ਼ਰਾਈਲ ਅਤੇ ਅਰਬ ਮੁਲਕ ਅਤੇ ਕਦੀ ਭਾਰਤ ਅਤੇ ਪਾਕਿਸਤਾਨ ਆਪਸ ਵਿਚ ਲੜਦੇ ਰਹਿੰਦੇ ਹਨ। ਹੁਣ ਬਹੁਤ ਸਾਰੇ ਮੁਸਲਿਮ ਮੁਲਕ ਵੀ ਸਿਆਣੇ ਹੋ ਰਹੇ ਹਨ ਅਤੇ ਜੰਗਾਂ ਤੋਂ ਕਿਨਾਰਾ ਕਰਨ ਲੱਗ ਪਏ ਹਨ ਪਰ ਹਾਲੇ ਵੀ ਇਹ ਚਿਣਗ ਬਾਕੀ ਹੈ ਅਤੇ ਕਿਤੇ ਨਾ ਕਿਤੇ ਟੁੱਟਦੀ ਰਹਿੰਦੀ ਹੈ, ਇਸ ਵਿਚ ਬਲਦੀ 'ਤੇ ਘਿਓ ਦਾ ਕੰਮ ਕਰ ਰਿਹਾ ਹੈ ਹਥਿਆਰਾਂ ਦਾ ਵਪਾਰ, ਜੋ ਦੁਨੀਆਂ ਵਿਚ ਸਭ ਤੋਂ ਜ਼ਰੂਰੀ ਹੈ ਅਤੇ ਸਭ ਤੋਂ ਮਹਿੰਗਾ ਵਪਾਰ ਹੈ।

**-ਬਲਬੀਰ ਸਿੰਘ ਐਮ ਏ**

# ਭਾਰਤ-ਅਮਰੀਕਾ ਰਿਸ਼ਤੇ ਅਤੇ ਪਾਕਿਸਤਾਨ



ਜਯੋਤੀ ਮਲਹੋਤਰਾ

ਪਿਛਲੇ ਦੋ ਹਫ਼ਤਿਆਂ ਦੌਰਾਨ ਭਾਰਤ ਦੇ 40 ਤੋਂ ਵੱਧ ਸਿਆਸਤਦਾਨਾਂ ਅਤੇ ਸਾਬਕਾ ਡਿਪਲੋਮੈਟਾਂ ਦੇ ਸੱਤ ਵਫ਼ਦਾਂ ਨੇ ਅਪਰੇਸ਼ਨ ਸਿੰਧੂਰ 'ਚ ਪਾਕਿਸਤਾਨ ਖਿਲਾਫ਼ ਭਾਰਤ ਦੀ ਕਾਰਵਾਈ ਬਾਰੇ ਦੱਸਣ ਲਈ 33 ਦੇਸ਼ਾਂ ਦਾ ਦੌਰਾ ਕੀਤਾ ਹੈ। ਇਸ ਦੇ ਬਾਵਜੂਦ ਪਾਕਿਸਤਾਨ ਦੇ ਫੌਜ ਮੁਖੀ ਤੇ ਹੁਣ ਫੀਲਡ ਮਾਰਸ਼ਲ, ਜਨਰਲ ਆਸਿਮ ਮੁਨੀਰ ਨੂੰ ਅੱਜ (14 ਜੂਨ) ਵਾਸ਼ਿੰਗਟਨ ਡੀਸੀ ਵਿਚ ਅਮਰੀਕੀ ਸੈਨਾ ਦੀ 250ਵੀਂ ਵਰ੍ਹੇਗੰਢ ਪਰੇਡ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

ਇਹ ਪਰੇਡ 1991 ਤੋਂ ਬਾਅਦ ਪਹਿਲੀ ਵਾਰ ਹੋ ਰਹੀ ਹੈ, ਜਿਸ ਵਿੱਚ 6,600 ਸਿਪਾਹੀ, 28 ਅਬਰਾਮ ਟੈਂਕ, 28 ਬ੍ਰੈਡਲੇ ਲੜਾਕੂ ਵਾਹਨ, 28 ਸਟ੍ਰਾਈਕਰ ਵਾਹਨ, ਚਾਰ ਪੈਲਾਡਿਨ ਸੈਲਫ-ਪ੍ਰੋਪੈਲਡ ਹੌਵਿਟਜ਼ਰਜ਼, ਅੱਠ ਮਾਰਚਿੰਗ ਬੈਂਡ, 24 ਘੋੜੇ, ਦੋ ਖੱਚਰ ਅਤੇ ਇੱਕ ਕੁੱਤਾ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਕੁਝ ਰਾਕੇਟ ਲਾਂਚਰ ਅਤੇ ਗਾਈਡਡ ਮਿਜ਼ਾਈਲਾਂ ਵੀ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਇਸੇ ਦਿਨ ਡੋਨਲਡ ਟਰੰਪ ਦਾ 79ਵਾਂ ਜਨਮ ਦਿਨ ਵੀ ਹੈ।

ਇਸੇ ਦੌਰਾਨ, ਸੰਸਦੀ ਮੈਂਬਰਾਂ ਦੇ ਸਾਰੇ ਸੱਤ ਵਫ਼ਦ ਦੇਸ਼ ਪਰਤ ਆਏ ਹਨ ਅਤੇ ਉਨ੍ਹਾਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਹੈ। ਭਾਜਪਾ ਦੇ ਰਵੀ ਸ਼ੰਕਰ ਪ੍ਰਸਾਦ, ਜਿਨ੍ਹਾਂ ਲੰਡਨ, ਪੈਰਿਸ, ਰੋਮ, ਕੋਪਨਹੇਗਨ, ਬਰਲਿਨ ਅਤੇ ਯੂਰੋਪੀਅਨ ਯੂਨੀਅਨ ਦੀ ਯਾਤਰਾ ਕੀਤੀ, ਨੇ ਵਾਪਸੀ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇਨ੍ਹਾਂ ਸਾਰੇ ਯੂਰੋਪੀਅਨ ਸ਼ਹਿਰਾਂ ਵਿੱਚ ਆਪਣੇ ਵਾਰਤਾਕਾਰਾਂ ਨੂੰ ਅਤਿਵਾਦ ਪ੍ਰਤੀ ਭਾਰਤ ਦੀ 'ਜ਼ੀਰੋ-ਟਾਲਰੈਂਸ' ਨੀਤੀ ਬਾਰੇ ਦੱਸਿਆ ਹੈ। ਪ੍ਰਸਾਦ ਨੇ ਕਿਹਾ, "ਅਸੀਂ ਸਪੱਸ਼ਟ ਕੀਤਾ ਕਿ ਅਸੀਂ ਪਾਕਿਸਤਾਨੀ ਲੋਕਾਂ ਦੇ ਵਿਰੁੱਧ ਨਹੀਂ ਹਾਂ। ਸਮੱਸਿਆ ਪਾਕਿਸਤਾਨ ਦੇ ਜਨਰਲ ਹਨ, ਜਿਨ੍ਹਾਂ ਤੋਂ ਪਾਕਿਸਤਾਨ ਦੇ ਲੋਕ ਵੀ ਤੰਗ ਆ ਚੁੱਕੇ ਹਨ।" ਹਾਲਾਂਕਿ, ਪ੍ਰਸਾਦ ਨੇ ਸ਼ਾਇਦ ਹਾਲ ਦੀਆਂ ਖ਼ਬਰਾਂ ਨੂੰ ਧਿਆਨ ਨਾਲ ਨਹੀਂ ਪੜ੍ਹਿਆ। ਸਿਰਫ ਇੱਕ ਦਿਨ ਪਹਿਲਾਂ ਵਾਸ਼ਿੰਗਟਨ ਡੀਸੀ ਵਿੱਚ ਅਮਰੀਕਾ ਦੀ ਕੇਂਦਰੀ ਕਮਾਨ ਦੇ ਸ਼ਕਤੀਸ਼ਾਲੀ ਕਮਾਂਡਰ ਜਨਰਲ ਮਾਈਕਲ ਈ। ਕੁਰਿੱਲਾ ਨੇ ਅਮਰੀਕੀ ਸੈਨੇਟ ਦੀ ਹਥਿਆਰਬੰਦ ਸੇਵਾਵਾਂ ਬਾਰੇ ਕਮੇਟੀ ਨੂੰ ਦੱਸਿਆ ਕਿ ਪਾਕਿਸਤਾਨ ਇੱਕ "ਬਹੁਤ ਸ਼ਾਨਦਾਰ ਭਾਈਵਾਲ" ਹੈ, ਖਾਸ ਕਰ ਕੇ ਅਤਿਵਾਦ ਵਿਰੋਧੀ ਮੋਰਚੇ 'ਤੇ।



ਕੁਰਿੱਲਾ ਨੇ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਇਹ ਕੋਈ 'ਬਾਇਨਰੀ ਸਵਿੱਚ' ਹੈ ਕਿ ਜੇ ਸਾਡਾ ਭਾਰਤ ਨਾਲ ਰਿਸ਼ਤਾ ਹੈ ਤਾਂ ਅਸੀਂ ਪਾਕਿਸਤਾਨ ਨਾਲ ਰਿਸ਼ਤਾ ਨਹੀਂ ਰੱਖ ਸਕਦੇ।" ਕੁਝ ਦਿਨ ਪਹਿਲਾਂ, ਕੁਰਿੱਲਾ ਦੇ ਬੌਸ, ਡੋਨਲਡ ਟਰੰਪ ਨੇ ਐਲਾਨ ਕੀਤਾ ਸੀ, "ਪਾਕਿਸਤਾਨ ਦੀ ਲੀਡਰਸ਼ਿਪ ਬਹੁਤ ਮਜ਼ਬੂਤ ਹੈ। ਕੁਝ ਲੋਕਾਂ ਨੂੰ ਪਸੰਦ ਨਹੀਂ ਆਉਂਦਾ ਜਦੋਂ ਮੈਂ ਇਹ ਕਹਿੰਦਾ ਹਾਂ, ਪਰ ਜੋ ਹੈ ਸੋ ਹੈ। ਅਤੇ ਉਨ੍ਹਾਂ ਨੇ ਉਹ ਜੰਗ ਰੋਕ ਦਿੱਤੀ। ਮੈਨੂੰ ਉਨ੍ਹਾਂ 'ਤੇ ਬਹੁਤ ਮਾਣ ਹੈ। ਕੀ ਮੈਨੂੰ ਸਿਹਰਾ ਮਿਲ ਰਿਹਾ ਹੈ?...।ਨਹੀਂ। ਉਹ ਮੈਨੂੰ ਕਿਸੇ ਵੀ ਗੱਲ ਦਾ ਸਿਹਰਾ ਨਹੀਂ ਦਿੰਦੇ।" ...ਤਾਂ ਫਿਰ, ਭਾਰਤ ਅਤੇ ਅਮਰੀਕਾ ਦੀ ਚਰਚਿਤ 'ਰਣਨੀਤਕ ਭਾਈਵਾਲੀ' ਦਾ ਕੀ ਬਣਿਆ? ਇਸ ਤੋਂ ਇਲਾਵਾ, ਕੀ ਭਾਰਤ ਅਤੇ ਪਾਕਿਸਤਾਨ ਵਿਚਾਲੇ 'ਹਾਈਫਨ' ਫੇਰ ਵਾਪਸ ਆ ਗਿਆ ਹੈ?

ਵੱਡਾ ਸਵਾਲ ਇਹ ਹੈ ਕਿ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਜੇ ਵੀ ਅਜਿਹੇ ਦੇਸ਼ ਦੇ ਮੋਹ ਵਿੱਚ ਕਿਉਂ ਫਸ ਰਿਹਾ ਹੈ ਜਿਸ ਦਾ ਅਰਥਚਾਰਾ ਗਹਿਰੇ ਸੰਕਟ ਵਿਚ ਹੈ (ਇਸ ਨੇ ਕੌਮਾਂਤਰੀ ਮੁਦਰਾ ਫੰਡ ਤੋਂ 25 ਵਾਰ ਕਰਜ਼ੇ ਲਏ ਹਨ), ਜੋ ਸਿਰਫ ਨਾਮ ਦਾ ਲੋਕਤੰਤਰ ਹੈ ਅਤੇ ਭਾਰਤ ਦੇ ਅੰਦਰ ਅਤਿਵਾਦੀ ਹਮਲੇ ਕਰਨ ਦੀਆਂ ਯੋਜਨਾਵਾਂ ਘੜਦਾ ਰਹਿੰਦਾ ਹੈ, ਜਿਸ ਦੀ ਤਾਜ਼ਾ ਮਿਸਾਲ ਪਹਿਲਗਾਮ 'ਚ ਹੋਇਆ ਘਿਨਾਉਣਾ ਅਤਿਵਾਦੀ ਹਮਲਾ ਹੈ।

ਯਕੀਨੀ ਤੌਰ 'ਤੇ ਦਾਲ ਵਿਚ ਕੁਝ ਕਾਲਾ ਹੈ- ਘੱਟੋ-ਘੱਟ 2008 ਤੋਂ, ਜਦ ਤੋਂ ਭਾਰਤ ਅਤੇ ਅਮਰੀਕਾ ਨੇ ਪਰਮਾਣੂ ਸਮਝੌਤਾ ਸਹੀਬੱਧ ਕੀਤਾ ਹੈ, ਅਮਰੀਕਾ ਅਤੇ ਭਾਰਤ ਇਕ ਦੂਜੇ ਨਾਲ ਭਾਈਵਾਲੀ ਲਈ ਉਤਸੁਕ ਰਹੇ ਹਨ। ਇਹ ਭਾਈਵਾਲੀ ਸਿਰਫ਼ ਇਸ ਗੱਲ ਦੀ ਨਹੀਂ ਸੀ ਕਿ ਭਾਰਤ ਕਿੰਨੇ ਬੋਇੰਗ ਖਰੀਦ ਸਕਦਾ ਸੀ, ਹਾਲਾਂਕਿ ਇਹ ਵੀ ਇਕ ਮਹੱਤਵਪੂਰਨ ਪਹਿਲੂ ਰਿਹਾ ਹੋਵੇਗਾ। ਅਮਰੀਕਾ ਨੇ ਭਾਰਤ ਨਾਲ ਇੱਕ ਪਾਏਦਾਰ ਰਿਸ਼ਤੇ ਦੀ ਅਹਿਮੀਅਤ ਨੂੰ ਪਛਾਣਿਆ, ਜੋ ਲੈਣ-ਦੇਣ ਵਾਲੇ ਸਬੰਧਾਂ ਤੋਂ ਪਰ੍ਹੇ ਸੀ, ਜਿਸ 'ਚ ਪੇਈਚਿੰਗ ਦੇ ਟਾਕਰੇ ਲਈ ਦਿੱਲੀ ਨੂੰ ਤਰਜੀਹ ਦਿੱਤੀ ਗਈ।

ਪਰ ਜਿਸ ਤਰ੍ਹਾਂ ਟਰੰਪ ਆਪਣੇ ਲੈਣ-ਦੇਣ ਵਾਲੇ ਸੁਭਾਅ ਨਾਲ ਦੁਨੀਆ ਨੂੰ ਹੇਠ-ਉਤੇ ਕਰ ਰਹੇ ਹਨ, ਉਸ 'ਚ ਪਾਕਿਸਤਾਨ ਨੂੰ ਇੱਕ ਨਵਾਂ ਮੌਕਾ ਨਜ਼ਰ ਆਇਆ ਹੈ। ਹਿਲੇਰੀ ਕਲਿੰਟਨ ਨੇ 2012 ਵਿੱਚ ਪਾਕਿਸਤਾਨ ਬਾਰੇ ਦੁਬਿਧਾ ਨੂੰ ਬਿਆਨਦਿਆਂ ਕਿਹਾ ਸੀ , "ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਆਪਣੇ ਵਿਹੜੇ ਵਿੱਚ ਕਿੰਨੇ ਸੱਪ ਪਾਲ਼ੇ ਹੋਏ ਹਨ, ਪਰ ਗੱਲ ਤਾਂ ਇਹ ਹੈ ਕਿ ਉਹ ਤੁਹਾਨੂੰ ਵੀ ਡੰਗ ਸਕਦੇ ਹਨ।" ਹੁਣ ਇੱਕ ਵਾਰੀ ਫਿਰ, ਇਹ ਇਸ ਗੱਲ ਬਾਰੇ ਹੈ ਕਿ ਤੁਸੀਂ ਕਿਵੇਂ ਅਮਰੀਕੀਆਂ ਨੂੰ ਇੱਕ ਜਾਂ ਦੋ ਸੱਪ ਸੌਂਪ ਕੇ ਚਾਹੁੰਦੇ ਹੋ ਕੇ ਉਹ ਸਪੇਰੇ ਦੀਆਂ ਸਿਫ਼ਤਾਂ ਹੀ ਕਰਦੇ ਰਹਿਣ।

ਇੱਥੇ ਤਿੰਨ ਕਾਰਨ ਹਨ ਜਿਸ ਕਰ ਕੇ ਪੱਛਮੀ ਦੇਸ਼ ਪਾਕਿਸਤਾਨ ਦੀ ਖੁਸ਼ਾਮਦ ਨੂੰ ਹੁੰਗਾਰਾ ਭਰ ਰਹੇ ਹਨ: ਪਹਿਲਾ, ਅਤਿਵਾਦੀਆਂ 'ਤੇ ਪਾਕਿਸਤਾਨ ਦਾ ਨਿਰੰਤਰ ਰਸੂਖ਼ ਇਸ ਨੂੰ ਅਮਰੀਕਾ ਦਾ ਇੱਕ ਖਾਸ ਮਿੱਤਰ ਬਣਾਉਂਦਾ ਹੈ। ਹਾਲ ਹੀ ਵਿੱਚ, ਪਾਕਿਸਤਾਨ ਨੇ ਪੰਜ ਇਸਲਾਮਿਕ ਸਟੇਟ (ਆਈਐੱਸ) ਲੜਾਕਿਆਂ, ਜਿਨ੍ਹਾਂ ਵਿੱਚ ਮੁਹੰਮਦ ਸ਼ਰੀਫ਼ੁੱਲ੍ਹਾ 'ਜਾਫ਼ਰ' ਵੀ ਸੀ, ਨੂੰ ਅਮਰੀਕੀਆਂ ਦੇ ਹਵਾਲੇ ਕੀਤਾ ਹੈ। ਜਾਫ਼ਰ 2021 ਦੇ ਕਾਬੁਲ ਹਵਾਈ ਅੱਡੇ ਨੇੜੇ ਹੋਏ ਬੰਬ ਧਮਾਕੇ 'ਚ ਲੋੜੀਂਦਾ ਸੀ ਜਿਸ 'ਚ 13 ਅਮਰੀਕੀ ਸੈਨਿਕ ਮਾਰੇ ਗਏ ਸਨ।

ਦਰਅਸਲ, 'ਜਾਫ਼ਰ' ਚੋਟੀ ਦੀ ਆਈਐੱਸ ਲੀਡਰਸ਼ਿਪ ਦਾ ਹਿੱਸਾ ਵੀ ਨਹੀਂ ਹੈ, ਭਾਵੇਂ ਉਸ ਨੇ ਕਾਬੁਲ ਹਮਲੇ ਦੀ ਯੋਜਨਾ ਬਣਾਈ ਵੀ ਹੋਵੇ। ਉਸ ਨੂੰ ਸੌਂਪ ਕੇ, ਮੁਨੀਰ ਸਮਾਂ ਅਤੇ ਪ੍ਰਭਾਵ ਦੋਵੇਂ ਖਰੀਦ ਰਿਹਾ ਹੈ- ਇਹ ਪਾਕਿਸਤਾਨ ਦੀ ਅਮਰੀਕਾ ਸਬੰਧੀ ਨੀਤੀ ਦਾ ਇੱਕ ਅਨਿੱਖੜਵਾਂ ਅੰਗ ਹੈ ਜੋ ਦਹਾਕਿਆਂ ਤੋਂ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ।

ਕੁਰਿੱਲਾ ਵੱਲੋਂ ਪਾਕਿਸਤਾਨ ਦੀ ਪ੍ਰਸ਼ੰਸਾ ਤੋਂ ਫੌਰੀ ਬਾਅਦ ਇਸ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ 'ਚ ਦੋ ਪ੍ਰਮੁੱਖ ਕਮੇਟੀਆਂ- ਤਾਲਿਬਾਨ 'ਤੇ ਪਾਬੰਦੀਆਂ ਬਾਰੇ ਕਮੇਟੀ ਦਾ ਮੁਖੀ ਤੇ ਅਤਿਵਾਦ ਵਿਰੋਧੀ ਕਮੇਟੀ ਦਾ ਉਪ-ਮੁਖੀ ਨਾਮਜ਼ਦ ਕੀਤਾ ਗਿਆ ਹੈ। ਅਮਰੀਕਾ ਨੂੰ ਅਹਿਸਾਸ ਹੈ ਕਿ ਪਾਕਿਸਤਾਨੀ ਫ਼ੌਜ ਦੀ ਨੁਕਸਾਨ ਕਰਨ ਦੀ ਸਮਰੱਥਾ, ਭਲਾਈ ਕਰਨ ਨਾਲੋਂ ਕਿਤੇ ਜ਼ਿਆਦਾ ਹੈ। ਤਾਂ ਫਿਰ ਕਿਉਂ ਨਾ ਇਸ ਰਾਖ਼ਸ਼ਸ ਨੂੰ ਪਲੋਸ ਕੇ ਕੰਟਰੋਲ ਕੀਤਾ ਜਾਵੇ?

ਦੂਜਾ, ਡੋਨਲਡ ਟਰੰਪ ਦੀ ਹਉਮੈ ਨੂੰ 'ਨਾਂਹ' ਪਸੰਦ ਨਹੀਂ। ਇਸ ਲਈ ਜਦੋਂ ਉਸ ਨੇ ਅਤੇ ਉਸ ਦੇ ਸਹਿਯੋਗੀਆਂ ਨੇ ਐਲਾਨ ਕੀਤਾ ਕਿ ਉਨ੍ਹਾਂ 10 ਮਈ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਲਈ 'ਵਿਚੋਲਗੀ' ਕੀਤੀ ਸੀ, ਤਾਂ ਭਾਰਤ ਨੇ ਇਸ ਨੂੰ ਨਕਾਰ ਦਿੱਤਾ। (ਟਰੰਪ ਨੇ, ਅਸਲ ਵਿੱਚ, ਇਹੀ ਗੱਲ 11 ਵਾਰ ਹੋਰ ਦੁਹਰਾਈ)।

ਦਰਅਸਲ, ਭਾਰਤੀ ਹਵਾਈ ਸੈਨਾ ਨੇ 10 ਮਈ ਨੂੰ 11 ਪਾਕਿਸਤਾਨੀ ਹਵਾਈ ਟਿਕਾਣਿਆਂ 'ਤੇ ਹਮਲਾ ਕਰਕੇ ਇੱਕ ਮਜ਼ਬੂਤ ਸੰਦੇਸ਼ ਦਿੱਤਾ, ਜਿਸ ਨੇ ਪਾਕਿਸਤਾਨੀਆਂ ਅਤੇ ਅਮਰੀਕੀਆਂ 'ਚ ਖੌਫ਼ ਪੈਦਾ ਕਰ ਦਿੱਤਾ ਜਿਸ ਕਾਰਨ ਉਹ ਸੰਘਰਸ਼ ਜਲਦੀ ਮੁਕਾਉਣ ਲਈ ਮਜਬੂਰ ਹੋ ਗਏ। ਟਰੰਪ ਜੋ ਕਹਿਣਾ ਚਾਹੁੰਦੇ ਹਨ ਕਹਿਣ, ਅਸੀਂ ਉਸ ਨੂੰ ਨਕਾਰਨ ਦੀ ਪਰਵਾਹ ਕਿਉਂ ਕਰੀਏ?

ਤੀਜਾ, ਪਾਕਿਸਤਾਨ ਪੀੜਤ ਬਣਨ ਵਿੱਚ ਮਾਹਿਰ ਹੈ, ਖ਼ੈਰ ਇਸ ਤੋਂ ਵੱਡਾ ਕੋਈ ਵਿਅੰਗ ਨਹੀਂ ਹੋ ਸਕਦਾ। ਭਾਰਤ ਨੂੰ ਮਾੜਾ ਸਾਬਤ ਕਰਨ ਵਾਲੀ ਇੱਕ ਮੁਹਿੰਮ ('ਭਾਰਤ ਸਿੰਧੂ ਨਦੀ ਦਾ ਪਾਣੀ ਰੋਕ ਕੇ 23 ਕਰੋੜ ਲੋਕਾਂ ਨੂੰ ਪਿਆਸੇ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ') ਚਲਾ ਕੇ, ਇਹ ਵਿਸ਼ਵਵਿਆਪੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਹੈ। 'ਅਪਰੇਸ਼ਨ ਸਿੰਧੂਰ' ਤੋਂ ਬਾਅਦ ਬਿਲਾਵਲ ਭੁੱਟੋ ਵਾਸ਼ਿੰਗਟਨ ਅਤੇ ਲੰਡਨ ਵਿੱਚ ਇਹੀ ਕਰ ਰਿਹਾ ਸੀ।

ਪਾਕਿਸਤਾਨੀ ਫ਼ੌਜ ਦੀ ਅਤਿਵਾਦੀ ਹਮਲਿਆਂ ਵਿੱਚ ਭੂਮਿਕਾ ਬਾਰੇ ਸਾਰੇ ਸਵਾਲਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਹੈ ਕਿ 'ਸਬੂਤ ਕਿੱਥੇ ਹੈ?' ਮੁੰਬਈ ਹਮਲਿਆਂ ਦੇ ਅਜਮਲ ਕਸਾਬ ਵਰਗੇ ਸਬੂਤਾਂ, ਜਿਨ੍ਹਾਂ 'ਚ ਲਗਭਗ 170 ਲੋਕ ਮਾਰੇ ਗਏ ਸਨ, ਨੂੰ ਪਾਕਿਸਤਾਨ ਦੇ ਅਤਿਵਾਦ ਨਾਲ ਉਸ ਦੇ ਆਪਣੇ ਅਨੁਭਵਾਂ ਨਾਲ ਤੋਲ ਕੇ ਦੇਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅਮਰੀਕਾ ਦੀ ਹਮਦਰਦੀ ਨਜ਼ਰ ਆਉਂਦੀ ਹੈ। 2024 ਵਿੱਚ ਜਨਰਲ ਕੁਰਿੱਲਾ ਨੇ ਕਿਹਾ ਸੀ ਕਿ ਪਾਕਿਸਤਾਨ ਨੇ 1,000 ਤੋਂ ਵੱਧ ਅਤਿਵਾਦੀ ਹਮਲਿਆਂ ਦਾ ਸਾਹਮਣਾ ਕੀਤਾ ਜਿਸ ਵਿੱਚ 700 ਸੁਰੱਖਿਆ ਕਰਮਚਾਰੀ ਮਾਰੇ ਗਏ ਅਤੇ 2500 ਜ਼ਖ਼ਮੀ ਹੋਏ।

ਸਵਾਲ ਇਹ ਹੈ ਕਿ ਹੁਣ ਕੀ ਹੁੰਦਾ ਹੈ। ਯਕੀਨਨ, ਜਨਰਲ ਮੁਨੀਰ ਨੇ ਅਮਰੀਕੀਆਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਸ ਲਈ ਯੂ।ਐੱਸ। ਆਰਮੀ ਪਰੇਡ ਵਿੱਚ ਉਸ ਦੀ ਸ਼ਮੂਲੀਅਤ ਉਸ ਨੂੰ ਕੁਝ ਮੰਗਾਂ ਮੰਨਵਾਉਣ ਦਾ ਮੌਕਾ ਦੇਵੇਗੀ। ਜ਼ੀਰੋ ਟੈਰਿਫ ਪਾਕਿਸਤਾਨ-ਅਮਰੀਕਾ ਵਪਾਰ ਦੀ ਬੇਨਤੀ ਇਸ ਵਿਚ ਜ਼ਰੂਰ ਹੋਵੇਗੀ; ਇਸ ਤੋਂ ਵੀ ਮਹੱਤਵਪੂਰਨ, ਇਹ ਸੁਝਾਅ ਹੋਵੇਗਾ ਕਿ ਅਮਰੀਕਾ, ਭਾਰਤ 'ਤੇ ਸਿੰਧੂ ਜਲ ਸੰਧੀ ਨੂੰ ਬਹਾਲ ਕਰਨ ਅਤੇ ਗੱਲਬਾਤ ਮੁੜ ਸ਼ੁਰੂ ਕਰਨ ਲਈ ਦਬਾਅ ਪਾਵੇ।

ਇਹ ਗੱਲ ਪੱਕੀ ਹੈ ਕਿ ਇਹ ਗਰਮੀਆਂ ਲੰਮੀਆਂ ਤੇ ਮੁਸ਼ਕਲਾਂ ਭਰੀਆਂ ਹੋਣਗੀਆਂ। ਭਾਰਤ ਕੋਲ ਕੁਝ ਪੱਤੇ ਹੋ ਸਕਦੇ ਹਨ, ਪਰ ਉਸ ਨੂੰ ਇਨ੍ਹਾਂ ਨੂੰ ਸਹੀ ਢੰਗ ਨਾਲ ਵਰਤਣਾ ਵੀ ਆਉਣਾ ਚਾਹੀਦਾ ਹੈ। ਪਾਕਿਸਤਾਨ ਦੀ ਧੋਖੇਬਾਜ਼ ਫਿਤਰਤ ਬਾਰੇ ਆਪਣਾ ਮੁਲਾਂਕਣ ਜ਼ਰੂਰ ਸਾਂਝਾ ਕਰੋ, ਪਰ ਇਸ ਬਾਰੇ ਸ਼ੇਖੀ ਨਾ ਮਾਰੋ ਕਿ ਤੁਸੀਂ ਕਿਵੇਂ ਇੱਕ ਵੱਡੇ ਅਤੇ ਬਿਹਤਰ ਦੱਖਣੀ ਏਸ਼ਿਆਈ ਰਾਸ਼ਟਰ ਹੋ। ਭਾਰਤ ਕੋਲ ਕੁਝ ਪੱਤੇ ਹੋ ਸਕਦੇ ਹਨ, ਪਰ ਉਸ ਨੂੰ ਇਨ੍ਹਾਂ ਨੂੰ ਸਹੀ ਢੰਗ ਨਾਲ ਵਰਤਣਾ ਵੀ ਆਉਣਾ ਚਾਹੀਦਾ ਹੈ।

ਪਾਕਿਸਤਾਨ ਦੀ ਧੋਖੇਬਾਜ਼ ਫਿਤਰਤ ਬਾਰੇ ਆਪਣਾ ਮੁਲਾਂਕਣ ਜ਼ਰੂਰ ਸਾਂਝਾ ਕਰੋ, ਪਰ ਇਸ ਬਾਰੇ ਸ਼ੇਖੀ ਨਾ ਮਾਰੋ ਕਿ ਤੁਸੀਂ ਕਿਵੇਂ ਇੱਕ ਵੱਡੇ ਅਤੇ ਬਿਹਤਰ ਦੱਖਣੀ ਏਸ਼ਿਆਈ ਰਾਸ਼ਟਰ ਹੋ।

ਬਿਹਤਰ ਹੈ ਕਿ ਸਿਰ ਸੁੱਟ ਕੇ ਇਕ ਵਾਰ ਫਿਰ ਆਪਣੇ ਚਾਣਕਿਆ ਜਾਂ ਸੁਨ ਜ਼ੂ ਨੂੰ ਦੁਬਾਰਾ ਪੜ੍ਹੋ। ਆਪਣੇ ਦੋਸਤਾਂ ਨੂੰ ਹਮੇਸ਼ਾ ਨੇੜੇ ਰੱਖਣਾ ਚੰਗੀ ਗੱਲ ਹੈ, ਪਰ ਆਪਣੇ ਦੁਸ਼ਮਣਾਂ ਨੂੰ ਉਨ੍ਹਾਂ ਤੋਂ ਵੀ ਵੱਧ ਕਰੀਬ ਰੱਖੋ।

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਸ਼ਹਿਰੀਕਰਨ ਦੀ ਭੇਂਟ ਚੜ੍ਹਿਆ ਅੱਧਾ ਪੰਜਾਬ

ਜੀ ਕੇ ਸਿੰਘ

ਲੁਧਿਆਣੇ ਦੇ ਆਲੇ-ਦੁਆਲੇ ਪਿੰਡਾਂ ਦੀ ਬਾਈ ਹਜ਼ਾਰ ਏਕੜ ਜ਼ਮੀਨ 'ਤੇ ਸ਼ਹਿਰੀ ਮਿਲਖਾਂ ਵਸਾਉਣ ਦੀ ਖ਼ਬਰ ਨੇ ਪੂਰੇ ਦਿਹਾਤੀ ਖੇਤਰ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਤੋਂ ਪ੍ਰਾਪਤੀ ਤੋਂ ਪਹਿਲਾਂ ਹੀ ਕਿਸਾਨਾਂ ਨੇ ਧਰਨੇ, ਮੁਜ਼ਾਹਰੇ ਅਤੇ ਰੋਸ ਰੈਲੀਆਂ ਸ਼ੁਰੂ ਕਰ ਦਿੱਤੇ ਹਨ। ਪਿੰਡਾਂ ਵਿੱਚ ਵਸਦੇ ਭਾਰਤ ਨੇ ਵੀ ਪੱਛਮੀ ਤਰਜ਼ ਦਾ ਵਿਕਾਸ ਮਾਡਲ ਅਪਣਾ ਕੇ ਸ਼ਹਿਰੀਕਰਨ ਨੂੰ ਹੱਲਾਸ਼ੇਰੀ ਦਿੱਤੀ ਹੈ; ਹਾਲਾਂਕਿ ਸਾਡੇ ਹਾਲਾਤ ਮੁਤਾਬਿਕ ਸਾਡੀ ਤਰਜੀਹ ਖੇਤਾਂ ਵਿੱਚ ਵਸਦੇ ਪਿੰਡਾਂ ਨੂੰ ਵਿਕਾਸ ਦੇ ਨਮੂਨੇ ਬਣਾ ਕੇ ਨਵਾਂ ਮਾਡਲ ਪੇਸ਼ ਕਰਨਾ ਹੋਣੀ ਚਾਹੀਦੀ ਸੀ। ਮਰਹੂਮ ਰਾਸ਼ਟਰਪਤੀ ਡਾ। ਅਬਦੁਲ ਕਲਾਮ ਨੇ 'ਪੁਰਾ' (PURA – Proividng Urban Ameinites in Rural Areas) ਮਾਡਲ ਵਿੱਚ ਇਹੀ ਸਿਫਾਰਸ਼ ਕੀਤੀ ਸੀ। ਇਸ ਮਾਡਲ ਅਧੀਨ ਪਿੰਡਾਂ ਦੀ ਵਸੋਂ ਨੂੰ ਸ਼ਹਿਰਾਂ ਵੱਲ ਧੱਕਣ ਦੀ ਬਜਾਏ, ਸ਼ਹਿਰੀ ਸਹੂਲਤਾਂ ਪਿੰਡਾਂ ਤੱਕ ਪਹੁੰਚਾ ਕੇ ਸ਼ਹਿਰਾਂ ਨੂੰ ਭੀੜ-ਭੜਕੇ ਤੋਂ ਬਚਾਉਣਾ ਸੀ।

ਮਕਿੰਜ਼ੇ ਗਲੋਬਲ ਇੰਸਟੀਚਿਊਟ ਦੇ ਅਧਿਐਨ ਮੁਤਾਬਿਕ, ਭਾਰਤ ਵਿੱਚ ਲੋਕਾਂ ਦੀ ਵੱਡੀ ਗਿਣਤੀ ਸ਼ਹਿਰਾਂ ਵੱਲ ਪਰਵਾਸ ਕਰ ਰਹੀ ਹੈ। ਰਿਪੋਰਟ ਮੁਤਾਬਿਕ, 2030 ਤਕ 42% ਲੋਕ ਸ਼ਹਿਰਾਂ ਵਿੱਚ ਹੋਣਗੇ ਤੇ ਸ਼ਹਿਰੀਕਰਨ ਦੀ ਇਹ ਪ੍ਰਕਿਰਿਆ ਤੇਜ਼ੀ ਨਾਲ ਵਧਦੀ ਜਾਵੇਗੀ। ਅੱਜ ਦਿੱਲੀ ਸਵਾ ਤਿੰਨ ਕਰੋੜ ਦੀ ਵਸੋਂ ਨਾਲ ਟੋਕੀਓ ਦੇ ਬਰਾਬਰ ਖੜ੍ਹਾ ਹੈ। ਮੁੰਬਈ ਵੀ ਵਿਸ਼ਵ ਦੇ ਪਹਿਲੇ ਪੰਜ ਵੱਡੇ ਸ਼ਹਿਰਾਂ ਵਿੱਚ ਸ਼ੁਮਾਰ ਹੋਵੇਗਾ। ਅੱਠ ਹੋਰ ਸ਼ਹਿਰਾਂ ਦੀ ਵਸੋਂ ਇਕ ਕਰੋੜ ਤੋਂ ਉਪਰ ਹੋਵੇਗੀ। ਤੇਰਾਂ ਵੱਡੇ ਸ਼ਹਿਰ ਪੰਜਾਹ ਲੱਖ ਤੋਂ ਵੱਧ ਵਸੋਂ ਵਾਲੇ ਹੋਣਗੇ। ਦਸ ਲੱਖ ਤੋਂ ਵੱਧ ਵਸੋਂ ਵਾਲੇ ਸ਼ਹਿਰਾਂ ਦੀ ਗਿਣਤੀ 70 ਹੋਵੇਗੀ। ਰਿਪੋਰਟ ਵਿੱਚ ਦਰਜ ਹੈ ਕਿ ਪੰਜਾਬ ਬਹੁਤ ਤੇਜ਼ੀ ਨਾਲ ਸ਼ਹਿਰੀਕਰਨ ਦੀ ਲਪੇਟ 'ਚ ਆ ਰਿਹਾ ਹੈ। 2030 ਤੱਕ ਅੱਧੀ ਤੋਂ ਵੱਧ ਵਸੋਂ ਸ਼ਹਿਰੀ ਹੋਵੇਗੀ।



ਵਿਸ਼ਵ ਵਿੱਚ ਆਰਥਿਕ ਵਿਕਾਸ ਨੇ ਸ਼ਹਿਰੀਕਰਨ ਨੂੰ ਜਨਮ ਦਿੱਤਾ। ਸਾਰੇ ਦੇਸ਼ਾਂ ਨੂੰ ਇਸੇ ਪ੍ਰਕਿਰਿਆ 'ਚੋਂ ਗੁਜ਼ਰਨਾ ਪਿਆ। ਸਿੱਖਿਆ ਤੇ ਸਿਹਤ ਦੇ ਸਾਧਨ ਤੇ ਰੁਜ਼ਗਾਰ ਸ਼ਹਿਰਾਂ ਵਿੱਚ ਹੀ ਮੁਹੱਈਆ ਕਰਵਾਏ ਗਏ, ਇਸੇ ਕਰ ਕੇ ਸ਼ਹਿਰਾਂ ਦਾ ਆਕਾਰ ਵਧਦਾ ਗਿਆ। 1950 'ਚ ਸੰਸਾਰ ਦੀ ਕੁੱਲ ਵਸੋਂ ਦਾ 29% ਸ਼ਹਿਰਾਂ 'ਚ ਰਹਿੰਦਾ ਸੀ, ਹੁਣ 57% ਲੋਕ ਸ਼ਹਿਰੀ ਹਨ ਤੇ 2050 ਤਕ ਦੁਨੀਆ ਦੇ 68% ਲੋਕ ਸ਼ਹਿਰਾਂ ਵਿੱਚ ਰਹਿੰਦੇ ਹੋਣਗੇ।

ਆਜ਼ਾਦੀ ਪ੍ਰਾਪਤੀ ਵੇਲੇ ਭਾਰਤ ਪਿੰਡਾਂ ਵਿੱਚ ਵਸਦਾ ਸੀ। ਕੇਵਲ 17% ਵਸੋਂ ਸ਼ਹਿਰਾਂ 'ਚ ਰਹਿੰਦੀ ਸੀ ਜਿਹੜੀ ਹੁਣ ਦੋ ਗੁਣਾ ਤੋਂ ਵੀ ਵਧ ਗਈ ਹੈ। 2030 ਤਕ ਭਾਰਤ 'ਚ 60 ਕਰੋੜ ਲੋਕ ਸ਼ਹਿਰਾਂ 'ਚ ਰਹਿੰਦੇ ਹੋਣਗੇ। ਸ਼ਹਿਰਾਂ ਦੀ ਬੇਤਹਾਸ਼ਾ ਵਧ ਰਹੀ ਵਸੋਂ ਲਈ ਮਕਾਨ, ਮੁਢਲੀਆਂ ਜ਼ਰੂਰਤਾਂ ਜਿਨ੍ਹਾਂ ਵਿੱਚ ਪੀਣ ਵਾਲਾ ਪਾਣੀ, ਸੀਵਰੇਜ, ਸਿੱਖਿਆ, ਸਿਹਤ ਸਹੂਲਤਾਂ ਦੇ ਵਰਤਮਾਨ ਸਰੂਪ ਨੂੰ ਕਈ ਗੁਣਾ ਵਧਾਉਣਾ ਪਵੇਗਾ। ਪਿਛਲੇ ਸਮੇਂ ਦੌਰਾਨ ਸ਼ਹਿਰੀਕਰਨ ਦੀਆਂ ਚੁਣੌਤੀਆਂ ਨਾਲ ਅਸੀਂ ਗੰਭੀਰਤਾ ਨਾਲ ਮੱਥਾ ਨਹੀਂ ਲਾਇਆ। ਸ਼ਹਿਰਾਂ ਦਾ ਆਕਾਰ ਗ਼ੈਰ-ਯੋਜਨਾਬੱਧ ਢੰਗ ਨਾਲ ਬੇਰੋਕ-ਟੋਕ ਵਧਦਾ ਗਿਆ।

ਪੰਜਾਬ 'ਚ ਆਜ਼ਾਦੀ ਪਿੱਛੋਂ ਕੋਈ ਵੱਡਾ ਸ਼ਹਿਰ ਨਹੀਂ ਸੀ। 1951 ਵਿੱਚ ਕੇਵਲ ਪੰਜਵਾਂ ਸ਼ਖ਼ਸ ਸ਼ਹਿਰਾਂ 'ਚ ਰਹਿੰਦਾ ਸੀ। ਪੰਜਾਬ ਦੀ 40% ਵਸੋਂ ਹੁਣ ਸ਼ਹਿਰਾਂ ਵਿੱਚ ਹੈ। ਉਸ ਸਮੇਂ ਲੁਧਿਆਣੇ ਦੀ ਵਸੋਂ ਕੇਵਲ ਇੱਕ ਲੱਖ ਸੀ, ਹੁਣ ਇਹ 32 ਲੱਖ ਵਸੋਂ ਵਾਲਾ ਸ਼ਹਿਰ ਹੈ। ਕਿੰਨੇ ਹੀ ਘੁੱਗ ਵੱਸਦੇ ਪਿੰਡ ਇਸ ਦੀ ਜ਼ੱਦ ਵਿੱਚ ਆ ਕੇ ਆਪਣੀ ਹੋਂਦ ਗੁਆ ਚੁੱਕੇ ਹਨ।

ਸਾਡੀ ਸ਼ਹਿਰੀ ਵਸੋਂ ਦੇ ਆਕਾਰ ਵਿੱਚ ਵੱਡਾ ਅਸਾਵਾਂਪਨ ਹੈ। ਪੰਜਾਬ ਦੇ 157 ਸ਼ਹਿਰ ਮੋਟੇ ਤੌਰ 'ਤੇ ਪੰਜ ਸ਼੍ਰੇਣੀਆਂ ਵਿੱਚ ਵੰਡੇ ਜਾਂਦੇ ਹਨ। ਸੂਬੇ ਦੀ ਕੁੱਲ ਸ਼ਹਿਰੀ ਵਸੋਂ ਦਾ 63% ਹਿੱਸਾ ਕੇਵਲ 14 ਦਰਜਾ ਅਵਲ (ਇੱਕ ਲੱਖ ਤੋਂ ਉਪਰ) ਸ਼ਹਿਰਾਂ ਵਿੱਚ ਹੈ। ਦੂਜੇ ਤੇ ਤੀਜੇ ਦਰਜੇ ਦੇ ਸ਼ਹਿਰ ਜਿਨ੍ਹਾਂ ਦੀ ਗਿਣਤੀ 54 ਹੈ, ਵਿੱਚ ਕੇਵਲ 29% ਸ਼ਹਿਰੀ ਵਸੋਂ ਹੈ। ਬਾਕੀ 8% ਵਸੋਂ ਚੌਥੇ ਤੇ ਪੰਜਵੇਂ ਦਰਜੇ ਦੇ 82 ਸ਼ਹਿਰਾਂ ਵਿੱਚ ਹੈ। ਸ਼ਹਿਰਾਂ ਦੇ ਇਸ ਬੇਹਿਸਾਬੇ ਆਕਾਰ ਦੇ ਵਖਰੇਵੇਂ ਕਰ ਕੇ ਵੀ ਬਹੁਤੀਆਂ ਮੁਸ਼ਕਿਲਾਂ ਹਨ। ਜੇ ਸ਼ਹਿਰੀ ਵਸੋਂ ਦਾ ਹਰ ਚੌਥਾ ਸ਼ਖ਼ਸ ਲੁਧਿਆਣੇ ਰਹੇਗਾ ਤਾਂ ਬੁਨਿਆਦੀ ਢਾਂਚਾ ਆਪੇ ਲੜਖੜਾਏਗਾ। ਹੈਰਾਨੀ ਹੈ ਕਿ ਲੁਧਿਆਣੇ ਵਿੱਚ ਵਸੋਂ ਦੀ ਘਣਤਾ ਤਕਰੀਬਨ ਦਿੱਲੀ ਦੇ ਬਰਾਬਰ ਹੈ।

ਇਨ੍ਹਾਂ ਵੇਰਵਿਆਂ ਦੀ ਰੌਸ਼ਨੀ ਵਿੱਚ ਹੀ ਅਸੀਂ ਗਲਾਡਾ ਦੇ ਉਸ ਮੁਢਲੇ ਫੈਸਲੇ ਦਾ ਮੁਲਾਂਕਣ ਕਰਾਂਗੇ ਜਿਸ ਵਿੱਚ 22000 ਏਕੜ ਜ਼ਮੀਨ ਸ਼ਹਿਰ ਦੇ ਆਕਾਰ ਨੂੰ ਹੋਰ ਵਧਾਉਣ ਲਈ ਲੈਣ ਦਾ ਪ੍ਰਸਤਾਵ ਹੈ। ਜਿਨ੍ਹਾਂ ਪਿੰਡਾਂ ਦਾ ਮੁਢਲੇ ਰੂਪ ਵਿੱਚ ਇਸ ਸਰਵੇ ਵਿੱਚ ਜ਼ਿਕਰ ਆਇਆ ਹੈ, ਬਹੁਤੇ ਪੱਖੋਵਾਲ ਬਲਾਕ ਦੇ ਹਨ। ਕਿਸੇ ਵਕਤ ਪੱਖੋਵਾਲ ਬਲਾਕ ਨੂੰ ਪੇਂਡੂ ਵਿਕਾਸ ਦਾ ਮਾਡਲ ਮੰਨਿਆ ਗਿਆ ਸੀ। ਜੇ ਸ਼ਹਿਰ ਤੋਂ ਨਿਕਲ ਕੇ ਤੁਸੀਂ ਸਰਾਭਾ ਪਿੰਡ ਵਾਲੀ ਸੜਕ 'ਤੇ ਸਫ਼ਰ ਕਰੋ ਤਾਂ ਦੇਖੋਗੇ ਕਿ ਇੰਨੀ ਜ਼ਰਖੇਜ਼ ਤੇ ਖੇਤੀ ਯੋਗ ਭੂਮੀ ਹੋਰ ਕਿਧਰੇ ਨਹੀਂ। ਇਲਾਕੇ ਦੇ ਕਿਸਾਨ ਸਾਲ ਦੀਆਂ ਚਾਰ-ਚਾਰ ਫਸਲਾਂ ਲੈਂਦੇ ਹਨ। ਵਰਤਮਾਨ ਸ਼ਹਿਰ ਦੀ ਵੱਡੀ ਵਸੋਂ ਨੂੰ ਦੁੱਧ, ਸਬਜ਼ੀਆਂ ਆਦਿ ਇਸੇ ਇਲਾਕੇ ਵਿੱਚੋਂ ਜਾਂਦੀਆਂ ਹਨ। ਜਿਨ੍ਹਾਂ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਦਾ ਜ਼ਿਕਰ ਹੈ, ਕੀ ਸਰਕਾਰ ਨੇ ਉਨ੍ਹਾਂ ਪਿੰਡਾਂ ਦੇ ਕਿਸਾਨਾਂ ਦੀ ਰਾਏ ਪ੍ਰਾਪਤ ਕੀਤੀ ਹੈ?

ਲੰਮਾ ਸਮਾਂ ਪੰਜਾਬ ਵਿੱਚ ਸ਼ਹਿਰੀਕਰਨ ਬਾਰੇ ਕੋਈ ਠੋਸ ਨੀਤੀ ਨਹੀਂ ਸੀ। 1997 ਵਿੱਚ ਸ਼ਹਿਰੀ ਵਿਕਾਸ ਅਥਾਰਟੀ ਹੋਂਦ ਵਿੱਚ ਆਉਣ ਪਿੱਛੋਂ ਬਿਨਾਂ ਕਿਸੇ ਡੂੰਘੇ ਅਧਿਐਨ ਦੇ ਵੱਡੇ-ਵੱਡੇ ਸ਼ਹਿਰੀ ਮਿਲਖ ਉਸਾਰਨ ਦੀ ਕਾਹਲ ਸ਼ੁਰੂ ਹੋ ਗਈ। ਸਰਕਾਰ ਦੀ ਸੋਚ ਇਸ ਗੱਲ 'ਤੇ ਟਿਕੀ ਰਹੀ ਕਿ ਕਿਵੇਂ ਕਿਸਾਨਾਂ ਤੋਂ ਸਸਤੇ ਭਾਅ ਏਕੜਾਂ ਵਿੱਚ ਜ਼ਮੀਨ ਲੈ ਕੇ ਮਰਲਿਆਂ ਵਿੱਚ ਮਹਿੰਗੀ ਵੇਚਣੀ ਹੈ। ਮੁਹਾਲੀ ਅਤੇ ਜ਼ੀਰਕਪੁਰ ਦੇ ਆਕਾਰ ਇਸੇ ਦਾ ਸਬੂਤ ਹਨ। ਜ਼ੀਰਕਪੁਰ ਵੀਹ ਕੁ ਸਾਲ ਪਹਿਲਾਂ ਛੋਟਾ ਜਿਹਾ ਪੈਰੀਫਰੀ ਟਾਊਨ ਸੀ, ਹੁਣ ਪੰਜ ਲੱਖ ਤੋਂ ਵਧ ਵਸੋਂ ਹੋਣ ਕਾਰਨ ਕਾਰਪੋਰੇਸ਼ਨ ਦਾ ਦਰਜਾ ਪ੍ਰਾਪਤ ਕਰ ਰਿਹਾ ਹੈ। ਮੁਹਾਲੀ ਦੇ ਪੰਜਾਹ ਮੰਜ਼ਿਲੇ ਉਚੇ ਫਲੈਟ ਟਾਵਰਜ਼ ਕਿਸ ਸ਼ਹਿਰੀਕਰਨ ਦੀ ਨੀਤੀ ਅਧੀਨ ਉਸਾਰੇ ਗਏ ਹਨ? ਜਦਕਿ ਚੰਡੀਗੜ੍ਹ ਤੇ ਆਲਾ-ਦੁਆਲਾ ਗੰਭੀਰ ਭੁਚਾਲ ਸੰਭਾਵੀ ਜ਼ੋਨ ਵਿੱਚ ਆਉਂਦਾ ਹੈ। ਦੁਨੀਆ ਦੇ ਕਿਸੇ ਵੀ ਸ਼ਹਿਰ ਦੀ ਪੈਰੀਫਰੀ ਵਿੱਚ ਉਚੀਆਂ ਇਮਾਰਤਾਂ ਨਹੀਂ ਉਸਾਰੀਆਂ ਗਈਆਂ। ਡਾਊਨ ਟਾਊਨ ਹੀ ਹਾਈ ਰਾਈਜ਼ ਹੁੰਦੇ ਹਨ। ਪੰਜਾਬ ਦੇ ਕਿਹੜੇ ਲੋਕ ਇੱਥੇ ਆ ਕੇ ਵਸੇ ਹਨ, ਸਮਝ ਤੋਂ ਬਾਹਰ ਹੈ। ਪੰਜਾਬੀ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਬਾਹਰ ਪਰਵਾਸ ਕਰ ਰਹੇ ਹਨ।

ਚਾਰ ਦਹਾਕਿਆਂ ਤੋਂ ਪੰਜਾਬੀ ਜ਼ਿੰਦਗੀ ਆਪਣੀ ਸਾਵੀਂ ਲੀਹ ਤੋਂ ਤਿਲਕ ਰਹੀ ਹੈ। ਹਰੀ ਕ੍ਰਾਂਤੀ 'ਚੋਂ ਉਪਜੇ ਅਨਾਜ ਦੇ ਅੰਬਾਰ ਕੁਝ ਸਮੇਂ ਲਈ ਤਾਂ ਸਾਰਥਕ ਅਤੇ ਦਿਲਾਸਾ ਭਰਪੂਰ ਰਹੇ ਪਰ ਲਗਾਤਾਰ ਵਧਦੀਆਂ ਖੇਤੀ ਲਾਗਤਾਂ ਨੇ ਅਖ਼ੀਰ 'ਚ ਵੱਟਣ ਨੂੰ ਕੁਝ ਨਹੀਂ ਛੱਡਿਆ। ਪੰਜਾਬ ਵਿੱਚ ਅਤਿਵਾਦ ਵਾਲਾ ਉਹ ਸਮਾਂ ਸੀ, ਜਦੋਂ ਸੂਬੇ ਨੂੰ ਸੂਚਨਾ ਤਕਨਾਲੋਜੀ ਤੇ ਕੰਪਿਊਟਰ ਸਿੱਖਿਆ ਦਾ ਧੁਰਾ ਬਣਾਉਣਾ ਚਾਹੀਦਾ ਸੀ। ਜੇ ਪੰਜਾਬੀਆਂ ਨੇ ਭੁੱਖੇ ਦੇਸ਼ ਦਾ ਢਿੱਡ ਭਰਿਆ ਸੀ ਤਾਂ ਕੀ ਕਿਸਾਨਾਂ ਦੇ ਬੱਚਿਆਂ ਨੂੰ ਹੁਨਰਮੰਦ ਬਣਾਉਣਾ ਕੋਈ ਵੱਡਾ ਕੰਮ ਸੀ? ਉਸ ਵਕਤ ਹਜ਼ਾਰਾਂ ਬੇਗੁਨਾਹ ਮਾਰੇ ਗਏ। ਲੱਖਾਂ ਵਿਦੇਸ਼ਾਂ ਵਿੱਚ ਪਰਵਾਸ ਕਰ ਗਏ। ਪੰਜਾਬ ਦੇ ਪਿੰਡਾਂ ਦਾ ਉਜਾੜਾ ਅੱਜ ਵੀ ਜਾਰੀ ਹੈ। ਜਿੰਦਰੇ ਲੱਗੇ ਖਾਲੀ ਘਰਾਂ ਦੇ ਵਿਹੜਿਆਂ ਵਿੱਚ ਪਰਵਾਸੀ ਮਜ਼ਦੂਰ ਆਪਣੇ ਚੁੱਲ੍ਹੇ ਬਾਲ ਰਹੇ ਹਨ। ਜ਼ਮੀਨਾਂ ਨਾਲੋਂ ਟੁੱਟ ਰਿਹਾ ਪੰਜਾਬੀ ਕਿਸਾਨ ਵਿਦੇਸ਼ ਬੈਠਾ ਆਪਣੇ ਸੁਫਨਿਆਂ ਵਿੱਚ ਖੇਤਾਂ ਦੇ ਗੇੜੇ ਮਾਰ ਰਿਹਾ ਹੈ। ਸ਼ਹਿਰਾਂ ਵਿੱਚ ਲੋਕ ਇਸ ਕਰ ਕੇ ਵਸੇ ਕਿਉਂਕਿ ਸਿੱਖਿਆ, ਸਿਹਤ, ਸੜਕਾਂ, ਬਿਜਲੀ ਵਰਗੀਆਂ ਮੁਢਲੀਆਂ ਸਹੂਲਤਾਂ ਬੜੀ ਦੇਰ ਬਾਅਦ ਵੀ, ਅਧੂਰੇ ਰੂਪ 'ਚ ਪਿੰਡਾਂ ਵਿੱਚ ਪਹੁੰਚੀਆਂ। ਚੰਡੀਗੜ੍ਹ ਅਤੇ ਹੋਰ ਸ਼ਹਿਰਾਂ 'ਚ ਸਾਧਨਾਂ ਵਾਲੇ ਬਹੁਤ ਸਾਰੇ ਪਰਿਵਾਰ ਇਸ ਕਰ ਕੇ ਆ ਵਸੇ ਕਿ ਉਨ੍ਹਾਂ ਨੇ ਬੱਚੇ ਚੰਗੇ ਸਕੂਲਾਂ 'ਚ ਪੜ੍ਹਾਉਣੇ ਸਨ। ਜੇ ਅਸੀਂ ਚੰਗੇ ਸਕੂਲ ਅਤੇ ਹਸਪਤਾਲ ਵੇਲੇ ਸਿਰ ਪਿੰਡਾਂ ਵਿੱਚ ਦੇ ਦਿੰਦੇ ਤਾਂ ਲੋਕ ਸ਼ਹਿਰਾਂ ਵੱਲ ਕਿਉਂ ਦੌੜਦੇ?

ਪਿਛਲੇ ਦਹਾਕੇ ਵਿੱਚ ਭਾਰਤ ਸਰਕਾਰ ਨੇ ਵੀ ਦਿੱਲੀ ਵਰਗੇ ਮਹਾਨਗਰ ਵਿੱਚ ਵਧਦੀ ਵਸੋਂ ਦਾ ਭਾਰ ਘਟਾਉਣ ਲਈ ਪੈਰੀਫਰੀ ਵਿੱਚ ਵਸੇ ਛੋਟੇ ਸ਼ਹਿਰਾਂ ਨੂੰ ਕਾਊਂਟਰ ਮੈਗਨਟ ਟਾਊਨਾਂ ਦਾ ਦਰਜਾ ਦਿਤਾ ਤਾਂ ਜੋ ਲੋਕ ਕੰਮ ਤੋਂ ਬਾਅਦ ਵਾਪਸ ਆਪਣੇ ਘਰ ਪਰਤ ਸਕਣ। ਕੀ ਲੁਧਿਆਣਾ ਦੇ ਨੇੜੇ ਵਸੇ ਛੋਟੇ ਟਾਊਨਾਂ ਨੂੰ ਅਜਿਹੇ ਮੈਗਨਟ ਕਸਬਿਆਂ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ? ਜੇ ਰਾਏਕੋਟ, ਜਗਰਾਓਂ, ਬਸੀਆਂ, ਅਹਿਮਦਗੜ੍ਹ ਵਰਗੇ ਕਸਬਿਆਂ ਵਿੱਚ ਚੰਗੀਆਂ ਸ਼ਹਿਰੀ ਸਹੂਲਤਾਂ ਦਿੱਤੀਆਂ ਜਾਣ ਤਾਂ ਲੋਕ ਮਹਾਨਗਰ ਦੇ ਸਲੱਮ ਵਰਗੇ ਖੇਤਰਾਂ ਵਿੱਚ ਕਿਉਂ ਰਹਿਣਗੇ? ਕਿਹੜੀ ਸਨਅਤ ਇੱਥੇ ਲੁਧਿਆਣਾ ਵਿੱਚ ਹੈ ਜਿੱਥੇ ਰੁਜ਼ਗਾਰ ਦੇਣ ਲਈ ਅਸੀਂ ਇੰਨੇ ਵੱਡੇ ਇਲਾਕੇ ਨੂੰ ਸ਼ਹਿਰੀ ਬਣਾਉਣ ਲਈ ਵਿਉਂਤਾਂ ਬਣਾ ਰਹੇ ਹਾਂ। ਲੁਧਿਆਣੇ ਦੀ ਸਾਰੀ ਸਨਅਤ ਵਿੱਚ ਬਹੁਤਾ ਕਰ ਕੇ ਪਰਵਾਸੀ ਮਜ਼ਦੂਰ ਕੰਮ ਕਰਦੇ ਹਨ।

ਸ਼ਹਿਰੀ ਵਿਕਾਸ ਅਥਾਰਟੀ ਲੋਕਾਂ ਨੂੰ ਸਾਫ ਸੁਥਰੇ ਅਤੇ ਸਹੂਲਤਾਂ ਭਰੇ ਟਾਊਨ ਦੇਣ ਦੀ ਬਜਾਏ ਇਨ੍ਹਾਂ ਪ੍ਰਾਜੈਕਟਾਂ ਨੂੰ ਆਪਣੇ ਵਪਾਰਕ ਨਜ਼ਰੀਏ ਤੋਂ ਦੇਖ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪੇਂਡੂ ਵਿਕਾਸ ਅਥਾਰਟੀ ਬਣਾ ਕੇ ਪਿੰਡਾਂ ਨੂੰ ਮੁਢਲੀਆਂ ਸਹੂਲਤਾਂ ਦੇ ਕੇ ਸ਼ਹਿਰਾਂ 'ਚ ਵਸਣ ਦੀ ਹੋੜ ਘਟਾਈ ਜਾਵੇ। ਅੱਜ ਵੀ ਸਾਡੇ ਪਿੰਡ ਸ਼ਹਿਰਾਂ ਨਾਲੋਂ ਜ਼ਿਆਦਾ ਸਾਫ ਹਨ, ਖੁੱਲ੍ਹੀ ਹਵਾ ਅਤੇ ਸਸਤਾ ਰਹਿਣ-ਸਹਿਣ ਹੈ। ਜੇ ਅਸੀਂ ਅਜਿਹਾ ਨਹੀਂ ਕਰਾਂਗੇ ਤਾਂ ਸਾਡਾ ਸ਼ਹਿਰੀਕਰਨ ਝੁੱਗੀਆਂ ਝੌਂਪੜੀਆਂ ਤੇ ਸਲੱਮ ਪੈਦਾ ਕਰੇਗਾ।





'ਪਰਦੇਸ ਟਾਈਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।


# ਪੰਜਾਬੀਆਂ ਦੇ ਵੱਟ ਕੱਢ ਰਹੀ ਗਰਮੀ

ਪੰਜਾਬ ਇਸ ਸਮੇਂ ਅੱਤ ਦੀ ਗਰਮੀ ਦੀ ਲਪੇਟ 'ਚ ਹੈ। ਹਾਲਾਂਕਿ ਮੌਸਮ 'ਚ ਕਰਵਟ ਦੀਆਂ ਸੰਭਾਵਨਾਵਾਂ ਵੀ ਪ੍ਰਗਟਾਈਆਂ ਜਾ ਰਹੀਆਂ ਹਨ ਪਰ 45 ਡਿਗਰੀ ਸੈਲਸੀਅਸ ਪਾਰ ਕਰ ਗਏ ਤਾਪਮਾਨ ਨੇ ਲੋਕਾਂ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੋਇਆ ਹੈ ਤੇ ਬਿਜਲੀ ਦੀ ਮੰਗ 'ਚ ਬੇਮਿਸਾਲ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ ਇਸ ਮਹੀਨੇ ਦੀ ਸ਼ੁਰੂਆਤ ਤੋਂ ਹੀ ਸੂਬੇ ਦੇ ਜ਼ਿਆਦਾਤਰ ਹਿੱਸਿਆਂ 'ਚ ਗਰਮੀ ਨੇ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਗਰਮੀ ਨੇ ਪਿਛਲੇ ਕਈ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਕਈ ਜ਼ਿਲ੍ਹਿਆਂ 'ਚ ਤਾਂ ਤਾਪਮਾਨ 47 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ ਜਿਸ ਨੇ 13 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਅਠਾਰਾਂ ਜ਼ਿਲ੍ਹਿਆਂ 'ਚ ਲੂ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ ਜਿਸ ਨਾਲ ਲੋਕਾਂ ਨੂੰ ਘਰਾਂ 'ਚ ਰਹਿਣ ਤੇ ਪਾਣੀ ਦੀ ਕਮੀ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਇਹ ਗਰਮੀ ਨਾ ਸਿਰਫ਼ ਮਨੁੱਖੀ ਸਿਹਤ ਲਈ ਖ਼ਤਰਨਾਕ ਸਾਬਿਤ ਹੋ ਰਹੀ ਹੈ ਸਗੋਂ ਖੇਤੀਬਾੜੀ ਤੇ ਬਿਜਲੀ ਦੀ ਸਪਲਾਈ 'ਤੇ ਵੀ ਗੰਭੀਰ ਪ੍ਰਭਾਵ ਪਾ ਰਹੀ ਹੈ। ਗਰਮੀ ਦਾ ਮੁੱਖ ਕਾਰਨ ਪੌਣ-ਪਾਣੀ ਤਬਦੀਲੀ ਤੇ ਆਲਮੀ ਤਪਸ਼ ਨੂੰ ਮੰਨਿਆ ਜਾ ਰਿਹਾ ਹੈ। ਗਰਮੀ ਨੇ ਬਿਜਲੀ ਦੀ ਮੰਗ ਨੂੰ ਅਸਮਾਨ ਛੂਹਣ ਵਾਲੇ ਅੰਕੜਿਆਂ ਤੱਕ ਪਹੁੰਚਾ ਦਿੱਤਾ ਹੈ। ਦਸ ਜੂਨ ਨੂੰ ਪੰਜਾਬ 'ਚ ਬਿਜਲੀ ਦੀ ਮੰਗ 16,126 ਮੈਗਾਵਾਟ ਤੱਕ ਪਹੁੰਚ ਗਈ ਸੀ ਜੋ ਪਿਛਲੇ ਸਾਲ ਦੇ 19 ਜੂਨ ਦੇ 16,089 ਮੈਗਾਵਾਟ ਦੇ ਰਿਕਾਰਡ ਨੂੰ ਤੋੜ ਗਈ। ਗਿਆਰਾਂ ਜੂਨ ਨੂੰ ਇਹ ਮੰਗ ਵਧ ਕੇ 16,192 ਮੈਗਾਵਾਟ ਤੱਕ ਪਹੁੰਚ ਗਈ ਜੋ ਸੂਬੇ ਦੀ ਹੁਣ ਤੱਕ ਦੀ ਸਭ ਤੋਂ ਵੱਧ ਮੰਗ ਸੀ। ਬਿਜਲੀ ਦੀ ਵਧਦੀ ਮੰਗ ਨੇ ਪੰਜਾਬ ਦੇ ਪਾਵਰ ਸੈਕਟਰ ਅੱਗੇ ਕਈ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਸਭ ਤੋਂ ਵੱਡੀ ਚੁਣੌਤੀ ਹੈ ਬਿਜਲੀ ਦੀ ਨਿਰੰਤਰ ਸਪਲਾਈ ਨੂੰ ਬਣਾਈ ਰੱਖਣਾ। ਪੀਐੱਸਪੀਸੀਐੱਲ ਨੇ ਹਾਲਾਂਕਿ ਇਸ ਸਾਲ ਬਿਨਾਂ ਪਾਵਰ ਕੱਟ ਦੇ ਸਪਲਾਈ ਦਾ ਦਾਅਵਾ ਕੀਤਾ ਹੈ ਪਰ ਕਈ ਖੇਤਰਾਂ 'ਚ ਬਿਜਲੀ ਦੇ ਅਣ-ਐਲਾਨੇ ਕੱਟਾਂ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆ ਰਹੀਆਂ ਹਨ, ਖ਼ਾਸ ਕਰ ਕੇ ਪੇਂਡੂ ਇਲਾਕਿਆਂ 'ਚ ਜਿੱਥੇ ਸਿੰਚਾਈ ਦੀਆਂ ਲੋੜਾਂ ਸਭ ਤੋਂ ਵੱਧ ਹਨ। ਅੱਤ ਦੀ ਗਰਮੀ ਨੇ ਸਿਹਤ ਸਬੰਧੀ ਸਮੱਸਿਆਵਾਂ ਨੂੰ ਵੀ ਵਧਾ ਦਿੱਤਾ ਹੈ। ਹਸਪਤਾਲਾਂ 'ਚ ਹੀਟ ਸਟਰੋਕ, ਪਾਣੀ ਦੀ ਕਮੀ ਤੇ ਗਰਮੀ ਨਾਲ ਸਬੰਧਤ ਹੋਰ ਬਿਮਾਰੀਆਂ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਖ਼ਾਸ ਤੌਰ 'ਤੇ ਬਜ਼ੁਰਗ ਤੇ ਬੱਚੇ ਇਸ ਦੇ ਸਭ ਤੋਂ ਵੱਧ ਸ਼ਿਕਾਰ ਹੋ ਰਹੇ ਹਨ। ਇਸ ਕਾਰਨ ਕਈ ਲੋਕ ਮੌਤ ਦੇ ਮੂੰਹ 'ਚ ਵੀ ਜਾ ਪਏ। ਸਿਹਤ ਮਾਹਿਰ ਲੋਕਾਂ ਨੂੰ ਵੱਧ ਤੋਂ ਵੱਧ ਪਾਣੀ ਪੀਣ, ਹਲਕੇ ਕੱਪੜੇ ਪਹਿਨਣ ਤੇ ਦੁਪਹਿਰ ਸਮੇਂ ਬਾਹਰ ਨਾ ਨਿਕਲਣ ਦੀ ਸਲਾਹ ਦੇ ਰਹੇ ਹਨ।

ਮੌਜੂਦਾ ਸਥਿਤੀ ਨਾਲ ਸਿੱਝਣ ਲਈ ਬਿਜਲੀ ਦੀ ਖਪਤ ਨੂੰ ਘਟਾਉਣ ਲਈ ਜਨਤਕ ਜਾਗਰੂਕਤਾ ਮੁਹਿੰਮਾਂ ਦੀ ਲੋੜ ਦੱਸੀ ਜਾ ਰਹੀ ਹੈ ਤੇ ਸਰਕਾਰ ਨੂੰ ਨਵਿਆਉਣਯੋਗ ਊਰਜਾ ਸਰੋਤਾਂ ਜਿਵੇਂ ਕਿ ਸੋਲਰ ਐਨਰਜੀ 'ਚ ਨਿਵੇਸ਼ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਖੇਤੀਬਾੜੀ ਸੈਕਟਰ 'ਚ ਸਿੰਚਾਈ ਦੀਆਂ ਆਧੁਨਿਕ ਤਕਨੀਕਾਂ ਜਿਵੇਂ ਕਿ ਤੁਪਕਾ ਸਿੰਚਾਈ ਆਦਿ ਨੂੰ ਅਪਣਾਉਣ ਨਾਲ ਪਾਣੀ ਤੇ ਬਿਜਲੀ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ। ਅੱਤ ਦੀ ਗਰਮੀ ਤੇ ਬਿਜਲੀ ਦੀ ਵਧਦੀ ਮੰਗ ਨੇ ਸੂਬੇ ਅੱਗੇ ਵੱਡੀ ਚੁਣੌਤੀ ਖੜ੍ਹੀ ਕੀਤੀ ਹੈ।

# ਕਾਰਨੀ ਦੇ ਕਾਰਨ ਭਾਰਤ-ਕੈਨੇਡਾ ਸਬੰਧਾਂ 'ਤੇ ਜੰਮੀ ਬਰਫ਼ ਪਿਘਲੀ

(ਸਫਾ 2 ਦੀ ਬਾਕੀ)

ਆਰਥਿਕਤਾ ਬਣ ਚੁੱਕਾ ਹੈ। ਜੀ-7 ਦੇਸ਼ਾਂ ਦੇ ਮੈਂਬਰ ਜਿਵੇਂ ਫਰਾਂਸ, ਇਟਲੀ, ਕੈਨੇਡਾ, ਜਾਪਾਨ ਨਾਲੋਂ ਭਾਰਤ ਵੱਡੀ ਆਰਥਿਕਤਾ ਹੈ। ਵਿਸ਼ਵ 'ਚ ਅਮਨ-ਕਾਨੂੰਨ ਤੇ ਨਵੇਂ ਨਿਜ਼ਾਮ ਸਬੰਧੀ ਉੱਭਰਦੀਆ ਚੁਣੌਤੀਆਂ ਦੇ ਮੱਦੇਨਜ਼ਰ ਕੈਨੇਡਾ ਨੂੰ ਨਵੇਂ ਵਿਸ਼ਵਾਸਪਾਤਰ ਹਮਜੋਲੀਆਂ ਦੀ ਲੋੜ ਹੈ। ਜਦੋਂ ਸੰਨ 2015 'ਚ ਸਟੀਫਨ ਹਾਰਪਰ ਦੀ ਕੰਜ਼ਰਵੇਟਿਵ ਸਰਕਾਰ ਨੂੰ ਹਰਾ ਕੇ ਜਸਟਿਨ ਟਰੂਡੋ ਦੀ ਅਗਵਾਈ 'ਚ ਲਿਬਰਲ ਪਾਰਟੀ ਨੇ ਸੱਤਾ ਸੰਭਾਲੀ ਸੀ ਉਦੋਂ ਕੈਨੇਡਾ ਦੀ ਵਿਸ਼ਵ ਅੰਦਰ ਵੱਡੀ ਮੰਗ ਸੀ। ਹੁਣ ਵਕਤ ਬਦਲ ਚੁੱਕਾ ਹੈ।

ਅੱਜ ਭਾਰਤ ਦੀ ਮੰਗ ਹੈ। ਡਾ. ਮਨਮੋਹਨ ਸਿੰਘ ਵਾਂਗ ਵਿਸ਼ਵ ਪ੍ਰਸਿੱਧ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸੋਚ ਵਿਸ਼ਾਲ ਅਤੇ ਅਗਾਂਹਵਧੂ ਹੈ। ਉਨ੍ਹਾਂ ਨੇ ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੇ 2023 'ਚ ਸਰੀ ਵਿਖੇ ਇਕ ਗੁਰਦੁਆਰੇ ਬਾਹਰ ਕਤਲ ਨੂੰ ਲੈ ਕੇ ਭਾਰਤ ਨਾਲ ਉੱਭਰੇ ਡਿਪਲੋਮੈਟਿਕ, ਸੁਰੱਖਿਆ, ਵਿਦੇਸ਼ੀ ਦਖ਼ਲ ਟਕਰਾਵਾਂ ਨੂੰ ਲਾਂਭੇ ਰੱਖਦੇ ਹੋਏ ਭਾਰਤ ਦੀ ਆਰਥਿਕ, ਵਪਾਰਕ, ਬਾਜ਼ਾਰ, ਰਣਨੀਤਕ ਮਹੱਤਤਾ ਨੂੰ ਦੇਖਦੇ ਹੋਏ ਮੋਦੀ ਨੂੰ ਸੰਮੇਲਨ 'ਚ ਸ਼ਾਮਲ ਹੋਣ ਦਾ ਨਿੱਘਾ ਸੱਦਾ ਦਿੱਤਾ।

ਪ੍ਰਧਾਨ ਮੰਤਰੀ ਕਾਰਨੀ ਨੇ ਮੈਕਸੀਕੋ, ਯੂਕਰੇਨ, ਆਸਟ੍ਰੇਲੀਆ, ਦੱਖਣੀ ਅਫ਼ਰੀਕਾ ਤੇ ਦੱਖਣੀ ਕੋਰੀਆ ਨੂੰ ਵੀ ਸੱਦਾ ਦਿੱਤਾ ਹੈ। ਕਾਰਨੀ ਦੀ ਸੂਝ ਦੀ ਦਾਦ ਦੇਣੀ ਬਣਦੀ ਹੈ ਕਿ ਉਸ ਨੇ 2018 'ਚ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਵਿਖੇ ਵਿਰੋਧੀ ਵਿਚਾਰਾਂ ਵਾਲੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ 'ਚ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ-ਬਿਨ-ਸੁਲਤਾਨ ਦੇ ਲੁਕਵੇਂ ਹੱਥ ਦੇ ਦੋਸ਼ ਕਰਕੇ ਅਮਰੀਕਾ ਵਾਂਗ ਪੈਦਾ ਹੋਏ ਡਿਪਲੋਮੈਟਿਕ ਟਕਰਾਅ ਲਾਂਭੇ ਰੱਖ ਕੇ ਕਰਾਊਨ ਪ੍ਰਿੰਸ ਨੂੰ ਸੰਮੇਲਨ 'ਚ ਭਾਗ ਲੈਣ ਦਾ ਸੱਦਾ ਦਿੱਤਾ ਹੈ।

ਕਾਰਨੀ ਨੇ ਦੱਸ ਦਿੱਤਾ ਹੈ ਕਿ ਕੋਈ ਨਾਰਾਜ਼ ਹੋਵੇ ਜਾਂ ਖੁਸ਼, ਅਸੀਂ ਆਪਣਾ ਨਫ਼ਾ-ਨੁਕਸਾਨ ਤੋਲ ਕੇ ਸੱਦਾ ਦਿੰਦੇ ਹਾਂ। ਇਹ ਵੱਖਰੀ ਗੱਲ ਹੈ ਕਿ ਕਰਾਊਨ ਪ੍ਰਿੰਸ ਨਹੀਂ ਆ ਰਹੇ। ਕਾਰਨੀ ਚੀਨ ਨਾਲ ਵੀ ਸਬੰਧ ਸੁਧਾਰ ਰਿਹਾ ਹੈ। ਅਮਰੀਕਾ ਕਰਕੇ ਕੈਨੇਡਾ ਦੇ ਚੀਨ ਨਾਲ ਸਬੰਧ ਵਿਗੜੇ ਸਨ ਜਿਸ ਨੇ ਉਸ ਦੇ ਦੋ ਨਾਗਰਿਕ ਮਾਈਕਲ ਕੋਵਰਿਗ ਤੇ ਮਾਈਕਲ ਸਪਾਵੋਰ, ਹੁਆਵੀ ਮਾਮਲੇ ਕਰਕੇ ਲੰਬਾ ਸਮਾਂ ਬੰਦੀ ਬਣਾ ਕੇ ਰੱਖੇ ਸਨ।

ਕੈਨੇਡਾ ਪਹਿਲਾਂ ਸੰਨ 2010 ਵਿਚ ਹੰਟਸਵਿਲੇ, ਓਂਟਾਰੀਓ, ਸੰਨ 2018 ਵਿਚ ਚਾਰਲੀਵੋਕਸ, ਕਿਊਬੈਕ ਵਿਖੇ ਦੋ ਵਾਰ ਜੀ-7 ਸੰਮੇਲਨਾਂ ਦੀ ਮੇਜ਼ਬਾਨੀ ਕਰ ਚੁੱਕਾ ਹੈ ਜਿਨ੍ਹਾਂ 'ਤੇ ਕ੍ਰਮਵਾਰ ਉਸ ਨੇ 300 ਅਤੇ 600 ਮਿਲੀਅਨ ਡਾਲਰ ਖਰਚ ਕੀਤੇ ਸਨ। ਆਸ ਹੈ ਕਿ ਇਸ ਸੰਮੇਲਨ ਦੇ ਸਾਰਥਕ ਨਤੀਜੇ ਨਿਕਲਣਗੇ। ਭਾਰਤ ਦੇ ਪ੍ਰਧਾਨ ਮੰਤਰੀ ਨੂੰ ਜੀ-7 ਅਤੇ ਦੂਸਰੇ ਦੇਸ਼ਾਂ ਦੇ ਮੁਖੀਆਂ ਨਾਲ ਰਾਸ਼ਟਰੀ ਹਿੱਤਾਂ, ਡਿਪਲੋਮੈਟਿਕ, ਵਪਾਰਕ, ਆਰਥਿਕ, ਰੱਖਿਆ ਮੁੱਦਿਆਂ ਤੋਂ ਇਲਾਵਾ ਪਾਕਿਸਤਾਨ ਦੀ ਕੌਮਾਂਤਰੀ ਪੱਧਰ 'ਤੇ ਅੱਤਵਾਦ ਦੇ ਪ੍ਰਸਾਰ ਵਿਚ ਸ਼ਮੂਲੀਅਤ ਦਾ ਪਰਦਾਫਾਸ਼ ਕਰਨ ਦਾ ਸੁਨਹਿਰੀ ਮੌਕਾ ਹਾਸਲ ਹੋਵੇਗਾ।

# ਪੂਰੀ ਸਦੀ ਬਾਅਦ ਭਾਰਤ ਨਾਲ ਜੁੜਿਆ ਕਸ਼ਮੀਰ

ਸੰਨ 1897 ਦੀ ਸਾਰਾਗੜ੍ਹੀ ਦੀ ਲੜਾਈ, ਉਹ ਸਾਰਾਗੜ੍ਹੀ ਜਿਹੜਾ ਹੁਣ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਪੈਂਦਾ ਹੈ, ਤੋਂ ਇੱਕ ਸਾਲ ਬਾਅਦ ਤੇ ਉਸ ਦੇ ਨੇੜੇ-ਤੇੜੇ ਜਦੋਂ ਚੀਨ ਵਿਦੇਸ਼ੀਆਂ ਵਿਰੁੱਧ ਇਕ ਬਗਾਵਤ (ਜਿਸ ਨੂੰ 'ਬੌਕਸਰ ਬਗਾਵਤ' ਵੀ ਕਹਿੰਦੇ ਹਨ) ਵਿੱਚ ਉਲਝਿਆ ਹੋਇਆ ਸੀ, ਉਦੋਂ ਡੋਗਰਾ ਮਹਾਰਾਜਾ ਪ੍ਰਤਾਪ ਸਿੰਘ ਨੇ 1898 'ਚ ਬ੍ਰਿਟਿਸ਼ ਇੰਜਨੀਅਰਾਂ ਨੂੰ ਸਰਗਰਮੀ ਨਾਲ ਇਕ ਰੇਲਵੇ ਲਾਈਨ ਬਣਾਉਣ ਦਾ ਕੰਮ ਸੌਂਪਿਆ ਸੀ। ਇਸ ਰੇਲਵੇ ਲਾਈਨ ਨੇ ਜੰਮੂ ਖੇਤਰ ਦੀਆਂ ਜ਼ਮੀਨਾਂ ਨੂੰ ਕਸ਼ਮੀਰ ਘਾਟੀ ਨਾਲ ਜੋੜਨਾ ਸੀ।

ਅੱਜ ਜਦੋਂ ਪਹਿਲੀ ਵੰਦੇ ਭਾਰਤ ਰੇਲਗੱਡੀ ਕੱਟੜਾ ਤੋਂ ਸ੍ਰੀਨਗਰ ਲਈ ਰਵਾਨਾ ਹੋਈ ਤਾਂ ਇਸ ਦੀਆਂ ਸਾਰੀਆਂ ਟਿਕਟਾਂ ਵਿਕ ਚੁੱਕੀਆਂ ਸਨ। ਦੁਨੀਆ ਦੇ ਕੁਝ ਸਭ ਤੋਂ ਸ਼ਾਨਦਾਰ ਦ੍ਰਿਸ਼ਾਂ ਨੂੰ ਨਿਹਾਰਦਿਆਂ, ਹਿੰਦੂ ਬਹੁਗਿਣਤੀ ਜੰਮੂ ਖੇਤਰ ਤੇ ਮੁਸਲਿਮ ਬਹੁਗਿਣਤੀ ਕਸ਼ਮੀਰ ਦੇ ਸੰਪੂਰਨ ਏਕੀਕਰਨ ਦੇ ਹੱਕ ਵਿੱਚ ਭਰਪੂਰ ਵੋਟ ਪਾਈ ਸੀ।

ਇਸ ਤੋਂ ਵੱਧ ਪ੍ਰਤੱਖ ਵਿਅੰਗ ਕੋਈ ਹੋਰ ਨਹੀਂ ਹੋ ਸਕਦਾ ਕਿ ਮੁੱਖ ਮੰਤਰੀ ਉਮਰ ਅਬਦੁੱਲਾ, ਜਿਨ੍ਹਾਂ ਨੂੰ ਧਾਰਾ 370 ਦੇ ਖਾਤਮੇ ਦੇ ਸਾਰੇ ਵਿਰੋਧ ਨੂੰ ਕੁਚਲਣ ਲਈ 5 ਅਗਸਤ, 2019 ਨੂੰ ਨਜ਼ਰਬੰਦ ਕੀਤਾ ਗਿਆ ਸੀ, ਸ਼ੁੱਕਰਵਾਰ ਨੂੰ ਚਨਾਬ ਪੁਲ 'ਤੇ ਪ੍ਰਧਾਨ ਮੰਤਰੀ ਦੇ ਨਾਲ ਖੜ੍ਹੇ ਸਨ। ਉਨ੍ਹਾਂ ਇਸ ਮੌਕੇ ਪੁੱਛਿਆ ਕਿ ਕਿਉਂ ਉਨ੍ਹਾਂ ਦਾ ਦਰਜਾ ਇੱਕ ਰਾਜ ਦੇ ਮੁੱਖ ਮੰਤਰੀ ਤੋਂ ਘਟਾ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਮੁੱਖ ਮੰਤਰੀ ਦਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ ਤਨਜ਼ ਅਤੇ ਦਿਆਨਤਦਾਰੀ ਦੋਵੇਂ ਸਨ, ਪਰ ਉਦਾਸੀ ਵੀ ਸੀ। ਕੀ ਆਮ ਤੌਰ 'ਤੇ ਕਸ਼ਮੀਰੀ ਸਿਆਸਤਦਾਨਾਂ ਤੇ ਖਾਸ ਕਰ ਕੇ ਕਸ਼ਮੀਰ ਦੇ ਵਜ਼ੀਰ-ਏ-ਆਲਾ (ਮੁੱਖ ਮੰਤਰੀ) ਨੂੰ ਮਾਣਯੋਗ ਵਜ਼ੀਰ-ਏ-ਆਜ਼ਮ(ਪ੍ਰਧਾਨ ਮੰਤਰੀ) ਵੱਲੋਂ ਪੂਰੀ ਤਰ੍ਹਾਂ ਭਰੋਸੇਮੰਦ ਨਹੀਂ ਸਮਝਿਆ ਗਿਆ ਸੀ?




ਦਿਲ-ਦਿਮਾਗ ਨੂੰ ਜੋੜਦਿਆਂ, ਮਹਾਰਾਜਾ ਦਾ ਸੁਪਨਾ ਆਖਰਕਾਰ ਪੂਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਰੇਲਵੇ ਅਤੇ ਕੇਂਦਰ ਦੇ ਸਾਰੇ ਬੁਨਿਆਦੀ ਢਾਂਚੇ ਦੇ ਮਿਸ਼ਨਾਂ ਨੂੰ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਤੇ ਸੜਕੀ ਆਵਾਜਾਈ ਅਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਰਾਹੀਂ ਪੂਰਾ ਕਰਵਾਉਣ ਦਾ ਸੰਪੂਰਨ ਸਿਹਰਾ ਲੈ ਸਕਦੇ ਹਨ, ਜਿਸ ਤਹਿਤ ਸਿਰਫ ਚਨਾਬ ਉਤੇ ਇਕ ਬੇਮਿਸਾਲ ਪੁਲ ਹੀ ਨਹੀਂ ਉਸਾਰਿਆ ਗਿਆ, ਬਲਕਿ ਜੰਮੂ ਅਤੇ ਕਸ਼ਮੀਰ ਘਾਟੀ ਦੇ ਵਿਚਕਾਰ 272 ਕਿਲੋਮੀਟਰ ਦੇ ਟਰੈਕ 'ਤੇ 38 ਸੁਰੰਗਾਂ ਅਤੇ 927 ਪੁਲਾਂ ਨੂੰ ਵੀ ਪੂਰਾ ਕੀਤਾ ਗਿਆ ਹੈ।

ਸੱਤ ਜੂਨ ਯਕੀਨਨ ਖਾਸ ਹੈ- ਪਹਿਲੀ ਰੇਲਗੱਡੀ ਪਾਕਿਸਤਾਨ ਦੇ ਕਈ ਦਹਿਸ਼ਤੀ ਟਿਕਾਣਿਆਂ, ਜਿਨ੍ਹਾਂ 'ਚ ਪੰਜਾਬ ਸੂਬੇ ਦੇ ਮੁਰੀਦਕੇ ਤੇ ਬਹਾਵਲਪੁਰ ਸ਼ਾਮਲ ਹਨ, ਉੱਤੇ 7 ਮਈ ਦੇ ਹਮਲੇ ਤੋਂ ਠੀਕ ਇੱਕ ਮਹੀਨੇ ਬਾਅਦ ਰਵਾਨਾ ਹੋਵੇਗੀ। ਰੇਲਗੱਡੀ ਵਿੱਚ ਸਵਾਰ ਲੋਕ ਸਿਰਫ ਸੈਲਾਨੀ ਨਹੀਂ ਹਨ; ਉਹ ਦੋ ਵਿਚਾਰਾਂ ਦੀ ਜਿਊਂਦੀ ਜਾਗਦੀ ਤਸਦੀਕ ਹਨ। ਪਹਿਲਾ ਕਿ ਗੋਲੀਆਂ ਬਹਾਦਰਾਂ ਨੂੰ ਰੋਕ ਨਹੀਂ ਸਕਦੀਆਂ ਅਤੇ ਦੂਜਾ ਕਿ ਸਿਰਫ ਬੁਜ਼ਦਿਲ ਹੀ ਗੋਲੀਆਂ ਦੀ ਵਰਤੋਂ ਕਰਦੇ ਹਨ।

ਕਸ਼ਮੀਰ ਲਈ ਇਹ ਰੇਲਗੱਡੀ ਮੱਲ੍ਹਮ ਵਾਂਗ ਹੈ। ਅਸਲ ਵਿੱਚ ਇਹ ਤਿੰਨ ਗੱਲਾਂ ਦੀ ਤਸਦੀਕ ਕਰਦੀ ਹੈ- ਭਿਆਨਕ ਪਹਿਲਗਾਮ ਕਤਲੇਆਮ ਤੋਂ ਬਾਅਦ ਖੁਸਰੋ ਦੀ ਜੰਨਤ ਵਿੱਚ ਟੂਰਿਜ਼ਮ ਇਕ ਤਰ੍ਹਾਂ ਨਾਲ ਖਤਮ ਹੋ ਗਿਆ ਹੈ। ਕਸ਼ਮੀਰੀਆਂ ਨੇ ਮਸਜਿਦਾਂ ਤੇ ਸੜਕਾਂ 'ਤੇ ਵਿਰੋਧ ਪ੍ਰਦਰਸ਼ਨਾਂ ਰਾਹੀਂ ਆਪਣਾ ਦੁੱਖ ਜ਼ਾਹਰ ਕੀਤਾ ਅਤੇ ਗੁੱਸਾ ਕੱਢਿਆ। ਇਹ ਪਹਿਲਾ ਪ੍ਰਮਾਣ ਹੈ ਕਿ ਨਵੇਂ ਕਸ਼ਮੀਰ ਦਾ ਮਿਜ਼ਾਜ ਬਦਲ ਗਿਆ ਹੈ।

ਬੇਚਾਰਾ ਆਸਿਮ ਮੁਨੀਰ। ਪਾਕਿਸਤਾਨ ਵੱਲੋਂ 'ਦੋ ਕੌਮਾਂ ਦੇ ਸਿਧਾਂਤ' ਨੂੰ ਵਾਰ-ਵਾਰ ਦਲਦਲ ਵਿੱਚੋਂ ਕੱਢਣ ਦੀ ਕੋਸ਼ਿਸ਼ ਨੂੰ ਖੁਦ ਕਸ਼ਮੀਰੀਆਂ ਨੇ ਹੀ ਠੁਕਰਾ ਦਿੱਤਾ ਹੈ ਅਤੇ ਵਿਰੋਧ ਕੀਤਾ ਹੈ। ਉਹ ਇਸ ਨੂੰ ਨਾ ਤਾਂ 1947 ਵਿੱਚ ਚਾਹੁੰਦੇ ਸਨ ਤੇ ਨਾ 2025 ਵਿੱਚ ਚਾਹੁੰਦੇ ਹਨ। ਪਾਕਿਸਤਾਨ ਸੈਨਾ ਮੁਖੀ ਇੱਕ ਸਿਆਣਾ ਬੰਦਾ ਹੈ; ਸਮਾਂ ਆ ਗਿਆ ਹੈ ਕਿ ਉਹ ਇਹ ਸੁਨੇਹਾ ਸਮਝ ਲਵੇ ਕਿ ਉਸ ਨੂੰ ਕਸ਼ਮੀਰ ਦਾ ਖਹਿੜਾ ਛੱਡ ਦੇਣਾ ਚਾਹੀਦਾ ਹੈ।

ਮੁਨੀਰ ਅਤੇ ਉਸ ਦੀ ਫੌਜ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਹਿਲਗਾਮ ਹਿੰਸਾ ਇਕ ਅਨੋਖੇ ਤਰੀਕੇ ਨਾਲ ਧਾਰਾ 370 ਦੇ ਕਫ਼ਨ 'ਚ ਆਖਰੀ ਕਿੱਲ ਵਰਗੀ ਸੀ। ਕਿ ਕਸ਼ਮੀਰ ਦੇ ਅੰਦਰ ਉਹ ਸਾਰੇ, ਜਿਨ੍ਹਾਂ 2019 ਵਿੱਚ ਆਪਣੇ 'ਵਿਸ਼ੇਸ਼ ਦਰਜੇ' ਦੇ ਅੰਤ ਦਾ ਸੋਗ ਮਨਾਇਆ ਸੀ, ਅਤੇ ਅੱਜ ਵੀ 'ਆਜ਼ਾਦੀ' ਦੇ ਕਿਸੇ ਭੁਲੇਖੇ ਵਿੱਚ ਯਕੀਨ ਰੱਖਦੇ ਹਨ, ਹੁਣ ਪੂਰੀ ਤਰ੍ਹਾਂ ਸਮਝ ਗਏ ਹਨ ਕਿ ਇਸ ਕੂਟਨੀਤਕ ਤੇ ਰਾਜਨੀਤਕ ਖੇਡ ਵਿਚ ਕਿੰਨੇ ਵੱਡੇ ਦਾਅ ਖੇਡੇ ਜਾ ਰਹੇ ਹਨ।

ਜੰਮੂ-ਕਸ਼ਮੀਰ ਵਿੱਚ ਸਫਲ ਚੋਣਾਂ ਤੋਂ ਬਾਅਦ ਪਿਛਲੇ ਨੌਂ ਮਹੀਨਿਆਂ ਦੌਰਾਨ ਪ੍ਰਧਾਨ ਮੰਤਰੀ ਨੂੰ ਸ਼ਾਇਦ ਸੂਬੇ ਬਾਰੇ ਹੋਰ ਵਧੇਰੇ ਸੋਚਣਾ ਚਾਹੀਦਾ ਸੀ। ਉਨ੍ਹਾਂ ਨੂੰ ਇਸ ਸਵਾਲ ਨੂੰ ਮੁਖਾਤਬ ਹੋਣਾ ਚਾਹੀਦਾ ਹੈ ਕਿ ਆਸਿਮ ਮੁਨੀਰ ਵਲੋਂ ਪ੍ਰਚਾਰੇ ਜਾ ਰਹੇ ਦੋ ਕੌਮਾਂ ਦੇ ਸਿਧਾਂਤ ਵਿਰੁੱਧ ਸਾਡੇ ਕੋਲ ਮੌਜੂਦ ਸਭ ਤੋਂ ਵਧੀਆ ਹਥਿਆਰ- ਪੂਰਨ ਰਾਜ ਦਾ ਦਰਜਾ, ਅਜੇ ਤੱਕ ਇਸ ਰਾਜ ਨੂੰ ਵਾਪਸ ਕਿਉਂ ਨਹੀਂ ਕੀਤਾ ਗਿਆ ਜਿਸ ਨੇ ਲੋਕਤੰਤਰ ਅਤੇ ਭਾਰਤੀ ਸੰਘ ਨਾਲ ਆਪਣੇ

ਸੱਚਾਈ ਇਹ ਹੈ ਕਿ ਉਪ ਰਾਜਪਾਲ ਮਨੋਜ ਸਿਨਹਾ ਅਜੇ ਵੀ ਉਮਰ ਅਬਦੁੱਲਾ ਨਾਲੋਂ ਕਾਨੂੰਨ ਵਿਵਸਥਾ ਅਤੇ ਸੁਰੱਖਿਆ, ਤਾਇਨਾਤੀਆਂ ਅਤੇ ਮੁਕੱਦਮਿਆਂ ਦੇ ਮਾਮਲੇ ਵਿਚ ਵਧੇਰੇ ਤਾਕਤਾਂ ਰੱਖਦੇ ਹਨ। ਉਮਰ ਅਬਦੁੱਲਾ ਸੂਬੇ ਦੇ ਨਾਮਾਤਰ ਮੁਖੀ ਬਣਨ 'ਤੇ ਗੁੱਸਾ ਕਰ ਸਕਦੇ ਹਨ, ਪਹਿਲਗਾਮ 'ਚ ਸਾਈਕਲਿੰਗ ਤੇ ਗੁਲਮਰਗ ਵਿੱਚ ਸਕੀਇੰਗ ਕਰ ਸਕਦੇ ਹਨ, ਪਰ ਹਕੀਕਤ ਹੈ ਕਿ ਅੱਜ ਉਨ੍ਹਾਂ ਦੇ ਮੁਕਾਬਲੇ ਐਲਜੀ ਸਿਨਹਾ ਕੋਲ ਵਧੇਰੇ ਤਾਕਤਾਂ ਹਨ। ਪਰ ਅਬਦੁੱਲਾ ਨੇ ਆਪਣੇ ਅਹੁਦੇ ਨੂੰ ਨਵਾਂ ਰੂਪ ਦਿੱਤਾ ਹੈ, ਇੱਕ ਨਵੇਂ ਕਸ਼ਮੀਰ ਲਈ ਇੱਕ ਨਵਾਂ ਮੁੱਖ ਮੰਤਰੀ। ਉਹ ਪਿਛਲੇ ਸਾਲਾਂ ਦੌਰਾਨ ਤਕਲੀਫਾਂ ਝੱਲਣ ਵਾਲੇ ਲੋਕਾਂ ਦੇ ਦਰਦ ਨੂੰ ਦੂਰ ਕਰਨ ਲਈ ਉਨ੍ਹਾਂ ਨਾਲ ਰਾਬਤਾ ਕਰ ਰਿਹਾ ਹੈ। ਉਸ ਨੇ ਅਜੇ ਬਹੁਤ ਲੰਬਾ ਸਫ਼ਰ ਤੈਅ ਕਰਨਾ ਹੈ। ਉਸ ਦੇ ਅਹੁਦੇ ਦਾ ਇਹ ਨਵਾਂ ਰੂਪ ਇਹ ਵੀ ਮੰਗ ਕਰਦਾ ਹੈ ਕਿ ਤੁਸੀਂ ਆਪਣੇ ਹਉਮੈ ਅਤੇ ਹੰਕਾਰ ਨੂੰ ਛੱਡੋ ਕਿਉਂਕਿ ਤੁਹਾਨੂੰ ਕੇਂਦਰ ਦੀ ਸੱਤਾ 'ਚ ਆਪਣੇ ਵਿਚਾਰਧਾਰਕ ਵਿਰੋਧੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਤੁਸੀਂ ਜਾਣਦੇ ਹੋ ਕਿ ਉਸ ਤੋਂ ਬਿਨਾਂ ਤੁਸੀਂ ਜ਼ਿਆਦਾ ਕੁਝ ਨਹੀਂ ਕਰ ਸਕਦੇ।

ਇਹ ਦੂਜਾ ਪ੍ਰਮਾਣ ਹੈ ਜੋ ਦਰਸਾਉਂਦਾ ਹੈ ਕਿ ਕਸ਼ਮੀਰ ਵਿੱਚ ਚੀਜ਼ਾਂ ਕਿਵੇਂ ਬਦਲ ਗਈਆਂ ਹਨ। ਛੋਟੇ ਅਬਦੁੱਲਾ ਜਾਣਦੇ ਹਨ ਕਿ ਉਨ੍ਹਾਂ ਨੇ ਸਿਰਫ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ, ਜਿਨ੍ਹਾਂ ਨੇ ਉਨ੍ਹਾਂ ਨੂੰ ਨਜ਼ਰਬੰਦ ਕੀਤਾ ਸੀ, ਤੱਕ ਪਹੁੰਚ ਹੀ ਨਹੀਂ ਕਰਨੀ ਹੈ, ਬਲਕਿ ਕਮਜ਼ੋਰ ਹੋ ਰਹੇ 'ਇੰਡੀਆ' ਬਲਾਕ ਨਾਲ ਵੀ ਉਹ ਆਪਣੀ ਜ਼ਿਆਦਾ ਵਫ਼ਾਦਾਰੀ ਨਹੀਂ ਦਿਖਾ ਸਕਦੇ।

ਤੀਜੀ ਤਸਦੀਕ ਮੋਦੀ ਦੀ ਆਪਣੀ ਹੈ। ਕੱਟੜਾ ਵਿਚ ਉਨ੍ਹਾਂ ਦੇ ਇਹ ਕਥਨ ਕਿ 'ਪਹਿਲਗਾਮ ਵਿਚ ਇਨਸਾਨੀਅਤ ਤੈ ਕਸ਼ਮੀਰੀਅਤ ਦੋਵਾਂ ਉਤੇ ਹੋਇਆ ਹਮਲਾ, ਅਟਲ ਬਿਹਾਰੀ ਵਾਜਪਾਈ ਵੱਲੋਂ 2003 ਵਿਚ ਦਿੱਤੇ ਉਸ ਨਾਅਰੇ ਦੀ ਯਾਦ ਦਿਵਾਉਂਦੇ ਹਨ ਜਦੋਂ ਸਾਬਕਾ ਪ੍ਰਧਾਨ ਮੰਤਰੀ ਨੇ ਕਸ਼ਮੀਰ ਲਈ ਇੱਕ ਰੂਹਾਨੀ ਛੋਹ ਦੀ ਜ਼ਰੂਰਤ ਬਾਰੇ ਗੱਲ ਕੀਤੀ ਸੀ ਅਤੇ ਕਿਹਾ ਸੀ ਕਿ ਸਾਰੇ ਕਸ਼ਮੀਰੀਆਂ ਨਾਲ ਗੱਲਬਾਤ 'ਕਸ਼ਮੀਰੀਅਤ, ਇਨਸਾਨੀਅਤ ਅਤੇ ਜਮਹੂਰੀਅਤ' ਦੇ ਵਿਆਪਕ ਦਾਇਰੇ ਵਿੱਚ ਹੋ ਸਕਦੀ ਹੈ।

ਕੀ ਪ੍ਰਧਾਨ ਮੰਤਰੀ ਇਹ ਸੰਕੇਤ ਦੇ ਰਹੇ ਸਨ ਕਿ ਭਾਰਤ ਸਰਕਾਰ ਕਸ਼ਮੀਰ ਦੇ ਲੋਕਾਂ ਦੇ ਦੁਖ ਦਰਦ ਨੂੰ ਦੂਰ ਕਰਨ ਲਈ ਹੋਰ ਕਾਰਗਰ ਕਦਮ ਚੁੱਕੇਗੀ। ਇਨ੍ਹਾਂ ਵਿੱਚੋਂ ਕੁਝ ਵਿਲੱਖਣ ਵਿਚਾਰ ਪਿਛਲੇ ਸਾਲ ਚੋਣਾਂ ਦੌਰਾਨ ਨਿਸ਼ਚਿਤ ਤੌਰ 'ਤੇ ਉੱਭਰੇ ਸਨ ਜਦੋਂ ਜਮਾਤ-ਏ-ਇਸਲਾਮੀ ਦੇ ਉਮੀਦਵਾਰਾਂ ਨੂੰ ਚੋਣ ਲੜਨ ਲਈ ਜੇਲ੍ਹ ਤੋਂ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਜਮਾਤ ਨਾਲ ਪਰਦੇ ਪਿੱਛੇ ਗੱਲਬਾਤ ਦੀਆਂ ਕੋਸ਼ਿਸ਼ਾਂ ਹੋ ਚੁੱਕੀਆਂ ਹਨ; ਇਸ ਸਾਲ ਦੇ ਸ਼ੁਰੂ ਵਿੱਚ ਸਾਬਕਾ ਜਮਾਤ ਮੈਂਬਰਾਂ ਦੀ ਇੱਕ ਨਵੀਂ ਰਾਜਨੀਤਕ ਪਾਰਟੀ 'ਜਸਟਿਸ ਐਂਡ ਡਿਵੈਲਪਮੈਂਟ ਫਰੰਟ' ਬਣਾਈ ਗਈ ਸੀ।

ਇੱਕ ਰੇਲਗੱਡੀ ਦਾ ਕੰਮ ਲੋਕਾਂ, ਵਸਤਾਂ ਅਤੇ ਵਿਚਾਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ ਹੈ। ਕਸ਼ਮੀਰ ਲਈ ਇਹ ਰੇਲਗੱਡੀ ਪਹਿਲਾਂ ਹੀ ਨਵੀਆਂ ਗੱਲਾਂ-ਬਾਤਾਂ ਨੂੰ ਜਨਮ ਦੇ ਰਹੀ ਹੈ। ਸ਼ਾਇਦ ਇਸ ਨੇ ਆਪਣਾ ਉਦੇਸ਼ ਪੂਰਾ ਕਰ ਲਿਆ ਹੈ। ਜੰਮੂ-ਕਸ਼ਮੀਰ ਵਿੱਚ ਹੁਣ ਸਭ ਕੁਝ ਪਹਿਲਾਂ ਵਰਗਾ ਨਹੀਂ ਰਹਿਣਾ।

# ਪੁਲਾੜ ਵਿੱਚ ਖੇਤੀ ਕਰਨ ਦਾ ਮਿਸ਼ਨ

**ਟੀਵੀ ਵੈਂਕਟੇਸਵਰਨ**

ਸੰਨ 1984 ਵਿੱਚ ਰੂਸ ਦੇ ਸੋਊਜ਼ ਸਪੇਸਕ੍ਰਾਫਟ 'ਤੇ ਰਾਕੇਸ਼ ਸ਼ਰਮਾ ਵੱਲੋਂ ਪੁਲਾੜ ਯਾਤਰਾ ਕਰਨ ਤੋਂ ਚਾਰ ਦਹਾਕੇ ਬਾਅਦ ਗਰੁੱਪ ਕੈਪਟਨ ਸੁਭਾਂਸ਼ੂ ਸ਼ੁਕਲਾ ਪੁਲਾੜ ਦੀ ਯਾਤਰਾ ਕਰਨ ਵਾਲੇ ਦੂਜੇ ਭਾਰਤੀ ਬਣਨ ਲਈ ਤਿਆਰੀ ਹਨ। ਇਤਿਹਾਸਕ ਐਕਜ਼ੀਓਮ ਸਪੇਸ ਮਿਸ਼ਨ-4 (ਏਐਕਸ-4) ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਸਪੇਸਐਕਸ ਦੇ ਫਾਲਕਨ 9 ਰਾਕੇਟ 'ਤੇ 11 ਜੂਨ ਨੂੰ ਲਾਂਚ ਲਈ ਤਿਆਰ ਹੈ। ਮੌਸਮ ਦੀ ਖ਼ਰਾਬੀ ਕਾਰਨ ਇਹ ਮਿਸ਼ਨ ਇੱਕ ਦਿਨ ਮੁਲਤਵੀ ਕਰਨਾ ਪਿਆ। ਪਹਿਲਾਂ ਇਸ ਨੇ 10 ਜੂਨ ਨੂੰ ਰਵਾਨਾ ਹੋਣਾ ਸੀ। ਸ਼ੁਕਲਾ ਨਾਸਾ ਦੀ ਮਦਦ ਨਾਲ ਭਾਰਤੀ ਪੁਲਾੜ ਖੋਜ ਸੰਗਠਨ 'ਇਸਰੋ' ਅਤੇ ਭਾਰਤ ਦੇ ਜੈਵ ਤਕਨਾਲੋਜੀ ਵਿਭਾਗ ਦੇ ਸਾਂਝੇ ਉਦਮ ਤਹਿਤ ਖ਼ੁਰਾਕ ਅਤੇ ਪੋਸ਼ਣ ਨਾਲ ਸਬੰਧਿਤ ਤਜਰਬੇ ਕਰਨਗੇ। ਇਹ ਇਸਰੋ ਦੇ ਪੁਲਾੜ ਜੀਵ ਵਿਗਿਆਨ ਅਤੇ ਪੁਲਾੜ ਖੇਤੀਬਾੜੀ ਦੇ ਤਜਰਬਿਆਂ ਵਿੱਚ ਵੱਡਾ ਪਲ ਹੋਵੇਗਾ। ਸ਼ੁਕਲਾ ਨਾਸਾ ਦੇ ਵਿਉਂਤੇ ਮਨੁੱਖੀ ਖੋਜ ਪ੍ਰੋਗਰਾਮ ਦੇ ਪੰਜ ਸਾਂਝੇ ਅਧਿਐਨਾਂ ਵਿੱਚ ਵੀ ਹਿੱਸਾ ਲੈਣਗੇ। ਲਗਭਗ 8000 ਸਾਲ ਪਹਿਲਾਂ ਸਿੰਧ ਦਰਿਆ ਦੇ ਜ਼ਰਖੇਜ਼ ਕੰਢਿਆਂ ਅਤੇ ਹੋਰ ਦਰਿਆਈ ਵਾਦੀ ਵਾਲੀਆਂ ਸਭਿਅਤਾਵਾਂ 'ਚ ਮੂਲ ਕਿਸਾਨਾਂ ਨੇ ਖ਼ੁਰਾਕ ਲਈ ਪੌਦੇ ਉਗਾਉਣ ਦੇ ਤਜਰਬੇ ਸ਼ੁਰੂ ਕੀਤੇ ਸਨ। ਮਾਨਵਤਾ ਦੀਆਂ ਸਭ ਤੋਂ ਵੱਡੀਆਂ ਕ੍ਰਾਂਤੀਆਂ 'ਚੋਂ ਇੱਕ, ਸਭ ਤੋਂ ਪਹਿਲੀ ਖੇਤੀਬਾੜੀ ਕ੍ਰਾਂਤੀ ਦਾ ਮੁੱਢ ਬੱਝਿਆ ਸੀ। ਸਿਰਫ਼ ਸ਼ਿਕਾਰ ਅਤੇ ਖਾਣਾ ਇਕੱਠਾ ਕਰਨ 'ਤੇ ਨਿਰਭਰ ਰਹਿਣ ਦੀ ਬਜਾਏ ਇਨ੍ਹਾਂ ਪ੍ਰਾਚੀਨ ਲੋਕਾਂ ਨੇ ਫ਼ਸਲਾਂ ਦੀ ਕਾਸ਼ਤ ਸ਼ੁਰੂ ਕੀਤੀ ਜਿਸ ਨਾਲ ਉਨ੍ਹਾਂ ਦੇ ਸਮੂਹ ਵਿਚ ਵੱਸਣ, ਵਾਧੂ ਭੋਜਨ ਅਤੇ ਸਭਿਅਤਾਵਾਂ ਦੇ ਉਥਾਨ ਦੇ ਰਾਹ ਖੁੱਲ੍ਹੇ।

ਮੁੱਢ ਤੋਂ ਤੇਜ਼ੀ ਨਾਲ ਅਜੋਕੇ ਸਮਿਆਂ ਵਿੱਚ ਆਉਂਦਿਆਂ ਅਸੀਂ ਉਭਰ ਰਹੇ ਪੁਲਾੜ ਖੇਤੀਬਾੜੀ ਦੇ ਖੇਤਰ ਵਿੱਚ ਇੱਕ ਹੋਰ ਲਾਮਿਸਾਲ ਮਾਅਰਕੇ ਦੇ ਕੰਢੇ ਖੜ੍ਹੇ ਹਾਂ। ਜਿਵੇਂ ਸਾਡੇ ਵੱਡ-ਵਡੇਰਿਆਂ ਨੇ ਧਰਤੀ 'ਤੇ ਫ਼ਸਲਾਂ ਉਗਾਉਣ ਦੀ ਖੋਜ ਕੀਤੀ ਸੀ, ਉਵੇਂ ਹੀ ਸਾਇੰਸਦਾਨ ਪੁਲਾੜ ਵਿੱਚ ਖੇਤੀਬਾੜੀ ਕਰਨ ਦੇ ਢੰਗ-ਤਰੀਕੇ ਲੱਭ ਰਹੇ ਹਨ। ਸ਼ੁਕਲਾ ਅਤੇ ਏਐਕਸ-4 ਦੇ ਚਾਲਕ ਦਸਤੇ ਦੇ ਹੋਰ ਮੈਂਬਰ ਬੀਜ ਪੁੰਗਰਨ ਅਤੇ ਮਾਈਕਰੋਗ੍ਰੈਵਿਟੀ ਜੋ ਪੁਲਾੜ ਵਿੱਚ ਲਗਭਗ ਭਾਰ ਰਹਿਤ ਵਾਤਾਵਰਨ ਹੁੰਦਾ ਹੈ, ਵਿੱਚ ਬੀਜ ਲਾਉਣ ਅਤੇ ਪੌਦਾ ਭੌਤਿਕ ਵਿਗਿਆਨ ਉੱਤੇ ਤਜਰਬੇ ਕਰਨਗੇ ਤਾਂ ਕਿ ਇਹ ਸਮਝਿਆ ਜਾ ਸਕੇ ਕਿ ਧਰਤੀ ਤੋਂ ਪਰ੍ਹੇ ਪੌਦਿਆਂ ਨੂੰ ਕਿਵੇਂ ਉਗਾਇਆ ਜਾ ਸਕਦਾ ਹੈ।

ਚੰਦਰਮਾ ਹੋਵੇ ਜਾਂ ਮੰਗਲ ਜਾਂ ਇਸ ਤੋਂ ਪਰ੍ਹੇ ਤੱਕ, ਗਹਿਰੇ ਪੁਲਾੜ ਵਿੱਚ ਮਨੁੱਖੀ ਉੱਦਮ ਦੇ ਤੌਰ 'ਤੇ ਸਾਨੂੰ ਤਾਜ਼ੇ ਭੋਜਨ ਦੀ ਲੋੜ ਪਵੇਗੀ। ਕੌਮਾਂਤਰੀ ਸਪੇਸ ਸਟੇਸ਼ਨ (ਆਈਐੱਸਐੱਸ) 'ਤੇ ਪੁਲਾੜ ਵਿਗਿਆਨੀਆਂ ਨੇ ਪਹਿਲਾਂ ਹੀ ਛੋਟੇ-ਛੋਟੇ ਬਾਗ਼ ਬਣਾਏ ਹੋਏ ਹਨ ਜੋ ਨਾ ਸਿਰਫ਼ ਪੋਸ਼ਣ ਲਈ ਸਗੋਂ ਮਾਨਸਿਕ ਬਿਹਤਰੀ ਲਈ ਵੀ ਹਨ। ਧਰਤੀ ਤੋਂ ਸੈਂਕੜੇ ਕਿਲੋਮੀਟਰਾਂ ਦੂਰ ਕਿਆਸ ਕਰੋ; ਕੋਈ ਸਾਧਾਰਨ ਹਰਾ ਪੌਦਾ ਸਾਨੂੰ ਘਰ ਦਾ ਖੁਸ਼ਨੁਮਾ ਚੇਤਾ ਕਰਾਉਂਦਾ ਹੈ।

ਉਂਝ, ਪੁਲਾੜ ਖੇਤੀ ਮਹਿਜ਼ ਸਹੂਲਤ ਲਈ ਨਹੀਂ ਹੈ ਸਗੋਂ ਜ਼ਿੰਦਾ ਰਹਿਣ ਲਈ ਹੈ। ਜਦੋਂ ਪੁਲਾੜ ਵਿਗਿਆਨੀ ਲੰਮ-ਚਿਰੇ ਮਿਸ਼ਨਾਂ 'ਤੇ ਜਾਂਦੇ ਹਨ ਤਾਂ ਉਹ ਸਿਰਫ਼ ਡੱਬਾਬੰਦ ਖ਼ੁਰਾਕ 'ਤੇ ਨਹੀਂ ਰਹਿ ਸਕਦੇ ਜੋ ਸਮਾਂ ਪਾ ਕੇ ਖਰਾਬ ਹੋ ਜਾਂਦਾ ਹੈ ਜਿਸ ਨਾਲ ਸਿਹਤ ਸਬੰਧੀ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਇਤਿਹਾਸ ਸਾਨੂੰ ਦਿਖਾਉਂਦਾ ਹੈ ਕਿ ਜਦੋਂ ਮਨੁੱਖ ਲਈ ਭੋਜਨ ਦੀ ਕਮੀ ਪੈਦਾ ਹੁੰਦੀ ਹੈ ਤਾਂ ਕੀ ਹੁੰਦਾ ਹੈ। ਕੋਈ ਸਮਾਂ ਸੀ ਜਦੋਂ ਜਹਾਜ਼ੀਆਂ ਨੂੰ 'ਵਿਟਾਮਿਨ ਸੀ' ਦੀ ਕਮੀ ਕਰ ਕੇ ਸਕਰਵੀ ਦੀ ਬਿਮਾਰੀ ਹੋ ਜਾਂਦੀ ਸੀ। ਪੁਲਾੜ ਵਿੱਚ ਅਜਿਹੀਆਂ ਸਮੱਸਿਆਵਾਂ ਤੋਂ ਬਚਣ ਲਈ ਵਿਗਿਆਨੀ ਸਪੇਸਕ੍ਰਾਫਟ ਵਿੱਚ ਤਾਜ਼ਾ ਤੇ ਪੋਸ਼ਣ ਭਰਪੂਰ ਉਪਜ ਲੈਣ 'ਤੇ ਕੰਮ ਕਰ ਰਹੇ ਹਨ। ਇੱਥੋਂ ਤਕ ਕਿ ਕੁਝ ਪੌਦੇ, ਸਪੇਸ ਫਾਰਮੇਸੀਆਂ ਵੀ ਬਣ ਸਕਦੇ ਹਨ। ਖੋਜਕਾਰ ਪੱਤੇਦਾਰ ਫ਼ਸਲਾਂ ਜੋ ਹੱਡੀਆਂ ਦੇ ਨੁਕਸਾਨ ਦੀ ਰੋਕਥਾਮ ਲਈ ਪ੍ਰੋਟੀਨ ਪੈਦਾ ਕਰਨ 'ਚ ਮਦਦ ਕਰ ਸਕਦੇ ਹਨ, ਪੈਦਾ ਕਰ ਰਹੇ ਹਨ। ਇਹ ਘੱਟ ਗੁਰੂਤਾ 'ਚ ਰਹਿਣ ਵਾਲੇ ਪੁਲਾੜ ਵਿਗਿਆਨੀਆਂ ਲਈ ਅਹਿਮ ਮੁੱਦਾ ਹੈ। ਆਪਣੀਆਂ ਸਾਰੀਆਂ ਦਵਾਈਆਂ ਲਿਜਾਣ ਦੀ ਬਜਾਏ ਪੁਲਾੜ ਯਾਤਰੀ ਆਪੋ-ਆਪਣੇ ਔਸ਼ਧੀ ਪੌਦੇ ਉਗਾ ਸਕਣਗੇ। ਹਜ਼ਾਰਾਂ ਸਾਲਾਂ ਤੋਂ ਕਿਸਾਨਾਂ ਨੇ ਸਾਧਾਰਨ ਜਿਹੇ ਨੇਮ ਨਾਲ ਕੰਮ ਕੀਤਾ ਹੈ: ਜੜ੍ਹਾਂ ਹੇਠਾਂ ਅਤੇ ਫੁੱਲਪੱਤੀਆਂ ਉਤਾਂਹ ਜਾਂਦੀਆਂ ਹਨ। ਪਰ ਕਿਉਂ? ਪੌਦੇ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਕਿਸ ਪਾਸੇ ਜਾਣਾ ਹੈ?

1880 ਵਿੱਚ ਚਾਰਲਸ ਡਾਰਵਿਨ ਨੇ ਅਜੀਬ ਚੀਜ਼ ਹੁੰਦੀ ਦੇਖੀ ਸੀ ਜਦੋਂ ਕਿਸੇ ਢਲਾਣ 'ਤੇ ਪੌਦੇ ਉੱਗਦੇ ਹਨ ਤਾਂ ਉਨ੍ਹਾਂ ਦੀਆਂ ਜੜ੍ਹਾਂ ਸਿਰਫ਼ ਸਿੱਧੀਆਂ ਹੇਠਾਂ ਨਹੀਂ ਜਾਂਦੀਆਂ, ਸਗੋਂ ਮੋੜ ਘੋੜ ਪਾ ਕੇ ਹੇਠਾਂ ਜਾਂਦੀਆਂ ਹਨ। ਉਸ ਨੇ ਸੋਚਿਆ ਕਿ ਗੁਰੂਤਾ ਅਤੇ ਧਰਾਤਲ ਦੇ ਸੰਪਰਕ ਨਾਲ ਇਹ ਮੋੜ ਘੋੜ ਪੈਦਾ ਹੋਏ ਹਨ। ਪਿਛਲੀ ਇੱਕ ਸਦੀ ਤੋਂ ਵਿਗਿਆਨੀ ਇਸ ਗੱਲ 'ਤੇ ਸਹਿਮਤ ਸਨ ਪਰ 2010 ਵਿੱਚ ਆਈਐੱਸਐੱਸ 'ਤੇ ਹੋਏ ਤਜਰਬੇ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ। ਪੁਲਾੜ ਜਿੱਥੇ ਗੁਰੂਤਾ ਦੀ ਲਗਭਗ ਅਣਹੋਂਦ ਹੁੰਦੀ ਹੈ, ਵਿੱਚ ਅਜੇ ਵੀ ਜੜ੍ਹਾਂ ਵਿੰਗ-ਵਲ ਵਾਲੀਆਂ ਹੁੰਦੀਆਂ ਹਨ। ਇਸ ਦਾ ਮਤਲਬ ਹੈ ਕਿ ਗੁਰੂਤਾ ਪੌਦੇ ਦੇ ਵਿਕਾਸ ਦਾ ਇਕਮਾਤਰ ਬਲ ਨਹੀਂ ਹੁੰਦਾ। ਫਿਰ ਇਹ ਕੀ ਹੈ?

ਧਰਤੀ 'ਤੇ ਜੀਵਨ ਗੁਰੂਤਾ ਦੀ ਖਿੱਚ ਤਹਿਤ ਵਿਕਸਤ ਹੋਇਆ। ਜੜ੍ਹਾਂ ਪਾਣੀ ਤੇ ਪੋਸ਼ਕ ਤੱਤਾਂ ਖ਼ਾਤਿਰ ਹੇਠਾਂ ਜਾਂਦੀਆਂ ਹਨ; ਲਗਰਾਂ ਸੂਰਜ ਦੀ ਰੌਸ਼ਨੀ ਲਈ ਉਤਾਂਹ ਜਾਂਦੀਆਂ ਹਨ, ਪਰ ਪੁਲਾੜ ਵਿੱਚ ਗੁਰੂਤਾ ਤੋਂ ਬਿਨਾਂ ਪੌਦੇ ਵੱਖਰੀ ਤਰ੍ਹਾਂ ਵਿਹਾਰ ਕਰਦੇ ਹਨ। ਵਿਗਿਆਨੀਆਂ ਨੇ ਪਤਾ ਲਾਇਆ ਹੈ ਕਿ ਪੌਦੇ ਆਪਣੇ ਜੀਨ ਪ੍ਰਗਟਾਵੇ ਬਦਲ ਕੇ ਮਾਈਕਰੋਗ੍ਰੈਵਿਟੀ ਮੁਤਾਬਿਕ ਢਲਦੇ ਹਨ। ਮਿਸਾਲ ਦੇ ਤੌਰ 'ਤੇ ਪੁਲਾੜ ਵਿੱਚ ਪੌਦੇ ਪੱਤਿਆਂ ਵਾਂਗ ਵਿਹਾਰ ਕਰਦੇ ਹਨ, ਰੌਸ਼ਨੀ ਸੰਵੇਦੀ ਜੀਨਾਂ ਨੂੰ ਸਰਗਰਮ ਕਰਦੇ ਹਨ ਜੋ ਆਮ ਤੌਰ 'ਤੇ ਧਰਤੀ 'ਤੇ ਕਾਰਜਸ਼ੀਲ ਨਹੀਂ ਹੁੰਦੇ। ਪੁਲਾੜ ਵਿੱਚ ਕੀਟ ਨਹੀਂ ਹੁੰਦੇ, ਫਿਰ ਵੀ ਪੱਤੇ ਜੀਵ ਰੱਖਿਆ ਰਸਾਇਣ ਪੈਦਾ ਕਰਦੇ ਹਨ। ਇਨ੍ਹਾਂ ਤਬਦੀਲੀਆਂ ਤੋਂ ਪਤਾ ਲੱਗਦਾ ਹੈ ਕਿ ਪੁਲਾੜ ਵਿੱਚ ਪੈਦਾ ਹੋਣ ਵਾਲੇ ਪੌਦੇ ਵਿਲੱਖਣ ਲੱਛਣ ਵਿਕਸਤ ਕਰ ਸਕਦੇ ਹਨ ਜਿਨ੍ਹਾਂ 'ਚੋਂ ਕੁਝ ਹੋਰਾਂ ਨੂੰ ਜ਼ਿਆਦਾ ਸਖ਼ਤ ਜਾਂ ਵਧੇਰੇ ਪੋਸ਼ਕ ਬਣਾ ਸਕਦੇ ਹਨ।



ਏਐਕਸ-4 ਮਿਸ਼ਨ ਦਾ ਹਿੱਸਾ ਬਣੇ ਦੋ ਦਿਲਚਸਪ ਭਾਰਤੀ ਪ੍ਰਯੋਗ ਇਹ ਰਹੱਸ ਖੋਲ੍ਹਣ 'ਚ ਮਦਦ ਕਰ ਰਹੇ ਹਨ। ਪਹਿਲਾ ਪ੍ਰਯੋਗ 'ਸਪ੍ਰਾਉਟਿੰਗ ਸੈਲੱਡ ਸੀਡਜ਼ ਇਨ ਸਪੇਸ' ਧਾਰਵਾੜ ਦੀ ਖੇਤੀ ਵਿਗਿਆਨ ਯੂਨੀਵਰਸਿਟੀ ਤੇ ਆਈਆਈਟੀ ਧਾਰਵਾੜ ਦੁਆਰਾ ਕੀਤਾ ਜਾ ਰਿਹਾ ਹੈ। ਇਹ ਅਧਿਐਨ ਪੁਲਾੜ 'ਚ ਪੁੰਗਰੇ ਮੇਥੀ ਤੇ ਹਰੇ ਛੋਲਿਆਂ ਦੇ ਬੀਜਾਂ ਦੀ ਤੁਲਨਾ ਧਰਤੀ 'ਤੇ ਫੁੱਟੇ ਬੀਜਾਂ ਨਾਲ ਕਰਦਾ ਹੈ। ਇਹ ਜਾਂਚਦਾ ਹੈ ਕਿ ਕੀ ਪੁਲਾੜ 'ਚ ਪੁੰਗਰੇ ਬੀਜ ਖਾਣ ਲਈ ਸੁਰੱਖਿਅਤ ਹਨ ਤੇ ਜ਼ਹਿਰਾਂ ਜਾਂ ਨੁਕਸਾਨਦੇਹ ਸੂਖਮ ਜੀਵਾਣੂਆਂ ਤੋਂ ਮੁਕਤ ਹਨ? ਦੂਜਾ ਪ੍ਰਯੋਗ 'ਖ਼ੁਰਾਕੀ ਫ਼ਸਲ ਬੀਜਾਂ 'ਤੇ ਸੂਖਮ ਗੁਰੂਤਾ ਦਾ ਅਸਰ' ਭਾਰਤੀ ਪੁਲਾੜ ਵਿਗਿਆਨ ਤੇ ਤਕਨੀਕ ਸੰਸਥਾ ਅਤੇ ਕੇਰਲਾ ਖੇਤੀਬਾੜੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਛੇ ਫ਼ਸਲਾਂ ਦੇ ਬੀਜ ਪੁਲਾੜ ਦੀਆਂ ਸਥਿਤੀਆਂ 'ਚ ਰੱਖੇ ਜਾਣਗੇ, ਫਿਰ ਧਰਤੀ 'ਤੇ ਵਾਪਸ ਲਿਆਂਦੇ ਜਾਣਗੇ। ਖੋਜਕਰਤਾ ਉਨ੍ਹਾਂ ਦੇ ਵਾਧੇ ਨੂੰ ਜਾਂਚਣਗੇ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕੀ ਪੁਲਾੜ ਸਬੰਧਿਤ ਤਬਦੀਲੀਆਂ ਦੇ ਸਿੱਟੇ ਵਜੋਂ ਉਪਜ ਜਾਂ ਲਚਕੀਲੇਪਣ 'ਚ ਫ਼ਰਕ ਆਉਂਦਾ ਹੈ ਜਾਂ ਨਹੀਂ?

ਧਰਤੀ 'ਤੇ ਪੌਦਿਆਂ ਦਾ ਅਧਿਐਨ ਕਰਦੇ ਸਮੇਂ ਅਸੀਂ ਉਨ੍ਹਾਂ ਅੰਦਰਲੀ ਕਿਰਿਆ ਵਿੱਚ ਸਿਰਫ਼ 'ਕੀ ਹੈ' ਦੇਖਦੇ ਹਾਂ, 'ਕੀ ਹੋ ਸਕਦਾ ਹੈ' ਨਹੀਂ। ਆਮ ਗੁਰੂਤਾ ਵਿੱਚ ਅਸੀਂ ਜ਼ਮੀਨੀ ਕੰਟਰੋਲ ਨਾਲ ਸੂਖਮ ਗੁਰੂਤਾ (ਪੁਲਾੜ ਜਹਾਜ਼ 'ਤੇ) ਵਿੱਚ ਵਾਧੇ ਦੀ ਤੁਲਨਾ ਕਰ ਕੇ ਬੁਨਿਆਦੀ ਜੀਵ ਵਿਗਿਆਨਕ ਸਚਾਈਆਂ ਦਾ ਪਤਾ ਲਗਾਉਂਦੇ ਹਾਂ। ਪੌਦਿਆਂ, ਸੈੱਲਾਂ ਅਤੇ ਸੂਖਮ ਜੀਵਾਣੂਆਂ ਨਾਲ ਇਹ ਪੁਲਾੜ ਪ੍ਰਯੋਗ ਵਾਧੇ ਅਤੇ ਵਿਕਾਸ ਦੇ ਲੁਕਵੇਂ ਪਹਿਲੂਆਂ ਨੂੰ ਪ੍ਰਗਟ ਕਰਦੇ ਹਨ ਜੋ ਗ੍ਰੈਵਿਟੀ (ਗੁਰੂਤਾ) ਆਮ ਤੌਰ 'ਤੇ ਢੱਕ ਲੈਂਦੀ ਹੈ। ਅਜਿਹੀ ਖੋਜ ਪੌਦਿਆਂ ਦੇ ਜੀਵ ਵਿਗਿਆਨ ਬਾਰੇ ਬੇਮਿਸਾਲ ਸਮਝ ਮੁਹੱਈਆ ਕਰਦੀ ਹੈ ਜੋ ਕੇਵਲ ਧਰਤੀ ਆਧਾਰਿਤ ਅਧਿਐਨ ਪ੍ਰਾਪਤ ਨਹੀਂ ਕਰ ਸਕਦੇ। ਚੰਦਰਮਾ ਜਾਂ ਮੰਗਲ 'ਤੇ ਭਵਿੱਖੀ ਕਲੋਨੀਆਂ ਵਸਾਉਣ ਵਾਸਤੇ, ਪੁਲਾੜ ਵਿੱਚ ਪੌਦੇ ਕਿਵੇਂ ਵਧਦੇ ਹਨ, ਇਹ ਸਮਝਣਾ ਬਹੁਤ ਜ਼ਰੂਰੀ ਹੈ। ਜੇ ਅਸੀਂ ਧਰਤੀ ਤੋਂ ਪਰੇ ਨਿਪੁੰਨਤਾ ਨਾਲ ਖੇਤੀ ਕਰ ਸਕਦੇ ਹਾਂ ਤਾਂ ਪੁਲਾੜ ਯਾਤਰੀਆਂ ਨੂੰ ਲਗਾਤਾਰ ਮੁੜ ਸਪਲਾਈ ਮਿਸ਼ਨਾਂ ਦੀ ਲੋੜ ਨਹੀਂ ਪਵੇਗੀ; ਉਹ ਆਪਣਾ ਭੋਜਨ ਖੁਦ ਉਗਾਉਣਗੇ।

ਜਿਵੇਂ ਸਿੰਧ ਘਾਟੀ ਦੇ ਕਿਸਾਨਾਂ ਨੇ ਹਜ਼ਾਰਾਂ ਸਾਲ ਪਹਿਲਾਂ ਖੇਤੀਬਾੜੀ ਵਿੱਚ ਕ੍ਰਾਂਤੀ ਲਿਆਂਦੀ ਸੀ, ਉਸੇ ਤਰ੍ਹਾਂ ਅੱਜ ਦੇ ਵਿਗਿਆਨੀ ਅਗਲੀ ਮਹਾਨ ਖੇਤੀ ਕ੍ਰਾਂਤੀ ਦਾ ਰਾਹ ਪੱਧਰਾ ਕਰ ਰਹੇ ਹਨ; ਅਜਿਹੀ ਕ੍ਰਾਂਤੀ ਜੋ ਤਾਰਿਆਂ ਅੰਦਰ ਮਨੁੱਖਤਾ ਨੂੰ ਕਾਇਮ ਰੱਖ ਸਕਦੀ ਹੈ। ਖੇਤੀ ਦੀ ਦਾਸਤਾਨ ਅਜੇ ਵੀ ਲਿਖੀ ਜਾ ਰਹੀ ਹੈ ਅਤੇ ਅਗਲਾ ਅਧਿਆਏ ਨਾ ਸਿਰਫ਼ ਧਰਤੀ 'ਤੇ ਬਲਕਿ ਬ੍ਰਹਿਮੰਡ ਵਿੱਚ ਵੀ ਹੋ ਸਕਦਾ ਹੈ।


# ਗੱਲਾਂ- ਦੱਸ ਲਾਹੌਰ ਦੀਆਂ (ਕਿਸ਼ਤ ਦੂਜੀ)







ਆਪਣੇ ਜੱਦੀ ਘਰ ਦੇ ਮੂਹਰੇ ਲੇਖਕ ਦੀ ਸੁਪਤਨੀ ਅਤੇ ਉਹਨਾਂ ਦਾ ਭਰਾ



ਜੰਡ ਦਾ ਦਰਖਤ, ਜਿਸ ਥੱਲੇ ਜਥੇਦਾਰਾਂ ਨੂੰ ਬੰਨ੍ਹ ਕੇ ਸ਼ਹੀਦ ਕੀਤਾ ਗਿਆ ਸੀ



ਲੇਖਕ ਅਤੇ ਉਹਨਾਂ ਦੀ ਸੁਪਤਨੀ ਅਤੇ ਭਰਾ ਦਾ ਸਿਰੋਪਾਓ ਨਾਲ ਸਨਮਾਨ ਕਰਦੇ ਹੋਏ ਪ੍ਰਬੰਧਕ।






ਬਲਬੀਰ ਸਿੰਘ ਐਮ. ਏ.

ਤੀਸਰੇ ਦਿਨ ਸਵੇਰੇ-ਸਵੇਰੇ ਅਸੀਂ ਹੋਟਲ 'ਚ ਨਾਸ਼ਤਾ ਕਰਕੇ ਤਿਆਰ ਹੋ ਗਏ ਸਾਂ ਤੇ ਉਡੀਕ ਕਰ ਰਹੇ ਸੀ ਪੁਪਿੰਦਰ ਸਿੰਘ ਲਵਲੀ ਲੈਣ ਆ ਰਹੇ ਸਨ, ਸਾਨੂੰ ਨਾਲ ਲਿਜਾਣ ਵਾਸਤੇ, ਤਾਂ ਕਿ ਅਸੀਂ ਹੋਰ ਗੁਰੂ ਘਰਾਂ ਦੇ ਦਰਸ਼ਨ ਕਰ ਸਕੀਏ ਹੋਟਲ ਡੀ, ਗੇਟਸ 'ਚ ਸਵੇਰ ਦਾ ਨਾਸ਼ਤਾ (ਬਰੇਕਫਾਸਟ) ਬਹੁਤ ਹੀ ਸੋਹਣਾ ਤੇ ਤਰ੍ਹਾਂ-ਤਰ੍ਹਾਂ ਦੇ ਸੁਆਦਾਂ ਵਾਲਾ ਵੈਜੀਟੇਰੀਅਨ ਤੇ ਮੀਟ ਵਾਲਾ ਸੀ, ਹਰ ਰੋਜ਼ 7 ਵਜੇ ਤੋਂ 10 ਵਜੇ ਤੱਕ ਮਿਲਦਾ ਹੈ। ਬਹੁਤੇ ਹੋਟਲਾਂ 'ਚ ਲਾਹੌਰ ਵਿਚ ਸਵੇਰੇ ਨਾਸ਼ਤਾ ਤੁਹਾਡੇ ਸਾਰੇ ਦਿਨ ਦੇ ਰਹਿਣ ਦੇ ਖਰਚੇ 'ਚ ਹੀ ਹੁੰਦਾ ਹੈ। ਦੁਪਹਿਰ ਅਤੇ ਰਾਤ ਦੇ ਖਾਣੇ ਦੇ ਪੈਸੇ ਦੇਣੇ ਪੈਂਦੇ ਹਨ। ਲਾਹੌਰ 'ਚ ਬਹੁਤ ਸਾਰੇ ਹੋਟਲ ਹਨ, ਜਿੱਥੇ ਜ਼ਿਆਦਾਤਰ ਬਾਹਰਲੇ ਮੁਲਕਾਂ ਦੇ ਲੋਕ ਹੀ ਜਾ ਕੇ ਰਹਿੰਦੇ ਹਨ। ਜ਼ਰੂਰੀ ਨਹੀਂ ਕਿ ਉਹ ਸਾਰੇ ਗੁਰੂ ਘਰਾਂ ਦੇ ਦਰਸ਼ਨਾਂ ਲਈ ਹੀ ਗਏ ਹੋਣ। ਕਈ ਉਥੇ ਲਾਹੌਰ ਵੇਖਣ ਵਾਸਤੇ ਪਹੁੰਚੇ ਹੁੰਦੇ ਹਨ, ਕਈ ਹੋਰ ਥਾਵਾਂ ਦੀ ਸੈਰ ਕਰਨ ਗਏ ਹੁੰਦੇ ਹਨ। ਪਰ ਇਕ ਗੱਲ ਪੱਕੀ ਹੈ ਕਿ ਪਿਛਲੇ ਤਿੰਨ ਚਾਰ ਸਾਲਾਂ 'ਚ ਚੜ੍ਹਦੇ ਪੰਜਾਬ ਦੇ ਪੰਜਾਬੀ ਖਾਸ ਕਰਕੇ ਸਿੱਖਾਂ ਦੇ ਪਰਿਵਾਰਾਂ ਵੱਲੋਂ ਸਭ ਤੋਂ ਵੱਧ ਗੁਰਧਾਮਾਂ ਦੇ ਦਰਸ਼ਨਾਂ ਲਈ ਲਾਹੌਰ ਤੇ ਪੰਜਾਬ ਲਹਿੰਦੇ ਵੱਲ ਲੋਕਾਂ ਨੇ ਵਹੀਰਾਂ ਘੱਤੀਆਂ, ਕਿਉਂਕਿ ਪਿਛਲੇ 70 ਸਾਲਾਂ ਬਾਅਦ ਪਾਕਿਸਤਾਨ ਨੇ ਸਿੱਖਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਵਾਸਤੇ ਵੀਜ਼ੇ ਖੋਲ੍ਹੇ ਸਨ, ਬਹੁਤ ਹੀ ਆਸਾਨ ਸ਼ਰਤਾਂ ਤੇ ਵੀਜ਼ਾ ਮਿਲ ਜਾਂਦਾ ਸੀ। ਜ਼ਿਆਦਾਤਰ ਲੋਕ ਭਾਵੇਂ ਪੰਜਾਬ-ਭਾਰਤ 'ਚ ਹੀ ਜਨਮੇ ਹੋਏ ਸਨ ਤੇ ਰਹਿੰਦੇ ਹਨ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਜਰਮਨੀ, ਇਟਲੀ ਜਾਂ ਹੋਰ ਕਿਸੇ ਵੀ ਵਿਦੇਸ਼ੀ ਮੁਲਕ।

ਹਰ ਦੇਸ਼ 'ਚੋਂ ਪਾਕਿਸਤਾਨੀ ਦੂਤਘਰ ਨੇ ਪੰਜਾਬੀ ਲੋਕਾਂ ਨੂੰ ਧੜਾਧੜ ਵੀਜ਼ੇ ਦੇਣੇ ਸ਼ੁਰੂ ਕਰ ਦਿੱਤੇ ਤੇ ਸਿੱਖਾਂ ਦੀ ਅਰਦਾਸ ਸੁਣੀ ਗਈ ਕਿਉਂਕਿ ਸਿੱਖ ਸਮਾਜ 1947 ਤੋਂ ਅੱਜ ਤੱਕ ਇਹੀ ਅਰਦਾਸ ਤੇ ਸੁਣੀ ਜਾ ਰਹੀ ਹੈ ਕਿ 'ਜਿਨ੍ਹਾਂ ਜਿਨ੍ਹਾਂ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ, ਉਹਨਾਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ ਜੀ'। ਤੇ ਅੱਜ ਤੱਕ ਲੱਖਾਂ ਹੀ ਸਿੱਖਾਂ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਕਾਹਲ ਕੀਤੀ ਤੇ ਸਫਲ ਵੀ ਰਹੇ। ਖੈਰ, ਲਵਲੀ ਹੁਰੀ 8 ਕੁ ਵਜੇ ਸਵੇਰੇ ਪਹੁੰਚ ਗਏ। ਹੋਟਲ ਦੇ ਬਾਹਰ ਆ ਕੇ ਸਾਨੂੰ ਆਪਣੀ ਗੱਡੀ 'ਚ ਗੁਰਧਾਮਾਂ ਦੇ ਦਰਸ਼ਨ ਕਰਾਉਣ ਵਾਸਤੇ ਲੈਣ ਪੁੱਜੇ। ਅਸੀਂ ਤਿੰਨੋ ਹੀ ਜੀਅ (ਮੈਂ ਤੇ ਮੇਰੀ ਸੁਪਤਨੀ) ਤੇ ਉਹਨਾਂ ਦੇ ਵੱਡੇ ਭਾਈ ਸਾਹਿਬ ਸ. ਹਰਜਿੰਦਰ ਸਿੰਘ ਦਿਓਲ, ਜੋ ਸਾਡੇ ਨਾਲ ਗਏ ਸਨ, ਉਹਨਾਂ ਨੂੰ ਲੈ ਕੇ ਲਵਲੀ ਜੀ ਸ੍ਰੀ ਨਨਕਾਣਾ ਸਾਹਿਬ ਵੱਲ ਚੱਲ ਪਏ। ਰਸਤੇ ਵਿਚ ਪਿਛਲੇ 5-6 ਸਾਲਾਂ 'ਚ ਉਹਨਾਂ ਵੱਲੋਂ ਵਿਛੜੇ ਪਰਿਵਾਰਾਂ ਨੂੰ ਮਿਲਾਉਣ 'ਚ ਜੋ ਕੰਮ ਕੀਤਾ ਗਿਆ, ਉਹ ਸਿੱਖ ਪਰਿਵਾਰ ਕਦੀ ਵੀ ਭੁੱਲ ਨਹੀਂ ਸਕਦੇ। ਲਵਲੀ ਜੀ ਭਾਵੇਂ ਆਪ ਸਧਾਰਨ ਸਿੱਖ ਪਰਿਵਾਰ 'ਚੋਂ ਹਨ ਤੇ 1947 ਵੇਲੇ ਸਿੰਧ, ਬਲੋਚੀ ਇਲਾਕੇ ਤੋਂ ਉੱਠ ਕੇ ਪੰਜਾਬ 'ਚ ਨਨਕਾਣੇ ਦੀ ਧਰਤੀ 'ਤੇ ਆ ਵੱਸੇ ਸਨ। ਭਾਵੇਂ ਘਰਾਂ 'ਚ ਬਹੁਤੇ ਲੋਕ ਪਸ਼ਤੋ ਜ਼ੁਬਾਨ ਹੀ ਬੋਲਦੇ ਹਨ ਪਰ ਹਨ ਸਾਬਤ-ਸੂਰਤ ਸਿੱਖ ਹੀ। ਖੈਰ, ਉਹਨਾਂ ਦੀ ਮਹਿਮਾਨ ਨਿਵਾਜੀ ਇੰਨੀ ਰਹੀ ਕਿ ਉਹਨਾਂ ਨੇ ਸ੍ਰੀ ਨਨਕਾਣਾ ਸਾਹਿਬ, ਜਿਸ ਨੂੰ ਪਹਿਲਾਂ ਰਾਏ ਭੋਏ ਦੀ ਤਲਵੰਡੀ ਕਰਕੇ ਜਾਣਿਆ ਜਾਂਦਾ ਸੀ, ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਤੋਂ ਬਾਅਦ ਸ੍ਰੀ ਨਨਕਾਣਾ ਸਾਹਿਬ ਪੈ ਗਿਆ।

ਲਵਲੀ ਜੀ ਦੇ ਦੱਸਣ ਅਨੁਸਾਰ ਨਨਕਾਣਾ ਸਾਹਿਬ ਦਾ ਨਾਂ ਇਸ ਲਈ ਇਹ ਪਿਆ ਕਿ ਜਦੋਂ ਗੁਰੂ ਨਾਨਕ ਦੇਵ ਜੀ ਮਹਿਤਾ ਕਾਲੂ ਜੀ ਦੇ ਘਰ ਅਵਤਾਰ ਧਾਰਿਆ, ਉਦੋਂ ਲੋਕਾਂ 'ਚ ਉਹਨਾਂ ਦੀ ਮਹਿਮਾ ਹੋਣ ਲੱਗੀ ਤੇ ਲੋਕਾਂ ਨੇ ਉਸ ਧਰਤੀ 'ਤੇ ਅਵਤਾਰ ਲੈ ਕੇ ਗੁਰੂ ਸਾਹਿਬ ਨੂੰ ਆਉਣ 'ਤੇ ਕਹਿਣਾ ਸ਼ੁਰੂ ਕੀਤਾ ਕਿ ਨਾਨਕ-ਆਣਾ, ਫਿਰ ਇਸ ਤੋਂ ਉਸਦਾ ਨਾਂ ਨਨਕਾਣਾ ਪੈ ਗਿਆ ਤੇ ਫਿਰ ਹੁਣ ਸ੍ਰੀ ਨਨਕਾਣਾ ਸਾਹਿਬ ਜੋ ਹੁਣ ਖੁਦ ਇਕ ਜ਼ਿਲ੍ਹਾ ਹੈ ਤੇ ਉਥੇ ਬਹੁਤ ਹੀ ਵੱਡਾ ਗੁਰੂ ਨਾਨਕ ਸਕੂਲ ਤੇ ਕਾਲਜ, ਯੂਨੀਵਰਸਿਟੀ ਹੈ, ਜਿੱਥੇ ਬਹੁਤ ਸਾਰੇ ਵਿਦਿਆਰਥੀ ਪੜ੍ਹਦੇ ਹਨ ਤੇ ਪਤਾ ਲੱਗਾ ਸੀ ਕਿ ਲਵਲੀ ਜੀ ਦੇ ਵੱਡੇ ਭਰਾ ਉਥੇ ਪ੍ਰੋਫੈਸਰ ਹਨ। ਇਹ ਉਹ ਪਰਿਵਾਰ ਹੈ, ਜਿਸ ਨੇ 1947 'ਚ ਇਸ ਗੁਰੂ ਘਰ ਦੀ ਸੇਵਾ ਸੰਭਾਲ ਕੀਤੀ।

ਸਾਨੂੰ ਸ੍ਰੀ ਨਨਕਾਣਾ ਸਾਹਿਬ ਦੇ ਸਾਰੇ ਗੁਰੂ ਘਰਾਂ ਦੇ ਦਰਸ਼ਨ ਕਰਾਉਣ ਮਗਰੋਂ ਉਥੋਂ 20 ਕੁ ਮੀਲ ਦੇ ਫਾਸਲੇ 'ਤੇ ਮੇਰੀ ਸੁਪਤਨੀ ਦੇ ਬਜ਼ੁਰਗਾਂ ਦਾ ਪਿੰਡ ਸੀ ਚੱਕ 91 ਆਰਬੀ ਧਨੂੰਆਣਾ, ਜ਼ਿਲ੍ਹਾ ਲਾਇਲਪੁਰ, ਜਿੱਥੋਂ ਉਹ ਆ ਕੇ ਜਲੰਧਰ ਜ਼ਿਲ੍ਹੇ ਦੇ ਪਿੰਡ ਹਰੀਪੁਰ-ਖਿਚੀਪੁਰ 'ਚ ਵੱਸੇ ਸਨ।

ਲਵਲੀ ਜੀ ਨੇ ਵੀ ਨਾਲ ਜਾ ਕੇ ਸਾਰੇ ਪਿੰਡ ਦੇ ਲੋਕਾਂ ਨਾਲ ਮੁਲਾਕਾਤ ਵੀ ਕੀਤੀ ਤੇ ਮੇਰੇ ਰਿਸ਼ਤੇਦਾਰ ਦੇ ਪੁਰਾਣੇ ਘਰ ਵੀ ਲੱਭੇ ਤੇ ਉਸ ਘਰ 'ਚ ਗਏ ਤੇ ਉਥੇ ਚਾਹ-ਪਾਣੀ ਤੇ ਰਾਤ ਦਾ ਖਾਣਾ ਵੀ ਉਸ ਘਰ ਵਾਲਿਆਂ ਨੇ ਸਾਨੂੰ ਸਾਰਿਆਂ ਨੂੰ ਖੁਆਇਆ।

ਮੁਦਸਰ ਕਿਉਂਮ (ਨੰਬਰਦਾਰ) ਹੁਣ ਉਸ ਘਰ 'ਚ ਆਪਣੇ ਬੱਚਿਆਂ ਨਾਲ ਰਹਿੰਦੇ ਹਨ, ਉਹਨਾਂ ਸਾਰਿਆਂ ਨਾਲ ਮੁਲਾਕਾਤ ਦੌਰਾਨ 21 ਫਰਵਰੀ 1920 ਨੂੰ ਹੋ ਕੇ ਨਨਕਾਣਾ ਸਾਹਿਬ ਸਾਕੇ ਬਾਰੇ ਵੀ ਗੱਲਬਾਤ ਹੋਈ। ਉਥੇ ਦੱਸਿਆ ਗਿਆ ਕਿ 1920 'ਚ 13 ਸ਼ਹੀਦ (ਦੋ ਸੌ ਸ਼ਹੀਦਾਂ ਵਿਚੋਂ) ਇਸੇ ਪਿੰਡ ਦੇ ਸਨ ਤੇ ਇਕ-ਦੋ ਪਰਿਵਾਰਾਂ 'ਚੋਂ ਹੀ ਸਨ। ਮਹੰਤ ਨਰਾਇਣ ਦਾਸ ਦੇ ਖਿਲਾਫ ਸਿੱਖਾਂ ਦੇ ਮੋਰਚੇ ਦੇ ਮੋਹਰੀ ਸਨ ਸ: ਲਛਮਣ ਸਿੰਘ ਗਿੱਲ ਤੇ ਉਹਨਾਂ ਦੇ ਨਾਲ ਦੋ ਸੌ ਤੋਂ ਵੱਧ ਸਿੰਘ ਸਨ, ਜਿਹਨਾਂ ਨੂੰ ਨਨਕਾਣਾ ਸਾਹਿਬ ਵਿਚ ਜਿਉਂਦੇ ਜੰਡ ਦੇ ਨਾਲ ਬੰਨ੍ਹ ਦੇ ਸਾੜਿਆ (ਕਤਲ ਕਰ ਦਿੱਤਾ) ਤੇ ਉਥੇ ਹੀ ਉਹਨਾਂ ਦੇ ਸਰੀਰਾਂ ਨੂੰ ਅੱਗ 'ਚ ਸੁੱਟ ਦਿੱਤਾ ਗਿਆ ਸੀ।

ਉਹਨਾਂ 'ਚ ਮੇਰੀ ਸੁਪਤਨੀ ਦਾ ਸਕਾ ਬਾਬਾ ਸ: ਵਰਿਆਮ ਸਿੰਘ ਦਿਓਲ ਵੀ ਸਨ ਜੋ 26 ਕੁ ਸਾਲਾਂ ਦੀ ਉਮਰ 'ਚ ਦੋ ਬੱਚਿਆਂ ਦੇ ਪਿਤਾ ਸਨ, ਸ਼ਹੀਦ ਹੋ ਗਏ ਸਨ।

ਇਸ 'ਤੇ ਸਾਰੀ ਵੀਡੀਓ ਬਣਾ ਕੇ ਵੀ ਪੁਪਿੰਦਰ ਸਿੰਘ ਲਵਲੀ ਜੀ ਦੇ (ਪੰਜਾਬੀ ਅੰਬੈਸਡਰ) ਚੈਨਲ 'ਤੇ ਪਾਈ ਹੋਈ ਹੈ, ਉਸ 'ਚ ਤੁਹਾਨੂੰ ਸਾਰੀ ਜਾਣਕਾਰੀ ਮਿਲ ਸਕੇਗੀ।

ਧਨੂੰਆਣਾ ਦੇ ਲੋਕਾਂ ਨੇ ਬਹੁਤ ਹੀ ਪਿਆਰ ਦਿੱਤਾ, ਸਾਰਾ ਪਿੰਡ ਹੀ ਸਾਨੂੰ ਮਿਲਣ ਲਈ ਪਹੁੰਚ ਗਿਆ ਤੇ ਪਿਛਲੇ ਵਕਤਾਂ ਦੀਆਂ ਕਹਾਣੀਆਂ ਸੁਣਾਉਣ ਲੱਗੇ ਤੇ ਉਹਨਾਂ ਨੇ ਬਹੁਤ ਪੁਰਾਣੀਆਂ ਯਾਦਾਂ ਦੱਸੀਆਂ ਜੋ ਮੇਰੇ ਰਿਸ਼ਤੇਦਾਰਾਂ ਦੇ ਬਾਰੇ 'ਚ ਸਨ।

ਸ਼ਾਮ ਹਨੇਰਾ ਹੁੰਦੇ ਤੱਕ ਅਸੀਂ ਉਸ ਪਿੰਡ 'ਚੋਂ ਵਿਹਲੇ ਹੋ ਕੇ ਵਾਪਸ ਲਵਲੀ ਜੀ ਦੇ ਘਰ ਗਏ। ਉਹਨਾਂ ਨੇ ਸਾਨੂੰ ਚਾਹ ਦਾ ਲੰਗਰ ਛਕਾਇਆ ਤੇ ਅਸੀਂ ਵਾਪਸ ਲਾਹੌਰ ਆਪਣੇ ਹੋਟਲ ਵੱਲ ਆਉਣ ਲਈ ਚੱਲ ਪਏ।

ਮੈਂ ਉਚੇਚੇ ਤੌਰ 'ਤੇ ਉਹਨਾਂ ਵੱਲੋਂ ਨਿਭਾਈਆਂ ਪਿਛਲੇ 6-7 ਸਾਲਾਂ ਦੀਆਂ ਸੇਵਾਵਾਂ ਦਾ ਧੰਨਵਾਦ ਕੀਤਾ ਕਿਉਂਕਿ ਸਭ ਤੋਂ ਪਹਿਲਾਂ ਉਹਨਾਂ ਦੀ ਮੁਲਾਕਾਤ ਡਾ. ਦਲਬੀਰ ਸਿੰਘ ਪੰਨੂ (ਡੈਂਟਿਸਟ) ਨਾਲ ਹੋਈ ਸੀ, ਜਦੋਂ ਉਹ ਆਪਣੀ ਦਾਦੀ ਨੂੰ ਉਹਨਾਂ ਦਾ ਪਿਛਲਾ ਪਿੰਡ ਵਿਖਾਉਣ ਗਏ ਸਨ, ਸ਼ਾਇਦ ਗੱਲ 2008 ਦੀ ਹੈ। ਉਸ ਤੋਂ ਮਗਰੋਂ ਉਹਨਾਂ ਨੇ ਹੀ ਪੁਪਿੰਦਰ ਸਿੰਘ ਲਵਲੀ ਹੁਰਾਂ ਨੂੰ ਇਸ ਤਰ੍ਹਾਂ ਦੀ ਵਿਛੜਿਆਂ ਨੂੰ ਮਿਲਾਉਣ ਵਾਲੀਆਂ ਵੀਡੀਓ ਬਣਾਉਣ ਦੀ ਪ੍ਰੇਰਨਾ ਕੀਤੀ। ਜਿਸ ਨਾਲ ਅੱਜ ਤੱਕ ਹਜ਼ਾਰਾਂ ਪਰਿਵਾਰਾਂ ਨੂੰ ਇਕ -ਦੂਜੇ ਦੇ ਰਿਸ਼ਤੇਦਾਰ ਮਿਲੇ।

ਸ. ਪੁਪਿੰਦਰ ਸਿੰਘ ਲਵਲੀ ਨੇ ਸਾਨੂੰ ਗੁਰਦੁ-ਆਰਾ ਸਾਹਿਬ ਦੇ ਦਰਸ਼ਨ ਕਰਵਾ ਕੇ ਵਾਪਸ ਹੋਟਲ ਛੱਡਿਆ ਅਤੇ ਸਾਰਾ ਖਰਚ ਖੁਦ ਕੀਤਾ, ਸਾਡੇ ਕੋਈ ਖਰਚ ਨਹੀਂ ਹੋਣ ਦਿੱਤਾ। ਅਸੀਂ ਉਹਨਾਂ ਦੇ ਬਹੁਤ ਧੰਨਵਾਦੀ ਹਾਂ।

ਇਹ ਇਕ ਮੀਲ ਪੱਥਰ ਵਰਗਾ ਕੰਮ ਸੀ ਜੋ ਇਸ ਟੀਮ ਨੇ ਕੀਤਾ ਤੇ ਲੋਕਾਂ ਦੇ ਦਿਲਾਂ'ਚ ਵੀ ਉਹਨਾਂ ਲਈ ਦਿਲਾਂ 'ਚ ਇੱਜਤ ਵੱਧ ਗਈ। ਅੱਜ ਹਾਲਾਤ ਭਾਵੇਂ ਖਰਾਬ ਹੋਏ ਪਰ ਪੰਜਾਬੀ ਪਰਿਵਾਰਾਂ ਨੂੰ ਦੋਵੇਂ ਪਾਸੇ ਇਕ-ਦੂਜੇ ਨੂੰ ਮਿਲਣ ਦੀ ਤਾਂਘ ਤੇ ਤੜਪ ਹੈ।

ਇਹ ਰੋਕ ਬਹੁਤੀ ਦੇਰ ਤੱਕ ਨਾ ਲੱਗੇ ਤਾਂ ਚੰਗੀ ਗੱਲ ਹੈ ਕਿਉਂਕਿ ਸਿੱਖਾਂ ਨੂੰ ਤਾਂ ਗੁਰੂ ਘਰਾਂ ਦੇ ਦਰਸ਼ਨਾਂ ਤੋਂ ਅਤੇ ਆਪਣੇ ਬਜ਼ੁਰਗਾਂ ਦੇ ਪਿੰਡ ਵੇਖਣ ਤੋਂ ਇਲਾਵਾ ਕੁਝ ਨਹੀਂ ਚਾਹੀਦਾ।

ਤੁਸੀਂ ਜਿਸ ਵੀ ਦੇਸ਼ ਦੇ ਹੋ, ਉਸਨੂੰ ਪਿਆਰ ਕਰੋ, ਕਿਧਰੇ ਜਾ ਕੇ ਵੀ ਆਪਣੇ ਦੇਸ਼ ਦੀ ਬੁਰਾਈ ਨਾ ਕਰੋ, ਨਾ ਹੀ ਬਿਗਾਨੇਦੇਸ਼ ਚੱਕਰ ਲਾ ਕੇ, ਵਾਪਸ ਆ ਕੇ ਉਹਨਾਂ ਨੂੰ ਕੁਝ ਬੁਰਾ ਕਹੋ, ਕਿਉਂਕਿ 70 ਸਾਲ ਬਾਅਦ ਜੇ ਨਫਰਤ ਘਟਣ ਲੱਗੀ ਸੀ, ਸ਼ਾਇਦ ਕਿਸੇ ਅੱਥਰੇ ਦੀ ਨਜ਼ਰ ਲੱਗੀ ਹੈ। ਪਰ ਫਿਰ ਜਲਦੀ ਹੀ ਸਾਰਾ ਕੁਝ ਆਮ ਵਰਗਾ ਸ਼ਾਇਦ ਹੋ ਜਾਵੇ। ਗੁਰੂ ਅੱਗੇ ਬੇਨਤੀ ਹੈ।


# ਲੁਧਿਆਣਾ ਪੱਛਮੀ ਜ਼ਿਮਨੀ ਚੋਣ ’ਚ ਬਹੁਤ ਘੱਟ ਵੋਟਿੰਗ ਹੋਈ

ਲੁਧਿਆਣਾ– ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਵੀਰਵਾਰ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਗਈ। ਚੋਣ ਕਮਿਸ਼ਨ ਮੁਤਾਬਕ ਸ਼ਾਮ 7 ਵਜੇ ਤੱਕ 51.33 ਫ਼ੀਸਦ ਲੋਕਾਂ ਨੇ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕੀਤੀ ਸੀ। ਮੌਸਮ ਸੁਖਾਵਾਂ ਰਹਿਣ ਦੇ ਬਾਵਜੂਦ ਵੋਟਿੰਗ ਦੀ ਰਫ਼ਤਾਰ ਮੱਠੀ ਰਹੀ ਪਰ ਕਈ ਵੱਡੇ ਸਨਅਤਕਾਰ ਇਸ ਵਾਰ ਵੋਟ ਪਾਉਣ ਲਈ ਲਾਈਨ ਵਿੱਚ ਲੱਗੇ ਨਜ਼ਰ ਆਏ। ਚੋਣ ਮੈਦਾਨ ਵਿੱਚ ਉਤਰੇ 14 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐੱਮਜ਼) ਵਿੱਚ ਬੰਦ ਹੋ ਗਿਆ ਹੈ ਅਤੇ ਨਤੀਜਾ 23 ਜੂਨ ਆਵੇਗਾ। ‘ਆਪ’ ਦੇ ਸੰਜੀਵ ਅਰੋੜਾ, ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ, ਭਾਜਪਾ ਦੇ ਜੀਵਨ ਗੁਪਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ ਵਿਚਾਲੇ ਫਸਵਾਂ ਮੁਕਾਬਲਾ ਦਿਖਾਈ ਦੇ ਰਿਹਾ ਹੈ। ‘ਆਪ’ ਉਮੀਦਵਾਰ ਗੁਰਪ੍ਰੀਤ ਬੱਸੀ ਗੋਗੀ ਦੇ ਦੇਹਾਂਤ ਕਾਰਨ ਇਹ ਸੀਟ ਖਾਲੀ ਹੋਈ ਸੀ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਸ਼ਾਮ 7 ਵਜੇ ਤੱਕ ਅਪਲੋਡ ਕੀਤੇ ਗਏ ਡੇਟਾ ਮੁਤਾਬਕ 51.33 ਫ਼ੀਸਦੀ ਮਤਦਾਨ ਹੋਇਆ ਹੈ। ਇੱਕ ਨਵੀਂ ਪਹਿਲਕਦਮੀ ਵਜੋਂ ਪੋਲਿੰਗ ਡੇਟਾ ਪੋਲਿੰਗ ਸਟੇਸ਼ਨ ’ਤੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਵੱਲੋਂ ਈਸੀਆਈ ਨੈੱਟ ਐਪ ’ਤੇ ਅਪਲੋਡ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵੋਟਿੰਗ ਪ੍ਰਤੀਸ਼ਤ ਅਨੁਮਾਨਤ ਹਨ। ਸਾਲ 2022 ’ਚ ਇਸ ਹਲਕੇ ਵਿੱਚ 64.29 ਫ਼ੀਸਦੀ ਵੋਟਿੰਗ ਹੋਈ ਸੀ। ਵੋਟਿੰਗ ਤੋਂ ਬਾਅਦ ਈਵੀਐੱਮਜ਼ ਨੂੰ ਸੀਲ ਕਰਕੇ ਸਟਰਾਂਗ ਰੂਮ ਵਿੱਚ ਲਿਜਾਇਆ ਗਿਆ ਹੈ ਜਿੱਥੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

**ਆਪ ਲਈ ਇੰਨੀ ਅਹਿਮ ਕਿਉਂ ਹੋ ਗਈ ਇਹ ਸੀਟ**

ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੇ ਇਸ ਵਾਰ ਆਮ ਆਦਮੀ ਪਾਰਟੀ ਨੇ ਆਪਣੀ ਪੂਰੀ ਤਾਕਤ ਲਗਾ ਦਿੱਤੀ। ਇਸ ਪਾਰਟੀ ਕੋਲ ਪਹਿਲਾਂ ਹੀ ਵਿਧਾਨ ਸਭਾ ਵਿਚ 91 ਸੀਟਾਂ ਹਨ। ਅਸਲ ਵਿਚ ਇਹ ਸੀਟ ਆਮ ਆਦਮੀ ਪਾਰਟੀ ਜਾਂ ਭਗਵੰਤ ਮਾਨ ਲਈ ਅਹਿਮ ਨਹੀਂ ਬਲਕਿ ਸਭ ਤੋਂ ਅਹਿਮ ਕੇਜਰੀਵਾਲ ਲਈ ਹੈ। ਕੇਜਰੀਵਾਲ ਇਸ ਸੀਟ ਤੋਂ ਰਾਜ ਸਭਾ ਮੈਂਬਰ ਅਰੋੜਾ ਨੂੰ ਜਿਤਾ ਕੇ ਵਿਧਾਨ ਸਭਾ ਵਿਚ ਪਹੁੰਚਾਉਣਾ ਚਾਹੁੰਦੀ ਅਤੇ ਫਿਰ ਰਾਜ ਸਭਾ ਤੋਂ ਅਰੋੜਾ ਦਾ ਅਸਤੀਫਾ ਕਰਵਾ ਕੇ ਕੇਜਰੀਵਾਲ ਖੁਦ ਰਾਜ ਸਭਾ ਪਹੁੰਚਣਾ ਚਾਹੁੰਦੇ ਹਨ। ਕੇਜਰੀਵਾਲ ਦਿੱਲੀ ਦੀ ਚੋਣ ਤਾਂ ਹਾਰ ਗਏ ਹਨ, ਇਸ ਕਰਕੇ ਹੁਣ ਉਹਨਾਂ ਕੋਲ ਕੋਈ ਵਿਧਾਨਕ ਅਹੁਦਾ ਨਹੀਂ ਹੈ। ਜਦੋਂ ਕਿਸੇ ਲੀਡਰ ਕੋਲ ਵਿਧਾਨਕ ਅਹੁਦਾ ਨਹੀਂ ਰਹਿੰਦਾ ਤਾਂ ਉਹ ਦਾ ਕੱਦ ਰਾਜਨੀਤੀ ਵਿਚ ਬੌਣਾ ਹੋਣਾ ਆਰੰਭ ਹੋ ਜਾਂਦਾ ਹੈ। ਹਾਲਾਂਕਿ ਭਗਵੰਤ ਮਾਨ ਲਈ ਇਹ ਸੀਟ ਜ਼ਿਆਦਾ ਅਹਿਮ ਨਹੀਂ ਪਰ ਉਹ ਵੀ ਜਾਣਦੇ ਹਨ ਕਿ ਜੇਕਰ ਇਹ ਸੀਟ ਹਾਰੇ ਤਾਂ ਬੇਅੰਤ ਸਿੰਘ ਵਾਂਗ ਗਿੱਦੜਬਾਹਾ ਦਾ ਮੈਦਾਨ ਪੰਜਾਬ ਵਿਚ ਤਿਆਰ ਨਾ ਹੋ ਜਾਵੇ। ਜਦੋਂ ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਕੁੱਟ ਰਹੇ ਸਨ। ਅਕਾਲੀਆਂ ਨੇ ਬਚਣ ਦਾ ਇਕੋ-ਇਕ ਰਸਤਾ ਲੱਭਿਆ ਗਿੱਦੜਬਾਹਾ ਦੀ ਜ਼ਿਮਨੀ ਚੋਣ। ਇਸ ਚੋਣ ਲਈ ਅਕਾਲੀ ਦਲ ਨੇ ਸਾਰੀਆਂ ਪਾਰਟੀਆਂ ਨੂੰ ਨਾਲ ਮਿਲਾ ਲਿਆ। ਬੇਅੰਤ ਸਿੰਘ ਨੇ ਇਹ ਸੀਟ ਜਿੱਤਣ ਲਈ ਪੂਰਾ ਜ਼ੋਰ ਲਗਾ ਦਿੱਤਾ ਪਰ ਆਖਿਰ 2 ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰ ਗਿਆ। ਇਸ ਤੋਂ ਬਾਅਦ ਪੰਜਾਬ ਵਿਚ ਬੇਅੰਤ ਸਿੰਘ ਦਾ ਪ੍ਰਭਾਵ ਘਟਣਾ ਆਰੰਭ ਹੋ ਗਿਆ ਅਤੇ ਅਕਾਲੀਆਂ ਦਾ ਵਧਣਾ ਆਰੰਭ ਹੋ ਗਿਆ ਅਤੇ ਆਖਿਰ ਕਾਂਗਰਸ ਨੂੰ ਹਰਾ ਕੇ ਅਕਾਲੀ ਦਲ ਸੱਤਾ ਤੇ ਕਾਬਜ ਹੋ ਗਿਆ। ਭਗਵੰਤ ਮਾਨ ਨੂੰ ਵੀ ਇਹੀ ਡਰ ਹੈ ਕਿ ਜੇਕਰ ਇਹ ਸੀਟ ਹਾਰ ਗਏ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਤੱਕ ਉਹਨਾਂ ਦਾ ਪ੍ਰਭਾਵ ਬਿਲਕੁਲ ਖਤਮ ਹੋ ਜਾਵੇਗਾ ਅਤੇ ਜਿੱਤਣ ਵਾਲੀ ਪਾਰਟੀ ਦਾ ਪ੍ਰਭਾਵ ਵੱਧ ਜਾਵੇਗਾ। ਇਸ ਕਰਕੇ ਭਗਵੰਤ ਮਾਨ ਜੋ ਕਿ ਪੰਜਾਬ ਵਿਚ ਇਸ ਵਕਤ ਆਮ ਆਦਮੀ ਪਾਰਟੀ ਦੀ ਮੰਦੀ ਹਾਲਤ ਨੂੰ ਦੇਖ ਰਹੇ ਹਨ, ਫਿਕਰਮੰਦ ਹਨ ਕਿ ਇਹ ਸੀਟ ਹਾਰਨ ਤੋਂ ਬਾਅਦ ਉਹਨਾਂ ਦੀ ਸਰਕਾਰ ਦਾ ਪ੍ਰਭਾਵ ਜਾਂਦਾ ਰਹੇਗਾ ਅਤੇ ਉਹਨਾਂ ਦਾ ਮੁੱਖ ਮੰਤਰੀ ਦਾ ਅਹੁਦਾ ਵੀ ਖਿਸਕ ਸਕਦਾ ਹੈ।

# ਪੰਜਾਬ ਨਸ਼ਿਆਂ ਨਾਲ ਕਿਵੇਂ ਨਜਿੱਠੇ



ਗੁਰਬਚਨ ਜਗਤ

ਪੰਜਾਬ ਸਰਕਾਰ ਨੇ ਨਸ਼ਿਆਂ ਅਤੇ ਨਾਜਾਇਜ਼ ਸ਼ਰਾਬ ਖ਼ਿਲਾਫ਼ ਯੁੱਧ ਤਾਂ ਆਰੰਭ ਕੀਤਾ ਹੋਇਆ ਹੈ। ਨਾਜਾਇਜ਼ ਸ਼ਰਾਬ ਕੱਢਣ ਦਾ ਇਤਿਹਾਸ ਸ਼ਾਇਦ ਮਨੁੱਖ ਜਾਤੀ ਦੀ ਉਤਪਤੀ ਜਿੰਨਾ ਹੀ ਪੁਰਾਣਾ ਹੈ। ਮੇਰੀ ਪਹਿਲੀ ਤਾਇਨਾਤੀ ਪੁਲਿਸ ਸੁਪਰਡੈਂਟ ਐੱਸਪੀ ਵਜੋਂ ਕਪੂਰਥਲਾ ਵਿਖੇ ਹੋਈ ਸੀ ਜੋ ਉਸ ਸਮੇਂ ਨਿਸਬਤਨ ਛੋਟਾ ਜ਼ਿਲ੍ਹਾ ਹੁੰਦਾ ਸੀ ਜਿਸ ਵਿੱਚ ਸਿਰਫ਼ ਛੇ ਪੁਲੀਸ ਸਟੇਸ਼ਨ ਆਉਂਦੇ ਸਨ। ਉਨ੍ਹਾਂ ਸਮਿਆਂ ਦੀ ਅਮਨ ਕਾਨੂੰਨ ਦੀ ਇੱਕ ਸਮੱਸਿਆ ਦਰਿਆ ਨੇੜੇ ਪੈਂਦੇ ਮੰਡ ਖੇਤਰ ਵਿੱਚ ਨਾਜਾਇਜ਼ ਸ਼ਰਾਬ ਕੱਢਣ ਨਾਲ ਜੁੜੀ ਹੁੰਦੀ ਸੀ। ਇਨ੍ਹਾਂ ਵੱਲੋਂ ਸੰਘਣੀਆਂ ਝਾੜੀਆਂ-ਬੂਟੀਆਂ ‘ਚ ਲੁਕ ਕੇ ਇਹ ਸ਼ਰਾਬ ਕੱਢੀ ਜਾਂਦੀ ਸੀ ਜਿਸ ਕਰ ਕੇ ਉਹ ਪੁਲੀਸ ਦੀਆਂ ਨਜ਼ਰਾਂ ਵਿੱਚ ਨਹੀਂ ਸਨ ਆਉਂਦੇ। ਸੂਹਾਂ ਦੇ ਆਧਾਰ ’ਤੇ ਅਸੀਂ ਇਲਾਕੇ ਵਿੱਚ ਵੱਡੇ ਪੱਧਰ ’ਤੇ ਛਾਪੇ ਮਾਰ ਕੇ ਵੱਡੀ ਗਿਣਤੀ ਨਾਜਾਇਜ਼ ਸ਼ਰਾਬ ਕੱਢਣ ਵਾਲਿਆਂ ਨੂੰ ਫੜਦੇ ਸਾਂ ਅਤੇ ਭਾਰੀ ਮਾਤਰਾ ਵਿੱਚ ਲਾਹਣ ਤੇ ਸ਼ਰਾਬ ਜ਼ਬਤ ਕਰ ਲੈਂਦੇ ਸਾਂ।

ਪੰਜਾਹ ਸਾਲਾਂ ਬਾਅਦ ਮੈਂ ਅਜੇ ਵੀ ਪੜ੍ਹ-ਸੁਣ ਰਿਹਾ ਹਾਂ ਕਿ ਯੁੱਧ ਚੱਲ ਰਿਹਾ ਹੈ, ਭਾਵੇਂ ਇਸ ਖ਼ਾਤਿਰ ਹੋਰ ਜ਼ਿਆਦਾ ਨਫ਼ਰੀ ਅਤੇ ਤਕਨਾਲੋਜੀ ਉਪਲਬਧ ਹੋ ਗਈ ਹੈ। ਇਸੇ ਤਰ੍ਹਾਂ ਦੇ ਅਪਰੇਸ਼ਨ ਅਫ਼ੀਮ, ਭੁੱਕੀ, ਜੂਏ, ਵੇਸਵਾਗਮਨੀ ਆਦਿ ਲਈ ਚਲਾਏ ਜਾਂਦੇ ਹਨ। ਉਂਝ, ਹੁਣ ਨਾਲੋਂ ਉਦੋਂ ਇਨ੍ਹਾਂ ਸਮੱਸਿਆਵਾਂ ਦਾ ਪੈਮਾਨਾ ਕਿਤੇ ਛੋਟਾ ਹੁੰਦਾ ਸੀ। ਨਸ਼ੀਲੀਆਂ ਦਵਾਈਆਂ ਖ਼ਾਸਕਰ ਰਸਾਇਣਕ ਕਿਸਮ ਦੀਆਂ ਦਵਾਈਆਂ ਇਸ ਧੰਦੇ ਵਿੱਚ ਆ ਗਈਆਂ ਹਨ ਅਤੇ ਨਾ ਕੇਵਲ ਰਾਜ ਸਗੋਂ ਸਮੁੱਚੇ ਦੇਸ਼ ਵਿੱਚ ਵੱਡੇ ਗਰੋਹ (ਖ਼ਾਸਕਰ ਪੱਛਮੀ ਤਟ ਦੇ ਨਾਲੋ-ਨਾਲ ਜਿੱਥੇ ਭਾਰੀ ਮਾਤਰਾ ਵਿੱਚ ਬਰਾਮਦਗੀਆਂ ਹੋਈਆਂ ਹਨ) ਵਿੱਚ ਸਰਗਰਮ ਹਨ ਪਰ ਇਸ ਬਾਬਤ ਕੋਈ ਵੇਰਵਾ ਉਪਲਬਧ ਨਹੀਂ ਹੈ ਕਿ ਇਹ ਨਸ਼ੀਲੀਆਂ ਦਵਾਈਆਂ ਕਿੱਥੋਂ ਚੱਲੀਆਂ ਸਨ ਤੇ ਕਿੱਥੇ ਪਹੁੰਚਾਈਆਂ ਜਾਣੀਆਂ ਸਨ।



ਸਮਾਜਿਕ ਅਲਾਮਤਾਂ ਨਾਲ ਨਜਿੱਠਣ ਲਈ ਸਮੇਂ-ਸਮੇਂ ’ਤੇ ਰਹੀਆਂ ਸਰਕਾਰਾਂ ਦੇ ਰਵੱਈਏ ਤੋਂ ਮੈਂ ਹੈਰਾਨ ਹਾਂ। ਕੋਈ ਵੀ ਦੇਸ਼ ਮਨੁੱਖੀ ਬੁਰਾਈਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਯੋਗ ਨਹੀਂ ਬਣ ਸਕਿਆ ਕਿਉਂਕਿ ਇਹ ਬੁਰਾਈਆਂ ਵੀ ਮਨੁੱਖੀ ਸਭਿਅਤਾ ਜਿੰਨੀਆਂ ਹੀ ਪੁਰਾਣੀਆਂ ਹਨ; ਹਾਲਾਂਕਿ ਵੱਖ-ਵੱਖ ਦੇਸ਼ਾਂ ਨੇ ਬਿਹਤਰ ਤਵਾਜ਼ਨ ਬਣਾਉਣ ਦੀ ਜੱਦੋਜਹਿਦ ਕੀਤੀ ਹੈ।

ਅਮਰੀਕਾ ਨੇ ਇੱਕ ਸਦੀ ਪਹਿਲਾਂ ਸ਼ਰਾਬਬੰਦੀ ਦਾ ਤਜਰਬਾ ਕੀਤਾ ਸੀ ਪਰ ਇਸ ਦਾ ਸਿੱਟਾ ਉਲਟ ਨਿਕਲਿਆ ਤੇ ਇਹ ਅਪਰਾਧਿਕ ਸਰਗਨਿਆਂ ਅਤੇ ਬੇਖ਼ੌਫ਼ ਮਾਫੀਆ ਗਰੋਹਾਂ ਦੀ ਧਰਤੀ ਬਣ ਗਿਆ। ਆਖ਼ਿਰਕਾਰ ਬਹੁਤ ਸਾਰੇ ਮੁਲਕਾਂ ਨੇ ਸਮਾਜ ਦੇ ਅਪਰਾਧੀਕਰਨ ਨੂੰ ਨੱਥ ਪਾਉਣ ਅਤੇ ਆਪੋ-ਆਪਣੇ ਸਮਾਜਾਂ ਲਈ ਢੁਕਵੇਂ ਹੱਲਾਂ ਜ਼ਰੀਏ ਸ਼ਰਾਬਖੋਰੀ ’ਤੇ ਕਾਬੂ ਪਾਉਣ ਦੇ ਯਤਨ ਕੀਤੇ ਸਨ। ਕੁਝ ਦੇਸ਼ਾਂ ਨੇ ਅਲਕੋਹਲ ਦੀ ਘੱਟ ਮਾਤਰਾ ਵਾਲੇ ਪੀਣ ਵਾਲੇ ਪਦਾਰਥ ਬਣਾਉਣ ’ਤੇ ਜ਼ੋਰ ਦਿੱਤਾ; ਕੁਝ ਹੋਰਨਾਂ ਨੇ ਭੰਗ ਅਤੇ ਮੌਜ ਮਸਤੀ ਦੇ ਇਹੋ ਜਿਹੇ ਹੋਰ ਨਸ਼ਿਆਂ ਦੀ ਕਾਸ਼ਤ ਤੇ ਸੇਵਨ ਨੂੰ ਕਾਨੂੰਨੀ ਕਰਾਰ ਦਿੱਤਾ। ਉਨ੍ਹਾਂ ਨੇ ਨਸ਼ੀਲੀਆਂ ਦਵਾਈਆਂ ਅਤੇ ਬੱਚਿਆਂ ਨੂੰ ਇਨ੍ਹਾਂ ਦੀ ਸਪਲਾਈ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ। ਲਗਾਤਾਰ ਚੇਤਨਾ ਮੁਹਿੰਮਾਂ ਚਲਾਈਆਂ ਗਈਆਂ ਤਾਂ ਕਿ ਸ਼ਰਾਬ ਅਤੇ ਨਸ਼ੀਲੀਆਂ ਦਵਾਈਆਂ ਦੇ ਸਰੀਰ ਤੇ ਮਨ ਉਪਰ ਪੈਂਦੇ ਬੁਰੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਣੂ ਕਰਾਇਆ ਜਾ ਸਕੇ।

ਆਓ, ਇੱਕ ਵਾਰ ਫਿਰ ਆਪਣੇ ਸੂਬੇ ਪੰਜਾਬ ਦੀ ਗੱਲ ਕਰੀਏ। 1980ਵਿਆਂ ਅਤੇ 1990ਵਿਆਂ ਦੇ ਦਹਾਕਿਆਂ ਵਿੱਚ ਹੋਈਆਂ ਗੜਬੜਾਂ ਨੇ ਸਮਾਜਿਕ ਆਰਥਿਕ ਤਾਣੇ-ਬਾਣੇ ਉੱਪਰ ਬਹੁਤ ਬੁਰਾ ਪ੍ਰਭਾਵ ਪਾਇਆ। ਪਾਕਿਸਤਾਨ ਵੱਲੋਂ ਸ਼ੁਰੂ ਕੀਤੀ ਗਈ ਦਹਿਸ਼ਤਗਰਦੀ ਅਤੇ ਲੁਕਵੀਂ ਜੰਗ ਨੇ ਸੂਬੇ ਦਾ ਘਾਣ ਕੀਤਾ। ਆਈ ਐੱਸ ਆਈ ਵੱਲੋਂ ਹਥਿਆਰਾਂ, ਅਸਲੇ ਅਤੇ ਸਿਖਲਾਈ ਦੀ ਨਾ ਖਤਮ ਹੋਣ ਵਾਲੀ ਧਾਰਾ ਵਹਾਈ ਗਈ। ਅਫ਼ਗਾਨਿਸਤਾਨ ਵਿੱਚ ਸੋਵੀਅਤ ਸੰਘ ਖ਼ਿਲਾਫ਼ ਮੁਜ਼ਾਹਿਦੀਨ ਦੇ ਰੂਪ ਵਿੱਚ ਅਜ਼ਮਾਏ ਗਏ ਪੈਂਤੜੇ ਅਤੇ ਹਥਿਆਰ ਵਰਤੇ ਗਏ। ਏਕੇ 47 (ਜਿਨ੍ਹਾਂ ਵਿੱਚੋਂ ਬਹੁਤੀਆਂ ਉੱਪਰ ਅਫ਼ਗਾਨ ਨਿਸ਼ਾਨ ਹੁੰਦੇ ਸਨ) ਖ਼ੌਫ਼ਨਾਕ ਹਥਿਆਰ ਬਣ ਗਈ ਅਤੇ ਦਹਿਸ਼ਤਗਰਦਾਂ ਦੀ ਤਾਕਤ ਕਈ ਗੁਣਾ ਵਧ ਗਈ। ਸਨਅਤਾਂ ਬੰਦ ਹੋ ਗਈਆਂ ਜਾਂ ਫਿਰ ਪਲਾਇਨ ਕਰ ਗਈਆਂ; ਹੱਤਿਆਵਾਂ ਨਾਲ ਪਰਿਵਾਰ ਤਬਾਹ ਹੋ ਗਏ ਅਤੇ ਫਿਰੌਤੀਆਂ ਦਾ ਖ਼ਤਰਾ ਹਰ ਸਮੇਂ ਬਣਿਆ ਰਹਿੰਦਾ। ਹਜ਼ਾਰਾਂ ਲੋਕ ਮਾਰੇ ਗਏ; ਜਿਨ੍ਹਾਂ ’ਚ ਆਮ ਨਾਗਰਿਕਾਂ ਦੇ ਨਾਲ-ਨਾਲ ਪੁਲੀਸ ਅਤੇ ਨੀਮ ਫ਼ੌਜੀ ਜਵਾਨ ਵੀ ਸ਼ਾਮਿਲ ਸਨ। ਇੰਨੇ ਵੱਡੇ ਪੱਧਰ ’ਤੇ ਵਾਪਰੇ ਇਸ ਸਰੀਰਕ, ਮਨੋਵਿਗਿਆਨਕ ਅਤੇ ਆਰਥਿਕ ਸੰਤਾਪ ਨੂੰ ਮੁਖ਼ਾਤਿਬ ਹੋਣ ਲਈ ਕੋਈ ਵੱਡਾ ਯਤਨ ਨਹੀਂ ਕੀਤਾ ਗਿਆ।

ਪੂਰੇ ਰਾਜ ਨੂੰ ਲਗਭਗ ਜੀਵਨ ਦੇ ਸਾਰੇ ਮਾਪਦੰਡਾਂ ’ਤੇ ਤਬਾਹ ਕਰ ਦਿੱਤਾ ਗਿਆ ਤੇ ਇਸ ਉਥਲ-ਪੁਥਲ ਦੇ ਕਾਰਨਾਂ ਤੇ ਅਸਰਾਂ ਨੂੰ ਘੋਖਣ ਅਤੇ ਹੱਲ ਸੁਝਾਉਣ ਲਈ ਇੱਕ ਵੀ ਕਮਿਸ਼ਨ ਨਹੀਂ ਬਣਾਇਆ ਗਿਆ। ਇਸ ਨਾਲ ਨਜਿੱਠਣ ਲਈ ਲੋਕਾਂ ਨੂੰ ਉਨ੍ਹਾਂ ਦੇ ਹਾਲ ’ਤੇ ਹੀ ਛੱਡ ਦਿੱਤਾ ਗਿਆ- ਕੁਝ ਪਰਵਾਸ ਕਰ ਗਏ, ਕੁਝ ਅਪਰਾਧ ਕਰਨ ਲੱਗ ਪਏ ਤੇ ਗੈਂਗ ਬਣਾ ਲਏ, ਬਾਕੀ ਬਚੇ ਹੋਏ ਤਸਕਰੀ ਤੇ ਨਸ਼ਿਆਂ ਦੀ ਵੰਡ ’ਚ ਪੈ ਗਏ। ਕੁਝ ਸਮਾਂ ਬੀਤਣ ’ਤੇ ਸਿਆਸਤਦਾਨ ਸੱਤਾ ’ਚ ਪਰਤ ਆਏ ਤੇ ਇਸ ਨੇ ਸਿਰਫ਼ ਤੇ ਸਿਰਫ਼ ਸਮਾਜ ਦਾ ਹੋਰ ਅਪਰਾਧੀਕਰਨ ਹੀ ਕੀਤਾ... ਕਿਉਂ? ਇਸ ਮੰਤਵ ਦੀ ਪੂਰਤੀ ਲਈ ਉੱਘੇ ਜੱਜਾਂ, ਸਮਾਜ ਸ਼ਾਸਤਰੀਆਂ ਤੇ ਪ੍ਰਸ਼ਾਸਕਾਂ ਦੀ ਪੜਤਾਲੀਆ ਕਮੇਟੀ ਬਣਾਈ ਜਾ ਸਕਦੀ ਸੀ। ਵੱਖਰਾ ਕਮਿਸ਼ਨ ਬਣਾਉਣਾ ਚਾਹੀਦਾ ਸੀ ਜੋ ਸੂਬੇ ਤੇ ਇਸ ਦੀਆਂ ਸੰਸਥਾਵਾਂ, ਇਸ ਦੇ ਲੋਕਾਂ ਨੂੰ ਹੋਏ ਨੁਕਸਾਨ ਨੂੰ ਵਿਚਾਰਦਾ ਅਤੇ ਮੁੜ ਵਸੇਬੇ ਲਈ ਢੁਕਵੀਂ ਯੋਜਨਾ ਸੁਝਾਉਂਦਾ ਤੇ ਨਾਲ ਹੀ ਵਿੱਤੀ ਅਤੇ ਰੁਜ਼ਗਾਰ ਪੈਕੇਜ ਦੀ ਵੀ ਸਿਫਾਰਿਸ਼ ਕਰਦਾ।

ਦੋ ਦਹਾਕਿਆਂ ਤੱਕ ਪੰਜਾਬ ’ਚ ਜੋ ਵਾਪਰਿਆ, ਉਹ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅਣਐਲਾਨੀ ਜੰਗ ਸੀ। ਕੀ ਇਸ ਨੂੰ ਉਸੇ ਤਰ੍ਹਾਂ ਨਜਿੱਠਿਆ ਗਿਆ? ਪਹਿਲਾਂ ਅਤਿਵਾਦ ਨੂੰ ਕੁਚਲਣ ਲਈ ਹੀ ਪੂਰਾ ਸਮਰਥਨ ਦਿੱਤਾ ਗਿਆ ਪਰ ਬਾਅਦ ’ਚ ਇਸ ਦੇ ਸਿੱਟਿਆਂ ਨਾਲ ਨਜਿੱਠਣ ਲਈ ਪੰਜਾਬ ਨੂੰ ਕੁਦਰਤ ਦੇ ਰਹਿਮੋ-ਕਰਮ ’ਤੇ ਛੱਡ ਦਿੱਤਾ ਗਿਆ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਪੁਲੀਸ ਹੀ ਸੀ ਜਿਸ ਨੇ ਪੰਜਾਬੀ ਸਿਵਲ ਸੁਸਾਇਟੀ ਨਾਲ ਮਿਲ ਕੇ, ਮੂਹਰੇ ਹੋ ਕੇ ਇਹ ਲੜਾਈ ਲੜੀ ਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਵੀ ਝੱਲਿਆ।

ਕਿਸੇ ਖੇਤਰ ਦੇ ਆਰਥਿਕ ਤੌਰ ’ਤੇ ਖੁਸ਼ਹਾਲ ਹੋਣ ਲਈ, ਜ਼ਰੂਰੀ ਚੀਜ਼ਾਂ ਵਿੱਚੋਂ ਇੱਕ, ਵਪਾਰ ਕਰਨ ਦੀ ਸਮਰੱਥਾ ਹੈ। ਪੰਜਾਬ ਚਾਰੇ ਪਾਸਿਓਂ ਜ਼ਮੀਨ ਨਾਲ ਘਿਰਿਆ ਹੋਇਆ ਹੈ। ਇਤਿਹਾਸਕ ਤੌਰ ’ਤੇ, ਇਹ ਖੇਤਰ ‘ਸਿਲਕ ਰੋਡ’ ਰਾਹੀਂ ਮੱਧ ਏਸ਼ੀਆ, ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਵਪਾਰ ਕਰਦਾ ਸੀ ਜਿਸ ਵਿੱਚ ਖੈਬਰ ਦੱਰਾ ਪ੍ਰਮੁੱਖ ਰਸਤਾ ਸੀ। ਅੰਗਰੇਜ਼ਾਂ ਦੇ ਆਉਣ ਅਤੇ ਬਾਅਦ ਵਿੱਚ ਵੰਡ ਨੇ ਇਹ ਰਸਤਾ ਖ਼ਤਮ ਕਰ ਦਿੱਤਾ। ਅੱਜ ਵੀ, ਇਹ ਬਦਲ ਉਪਲਬਧ ਨਹੀਂ ਹੈ। ਅਸਲ ’ਚ ਇਸ ਨੂੰ ਖੋਲ੍ਹਣ ਦੀਆਂ ਕੁਝ ਕਮਜ਼ੋਰ ਕੋਸ਼ਿਸ਼ਾਂ ਤੋਂ ਬਾਅਦ ਇਹ ਕਈ ਦਹਾਕਿਆਂ ਤੋਂ ਬੰਦ ਹੀ ਪਿਆ ਹੈ।

‘ਫਰੇਟ ਇਕੁਲਾਈਜ਼ੇਸ਼ਨ ਸਕੀਮ’ (ਮਾਲ-ਭਾੜਾ ਸਮਾਨਤਾ ਨੀਤੀ) ਬੰਦ ਹੋਣ ਕਰ ਕੇ, ਦੱਖਣੀ ਤੇ ਪੱਛਮੀ ਭਾਰਤ ਦੇ ਬੰਦਰਗਾਹ ਜ਼ਿਆਦਾਤਰ ਉਤਪਾਦਾਂ ਲਈ ਹੁਣ ਫ਼ਾਇਦੇਮੰਦ ਨਹੀਂ ਰਹੇ। ਨਤੀਜੇ ਵਜੋਂ ਮੰਡੀ ਗੋਬਿੰਦਗੜ੍ਹ, ਖੰਨਾ, ਲੁਧਿਆਣਾ ਆਦਿ ਦੀਆਂ ਫੈਕਟਰੀਆਂ ਹੁਣ ਆਪਣੇ ਚਮਕਦੇ ਅਤੀਤ ਦਾ ਫਿੱਕਾ ਜਿਹਾ ਝਲਕਾਰਾ ਹਨ। ਸਾਡੇ ਕੋਲ ਜ਼ਿਕਰਯੋਗ ਹਵਾਈ ਸੰਪਰਕ ਨਹੀਂ ਹੈ, ਜਦੋਂਕਿ ਵੱਡੀ ਗਿਣਤੀ ਪਰਵਾਸੀ ਭਾਰਤੀ ਇਸ ਸੂਬੇ ਨਾਲ ਸਬੰਧ ਰੱਖਦੇ ਹਨ। ਇਸ ਸੂਰਤ ਵਿੱਚ ਅਸੀਂ ਕਿੱਥੇ ਤੇ ਕਿਵੇਂ ਵਪਾਰ ਕਰੀਏ... ਰਾਜ ਅਤੇ ਕੇਂਦਰ ਸਰਕਾਰ ਇਸ ਨੂੰ ਸੁਵਿਧਾਜਨਕ ਬਣਾਉਣ ਲਈ ਕੀ ਕਰ ਰਹੇ ਹਨ?

ਨਾਜਾਇਜ਼ ਸ਼ਰਾਬ ਤੇ ਨਸ਼ਿਆਂ ਵਿਰੁੱਧ ਵਿੱਢੇ ਯੁੱਧ ’ਤੇ ਆਉਂਦੇ ਹਾਂ, ਇੱਥੇ ਇਸ ਸਮੱਸਿਆ ਨੂੰ ਮੁੱਖ ਤੌਰ ’ਤੇ ਕਾਨੂੰਨ-ਵਿਵਸਥਾ ਦੀ ਸਮੱਸਿਆ ਵਜੋਂ ਨਜਿੱਠਿਆ ਗਿਆ ਹੈ ਤੇ ਇਸ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਪੁਲੀਸ ਨੂੰ ਸੌਂਪੀ ਗਈ ਹੈ। ਜਿੱਥੋਂ ਤੱਕ ਮੈਨੂੰ ਪਤਾ ਹੈ, ਸਮੱਸਿਆ ਦੀਆਂ ਜੜ੍ਹਾਂ ਤੱਕ ਜਾਣ ਲਈ ਰਾਜ ਪੱਧਰ ’ਤੇ ਕੋਈ ਸੂਚੀਬੱਧ ਅਧਿਐਨ ਨਹੀਂ ਹੋਇਆ, ਜਿਸ ਵਿੱਚ ਸਮਾਜਿਕ ਅਤੇ ਆਰਥਿਕ ਸ਼ਕਤੀਆਂ ਤੇ ਮਾਨਸਿਕ ਸਿਹਤ ਦੇ ਮੁੱਦਿਆਂ ਨਾਲ ਜੁੜੇ ਕਾਰਕ ਸ਼ਾਮਿਲ ਹਨ- ਕੌਮੀ ਅਤੇ ਕੌਮਾਂਤਰੀ ਗਰੋਹਾਂ ਦੀ ਭੂਮਿਕਾ, ਵੱਖ-ਵੱਖ ਸਰਕਾਰੀ ਏਜੰਸੀਆਂ ਦੀ ਭੂਮਿਕਾ ਅਤੇ ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਦਾ ਸੰਕਟਗ੍ਰਸਤ ਚਰਿੱਤਰ। ਸਾਨੂੰ ਚੋਟੀ ਦੇ ਸਮਾਜ ਵਿਗਿਆਨੀਆਂ, ਮਨੋਵਿਗਿਆਨੀਆਂ, ਸਮਾਜ ਸੇਵਕਾਂ ਤੇ ਨਸ਼ੀਲੇ ਪਦਾਰਥਾਂ ਨਾਲ ਨਜਿੱਠਣ ਵਾਲੀਆਂ ਏਜੰਸੀਆਂ ਨੂੰ ਇਸ ਦਾ ਹਿੱਸਾ ਬਣਾਉਣਾ ਚਾਹੀਦਾ ਸੀ।

ਸਾਨੂੰ ਇਸ ਕਾਰੋਬਾਰ ਦੀਆਂ ਜੜ੍ਹਾਂ, ਦੇਸ਼ ਭਰ ਵਿੱਚ ਇਸ ਦੇ ਫੈਲਾਅ ਤੇ ਰਾਜਨੇਤਾਵਾਂ, ਪੁਲੀਸ ਅਤੇ ਡਰੱਗ ਸਿੰਡੀਕੇਟ ਦੇ ਗੱਠਜੋੜ ਦਾ ਪਤਾ ਲਾਉਣ ਲਈ ਆਪਣੀਆਂ ਖੁਫ਼ੀਆ ਏਜੰਸੀਆਂ ਦੀਆਂ ਖ਼ਾਸ ਇਕਾਈਆਂ (ਅੰਦਰੂਨੀ ਤੇ ਬਾਹਰੀ) ਨੂੰ ਵੀ ਪ੍ਰਕਿਰਿਆ ’ਚ ਸ਼ਾਮਿਲ ਕਰਨਾ ਚਾਹੀਦਾ ਹੈ। ਇਹ ਵਿਆਪਕ ਸੁਝਾਅ ਹੈ, ਪਰ ਜੇਕਰ ਸਰਕਾਰ ਚਾਹੇ ਤਾਂ ਸਮੱਸਿਆ ਨੂੰ ਸਮਝਣ ਤੇ ਹੱਲ ਸੁਝਾਉਣ ਲਈ ਕਾਰਜਸ਼ੀਲ ਛੋਟਾ ਗਰੁੱਪ ਜਾਂ ਕਈ ਗਰੁੱਪ ਬਣਾ ਸਕਦੀ ਹੈ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com


# ਮੇਰੇ ਅੰਦਰ ਅੱਜ ਵੀ ਬਚਪਨ ਜਿਊਂਦਾ ਏ, ਮੈਨੂੰ ਬਾਬਲ 'ਲਾਡੋ' ਆਖ ਬੁਲਾਉਂਦਾ ਏ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਸਾਡੇ ਮਾਪਿਆਂ ਨੇ ਸਾਨੂੰ ਪਾਲਣ ਹਿੱਤ, ਸਾਡੇ ਸੁਫ਼ਨੇ ਪੂਰੇ ਕਰਨ ਹਿੱਤ ਆਪਣੀਆਂ ਕਈ ਖਾਹਿਸ਼ਾਂ ਦੀ ਬਲੀ ਦੇ ਦਿੱਤੀ ਹੁੰਦੀ ਹੈ ਤੇ ਸਦਾ ਸਾਡੀ ਖ਼ੈਰ ਹੀ ਮੰਗੀ ਹੁੰਦੀ ਹੈ। ਸਾਡਾ ਸਭ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਵੀ ਆਪਣੇ ਬਿਰਧ ਹੋ ਚੁੱਕੇ ਮਾਪਿਆਂ ਲਈ ਸਮਾਂ ਕੱਢੀਏ, ਉਨ੍ਹਾਂ ਨਾਲ ਗੱਲਾਂ ਕਰੀਏ, ਉਨ੍ਹਾਂ ਦੀਆਂ ਜ਼ਰੂਰਤਾਂ ਦਾ ਖ਼ਿਆਲ ਰੱਖੀਏ ਤੇ ਉਨ੍ਹਾਂ ਦੀ ਜ਼ਿੰਦਗੀ ਦੇ ਆਖ਼ਰੀ ਪੜਾਅ ਭਾਵ ਉਨ੍ਹਾਂ ਦੇ ਬੁਢਾਪੇ ਨੂੰ ਸੁੱਖਾਂ ਤੇ ਖ਼ੁਸ਼ੀਆਂ ਨਾਲ ਭਰਪੂਰ ਬਣਾਈਏ।

ਸਿਆਣਿਆਂ ਨੇ ਸੱਚ ਹੀ ਕਿਹਾ ਹੈ, 'ਤਿੰਨ ਰੰਗ ਨਹੀਂ ਲੱਭਣੇ, ਹੁਸਨ ਜਵਾਨੀ ਤੇ ਮਾਪੇ'। ਇਸ ਲਈ ਮਾਪੇ ਜੇਕਰ ਇੱਕ ਵਾਰ ਸਾਥੋਂ ਵਿੱਛੜ ਗਏ ਤਾਂ ਸਾਨੂੰ ਦੁਬਾਰਾ ਆਪਣੇ ਦਿਲ ਦੀਆਂ ਕਹਿਣ ਤੇ ਉਨ੍ਹਾਂ ਦੇ ਦਿਲ ਦੀਆਂ ਸੁਣਨ ਦਾ ਮੌਕਾ ਕਦੇ ਨਹੀਂ ਮਿਲਣਾ। ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ:

ਮਾਂ ਬਿਨ ਨਾ ਕੋਈ ਘਰ ਬਣਦਾ ਏ
ਪਿਓ ਬਿਨ ਨਾ ਕੋਈ ਤਾਜ।
ਮਾਂ ਦੇ ਸਿਰ 'ਤੇ ਐਸ਼ਾਂ ਹੁੰਦੀਆਂ
ਪਿਓ ਦੇ ਸਿਰ 'ਤੇ ਰਾਜ।

ਸੋ ਜੋ ਮੌਜਾਂ ਅਸੀਂ ਬਚਪਨ ਵਿੱਚ ਮਾਪਿਆਂ ਦੇ ਸਿਰ 'ਤੇ ਮਾਣ ਲੈਂਦੇ ਹਾਂ, ਉਹ ਸਾਡੇ ਲਈ ਜੀਵਨ ਭਰ ਦਾ ਸਰਮਾਇਆ ਬਣ ਜਾਣਾ ਚਾਹੀਦੀਆਂ ਹਨ, ਪਰ ਬਦਕਿਸਮਤੀ ਇਹ ਹੈ ਕਿ ਕੁਝ ਖ਼ੁਦਗ਼ਰਜ਼ ਅਤੇ ਗ਼ੈਰ-ਜ਼ਿੰਮੇਵਾਰ ਬੱਚੇ ਆਪਣੇ ਸੁਆਰਥ ਲਈ ਮਾਪਿਆਂ ਵੱਲੋਂ ਦੁੱਖ ਝੱਲ ਕੇ ਕੀਤੇ ਪਾਲਣ ਪੋਸ਼ਣ ਨੂੰ ਭੁਲਾ ਕੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਨਹੀਂ ਦਿੰਦੇ ਹਨ। ਕਈ ਬੇਜ਼ਮੀਰੇ ਬੱਚੇ ਤਾਂ ਆਪਣੇ ਬਿਰਧ ਮਾਪਿਆਂ ਨੂੰ ਬਿਰਧ ਆਸ਼ਰਮ ਦੇ ਹਵਾਲੇ ਕਰਕੇ ਆਪਣੇ ਮਹਿਲਾਂ ਜਾਂ ਵਿਦੇਸ਼ਾਂ 'ਚ ਜਾ ਵੱਸਦੇ ਹਨ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਸਾਡੇ ਇਸੇ ਮੁਲਕ ਵਿੱਚ ਸਰਵਣ ਅਤੇ ਸ੍ਰੀ ਰਾਮ ਚੰਦਰ ਜੀ ਜਿਹੇ ਆਗਿਆਕਾਰੀ ਪੁੱਤਰ ਵੀ ਪੈਦਾ ਹੋਏ ਸਨ ਜਿਨ੍ਹਾਂ ਨੇ ਮਾਪਿਆਂ ਦੀ ਹਰ ਆਗਿਆ 'ਤੇ ਪੂਰਨ ਸਤਿਕਾਰ ਸਹਿਤ ਫੁੱਲ ਚੜ੍ਹਾਏ ਸਨ ਤੇ ਉਨ੍ਹਾਂ ਦੀ ਤਨ, ਮਨ, ਧਨ ਨਾਲ ਸੇਵਾ ਕੀਤੀ ਸੀ। ਬਿਰਧ ਮਾਪਿਆਂ ਨੂੰ ਇਕੱਲਾ ਛੱਡ ਕੇ ਮੰਦਰਾਂ-ਗੁਰਦੁਆਰਿਆਂ ਵਿੱਚ 'ਸੇਵਾ' ਤੇ 'ਸਿਮਰਨ' ਦਾ ਢੌਂਗ ਕਰਨ ਵਾਲੀ ਔਲਾਦ ਨੂੰ ਇਹ ਸੱਚ ਜਾਣ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਇਸ ਯੁੱਗ 'ਚ ਕੀ ਕਿਸੇ ਵੀ ਯੁੱਗ ਵਿੱਚ ਭਲਾ ਨਹੀਂ ਹੋਵੇਗਾ।

ਪੰਜਾਬੀ ਦਾ ਨਾਮਵਰ ਗੀਤਕਾਰ ਦੇਵ ਥਰੀਕੇਵਾਲਾ ਲਿਖਦਾ ਹੈ, 'ਮਾਂ ਦੀ ਪੂਜਾ ਰੱਬ ਦੀ ਪੂਜਾ। ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।' ਇਹ ਪੂਰਨ ਸੱਚ ਹੈ ਕਿ ਮਾਂ ਰੱਬ ਦਾ ਹੀ ਦੂਜਾ ਰੂਪ ਹੁੰਦੀ ਹੈ ਕਿਉਂਕਿ ਹਰੇਕ ਧਰਮ ਪਰਮਾਤਮਾ ਨੂੰ ਹੀ ਇਸ ਸ੍ਰਿਸ਼ਟੀ ਦਾ 'ਜਨਮਦਾਤਾ' ਮੰਨਦਾ ਹੈ ਤੇ ਪਰਮਾਤਮਾ ਤੋਂ ਬਾਅਦ ਇਸ ਸੰਸਾਰ ਵਿੱਚ ਮਾਂ ਹੀ ਅਜਿਹੀ ਹਸਤੀ ਹੈ ਜੋ 'ਜਨਮਦਾਤੀ' ਹੋਣ ਦਾ ਸ਼ਰਫ਼ ਰੱਖਦੀ ਹੈ। ਉਹ ਸਾਡੇ ਬਚਪਨ ਵਿੱਚ ਆਪਣੀਆਂ ਨੀਦਾਂ ਖ਼ਰਾਬ ਕਰਕੇ ਸਾਨੂੰ ਲੋਰੀਆਂ ਗਾ-ਗਾ ਕੇ ਸੁਆਉਂਦੀ ਹੈ ਅਤੇ ਆਪ ਭੁੱਖੇ ਪੇਟ ਹੁੰਦਿਆਂ ਹੋਇਆਂ ਵੀ ਸਾਨੂੰ ਆਪਣੀ ਛਾਤੀ ਦਾ ਦੁੱਧ ਪਿਆ ਕੇ ਸਾਡਾ ਪੇਟ ਭਰਦੀ ਹੈ। ਉਹ ਆਪ ਗਿੱਲੇ 'ਤੇ ਪੈ ਕੇ ਵੀ ਸਾਨੂੰ ਸੁੱਕੇ 'ਤੇ ਪਾਉਂਦੀ ਹੈ। ਉਹ ਸਾਡੀ ਚੰਗੀ ਪਰਵਰਿਸ਼ ਲਈ ਆਪ ਕਈ ਤਰ੍ਹਾਂ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਔਕੜਾਂ ਹੱਸ ਕੇ ਜ਼ਰ ਜਾਂਦੀ ਹੈ ਤੇ ਸੀ ਵੀ ਨਹੀਂ ਕਰਦੀ। ਮਾਂ ਦੇ ਪਰਕਉਪਕਾਰਾਂ ਅਤੇ ਬਲਿਦਾਨਾਂ ਦਾ ਕੋਈ ਅੰਤ ਨਹੀਂ ਹੈ। ਮਾਂ ਦੀ ਅਦੁੱਤੀ ਸ਼ਖ਼ਸੀਅਤ ਸਬੰਧੀ ਕਿਸੇ ਸ਼ਾਇਰ ਦੇ ਬੋਲ ਹਨ;

ਲੱਖ ਛੁਪਾਵਾਂ ਮਾਂ ਆਪਣੀ ਤੋਂ
ਦੁੱਖ ਨਹੀਓਂ ਛੁਪਦਾ ਮੇਰਾ।
ਪੜ੍ਹੀ ਲਿਖੀ ਨਹੀਂ ਮਾਂ ਮੇਰੀ
ਪਰ ਝੱਟ ਪੜ੍ਹ ਲੈਂਦੀ ਚਿਹਰਾ।



ਇਹ ਬਾਕਮਾਲ ਬੋਲ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਾਂ ਦਾ ਰਿਸ਼ਤਾ ਇੰਨਾ ਗੂੜ੍ਹਾ ਤੇ ਨੇੜੇ ਦਾ ਹੁੰਦਾ ਹੈ ਕਿ ਮਾਂ ਬੱਚੇ ਦੀ ਹਰ ਦੱਸੀ ਤੇ ਅਣਦੱਸੀ ਗੱਲ ਨੂੰ ਉਸ ਦੇ ਚਿਹਰੇ ਦੇ ਹਾਵ-ਭਾਵ ਤੋਂ ਜਾਣ ਜਾਂਦੀ ਹੈ। ਨਿਰਸੰਦੇਹ ਮਾਂ ਤਾਂ ਰੱਬ ਦਾ ਦੂਜਾ ਰੂਪ ਹੈ ਤੇ ਉਸ ਦਾ ਦੇਣ ਕਦੇ ਨਹੀਂ ਦਿੱਤਾ ਜਾ ਸਕਦਾ। ਪੰਜਾਬੀ ਦੇ ਨਾਮਵਰ ਗੀਤਕਾਰ ਦੇਵ ਥਰੀਕੇਵਾਲਾ ਨੇ ਇਹ ਵੀ ਲਿਖਿਆ ਸੀ, 'ਰੱਬਾ ਦੇਵ ਕਰੇ ਅਰਜ਼ੋਈ, ਬੱਚਿਆਂ ਦੀ ਮਾਂ ਮਰੇ ਨਾ ਕੋਈ।' ਗੀਤਕਾਰ ਦੇ ਇਨ੍ਹਾਂ ਬੋਲਾਂ ਦੇ ਧੁਰ ਅੰਦਰ ਦੀ ਸੱਚਾਈ ਅਤੇ ਡੂੰਘੇ ਅਹਿਸਾਸ ਕੇਵਲ ਓਹੀ ਬੱਚੇ ਸਮਝ ਸਕਦੇ ਹਨ ਜੋ ਆਪਣੀ ਮਾਂ ਨੂੰ ਸਦਾ ਲਈ ਗੁਆ ਚੁੱਕੇ ਹਨ। ਮਾਂ ਦੇ ਪਿਆਰ ਤੋਂ ਵਿਰਵੇ ਰਹੇ ਬੱਚੇ ਦੀ ਸ਼ਖ਼ਸੀਅਤ ਵਿੱਚ ਕਈ ਘਾਟਾਂ ਰਹਿ ਜਾਂਦੀਆਂ ਹਨ। ਮਾਂ ਵਿਹੂਣੇ ਬੱਚਿਆਂ ਦੀ ਪਰਵਰਿਸ਼ ਇੱਕ ਪਿਤਾ ਲਈ ਬਹੁਤ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਤੇ ਕਈ ਲੋਕਾਂ ਨੂੰ ਤਾਂ ਮਾਂ ਦੀ ਅਹਿਮੀਅਤ ਦਾ ਪਤਾ, ਮਾਂ ਦੇ ਤੁਰ ਜਾਣ ਤੋਂ ਬਾਅਦ ਹੀ ਲੱਗਦਾ ਹੈ।

ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਹਰੇਕ ਧੀ ਜਾਂ ਪੁੱਤ ਦੇ ਜੀਵਨ ਨੂੰ ਸੰਵਾਰਨ ਤੇ ਸਜਾਉਣ ਵਿੱਚ ਬਾਪ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇੱਕ ਬਾਪ ਉਮਰ ਭਰ ਤੰਗੀਆਂ-ਤੁਰਸ਼ੀਆਂ ਝੱਲ ਕੇ ਵੀ ਆਪਣੇ ਬੱਚਿਆਂ ਦੀਆਂ ਖ਼ਾਹਿਸ਼ਾਂ ਤੇ ਸੁਫ਼ਨਿਆਂ ਨੂੰ ਪੂਰਾ ਕਰਨ ਲਈ ਜੱਦੋ-ਜਹਿਦ ਕਰਦਾ ਰਹਿੰਦਾ ਹੈ। ਜ਼ਿੰਦਗੀ ਦੇ ਸੰਘਰਸ਼ ਭਰੇ ਬਿਖੜੇ ਪੈਂਡੇ 'ਤੇ ਚੱਲਦਿਆਂ ਹੋਇਆਂ ਉਹ ਆਪਣੇ ਸੁਫ਼ਨੇ ਤੇ ਆਪਣੀਆਂ ਖਾਹਿਸ਼ਾਂ ਤਾਂ ਭੁੱਲ ਹੀ ਜਾਂਦਾ ਹੈ। ਕਿਸੇ ਵਿਦਵਾਨ ਦਾ ਕਥਨ ਹੈ- 'ਹਰੇਕ ਮੁੰਡੇ ਦੇ ਜੀਵਨ ਦਾ ਪਹਿਲਾ ਮਹਾਨਾਇਕ ਅਤੇ ਹਰੇਕ ਧੀ ਦਾ ਪਹਿਲਾ ਪਿਆਰ, ਉਸ ਦਾ ਪਿਤਾ ਹੀ ਹੁੰਦਾ ਹੈ।'

ਇਹ ਕੋਈ ਅਤਿਕਥਨੀ ਨਹੀਂ ਕਿ ਮੁੰਡਿਆਂ ਦੇ ਮੁਕਾਬਲੇ ਧੀਆਂ ਦੀ ਆਪਣੇ ਬਾਬਲ ਨਾਲ ਸਾਂਝ ਕਿਤੇ ਜ਼ਿਆਦਾ ਹੁੰਦੀ ਹੈ। ਮਨੋਵਿਗਿਆਨੀ ਮੰਨਦੇ ਹਨ ਕਿ ਹਰੇਕ ਲੜਕੇ ਦੀ ਆਪਣੀ ਮਾਂ ਨਾਲ ਅਤੇ ਹਰੇਕ ਲੜਕੀ ਦੀ ਆਪਣੇ ਪਿਤਾ ਨਾਲ ਦਿਲੀ ਸਾਂਝ ਹੁੰਦੀ ਹੈ। ਧੀ, ਬੇਸ਼ੱਕ ਬਾਪ ਤੋਂ ਭੈਅ ਵੀ ਖਾਂਦੀ ਹੈ, ਪਰ ਬਾਪ ਨਾਲ ਉਸ ਦਾ ਪਿਆਰ ਅਕਹਿ ਤੇ ਅਮੁੱਕ ਹੁੰਦਾ ਹੈ। ਇਸ ਪ੍ਰਤੀ ਇੱਕ ਵਿਦਵਾਨ ਦੇ ਬੋਲ ਹਨ, 'ਹਰੇਕ ਕੁੜੀ ਆਪਣੀ ਪਤੀ ਲਈ ਰਾਣੀ ਚਾਹੇ ਹੋਵੇ ਜਾਂ ਨਾ ਹੋਵੇ, ਪਰ ਆਪਣੇ ਬਾਪ ਲਈ ਉਹ 'ਰਾਜਕੁਮਾਰੀ' ਜ਼ਰੂਰ ਹੁੰਦੀ ਹੈ।' ਧੀਆਂ ਆਪਣੇ ਬਾਬਲ ਦੀਆਂ ਲਾਡਲੀਆਂ ਹੁੰਦੀਆਂ ਹਨ ਤੇ ਸਹੁਰੇ ਘਰ ਜਾ ਕੇ ਵੀ ਬਾਪ ਦੀ ਗਲਵੱਕੜੀ ਦਾ ਨਿੱਘ ਕਦੇ ਨਹੀਂ ਭੁੱਲਦੀਆਂ। ਪਿਤਾ ਦੇ ਪਿਆਰ ਨਾਲ ਗੜੁੱਚ ਇੱਕ ਧੀ ਦੇ ਬੋਲ ਹਨ;

ਮੇਰੇ ਅੰਦਰ ਅੱਜ ਵੀ ਬਚਪਨ ਜਿਊਂਦਾ ਏ
ਮੈਨੂੰ ਬਾਬਲ 'ਲਾਡੋ' ਆਖ ਬੁਲਾਉਂਦਾ ਏ।

ਭਾਰਤੀ ਸਮਾਜ ਵਿੱਚ ਇੱਕ ਪਿਤਾ ਬਾਰੇ ਆਮ ਰਾਏ ਹੈ ਕਿ ਉਹ ਸੁਭਾਅ ਦਾ ਸਖ਼ਤ ਹੁੰਦਾ ਹੈ, ਪਰ ਇਹ ਗੱਲ ਸਾਰੇ ਜਾਣਦੇ ਨੇ ਕਿ ਉਹ ਬਾਹਰੋਂ ਕਿੰਨਾ ਵੀ ਸਖ਼ਤ ਕਿਉਂ ਨਾ ਹੋਵੇ, ਪਰ ਅੰਦਰੋਂ ਦਿਲ ਤੋਂ ਬੇਹੱਦ ਨਰਮ ਤੇ ਔਲਾਦ ਨੂੰ ਹੱਦੋਂ ਵੱਧ ਪਿਆਰ ਕਰਨ ਵਾਲਾ ਹੁੰਦਾ ਹੈ। ਕਿਸੇ ਸਿਆਣੇ ਨੇ ਠੀਕ ਹੀ ਕਿਹਾ ਸੀ- 'ਬਾਪ ਸੁਭਾਅ ਦਾ ਗਰਮ, ਪਰ ਦਿਲ ਦਾ ਨਰਮ ਤੇ ਬੇਬੇ ਤੋਂ ਵੀ ਜ਼ਿਆਦਾ ਪਿਆਰ ਕਰਨ ਵਾਲਾ ਹੁੰਦਾ ਹੈ। ਬੇਬੇ ਪਿਆਰ ਛੁਪਾਉਂਦੀ ਨਹੀਂ ਹੈ, ਪਰ ਬਾਪੂ ਪਿਆਰ ਵਿਖਾਉਂਦਾ ਨਹੀਂ ਹੈ।' ਇਸੇ ਤਰ੍ਹਾਂ ਇੱਕ ਹੋਰ ਵਿਦਵਾਨ ਨੇ ਪਿਤਾ ਦੀ ਮਹਾਨਤਾ ਪ੍ਰਗਟਾਉਂਦਿਆਂ ਕਿਹਾ, '''ਪਿਤਾ ਕਈ ਵਾਰ ਨਿੰਮ ਦੇ ਰੁੱਖ ਵਰਗਾ ਹੁੰਦਾ ਹੈ ਜਿਸ ਦੇ ਪੱਤੇ ਤਾਂ ਕੁਸੈਲੇ ਹੁੰਦੇ ਹਨ, ਪਰ ਉਹ ਛਾਂ ਹਮੇਸ਼ਾਂ ਠੰਢੀ ਹੀ ਦਿੰਦਾ ਹੈ।' ਪਿਤਾ ਹੀ ਅਸਲ ਵਿੱਚ ਕਿਸੇ ਬੱਚੇ ਨੂੰ ਪਹਿਲਾਂ ਘਰ ਵਿੱਚ ਤੇ ਫਿਰ ਦੁਨੀਆ ਵਿੱਚ ਚੱਲਣਾ ਸਿਖਾਉਂਦਾ ਹੈ।

ਉਹ ਆਪ ਤਕਲੀਫ਼ਾਂ ਝੱਲ ਲੈਂਦਾ ਹੈ, ਪਰ ਔਲਾਦ ਦੇ ਸੁੱਖ ਲਈ ਪੂਰੀ ਵਾਹ ਲਾ ਦਿੰਦਾ ਹੈ। ਉਹ ਦੁਨੀਆ ਦਾ ਇਕੱਲਾ ਐਸਾ ਸ਼ਖ਼ਸ ਹੁੰਦਾ ਹੈ ਜੋ ਇਹ ਚਾਹੁੰਦਾ ਹੈ ਕਿ ਉਸ ਦੇ ਬੱਚੇ ਉਸ ਤੋਂ ਵੀ ਵੱਧ ਕਾਮਯਾਬ ਹੋਣ। ਇੱਕ ਅਜਿਹੇ ਪਿਤਾ ਦਾ ਫ਼ਰਜ਼ੰਦ ਆਪਣੇ ਪਿਤਾ ਬਾਰੇ ਜਜ਼ਬਾਤ ਬਿਆਨ ਕਰਦਿਆਂ ਹੋਇਆਂ ਆਖਦਾ ਹੈ;

ਪਿਤਾ ਹਾਰ ਕਰ ਬਾਜ਼ੀ ਹਮੇਸ਼ਾਂ ਮੁਸਕੁਰਾਇਆ
ਸ਼ਤਰੰਜ ਕੀ ਉਸ ਜੀਤ ਕੋ ਮੈਂ ਅਬ ਸਮਝ ਪਾਇਆ।

ਇੱਕ ਸਮਰਪਿਤ ਪਿਤਾ ਖ਼ੁਦ ਫਾਕੇ ਕੱਟ ਕੇ ਵੀ ਬੱਚਿਆਂ ਦਾ ਪੇਟ ਭਰਨ ਲਈ ਦਿਨ-ਰਾਤ ਮੁਸ਼ੱਕਤ ਕਰਦਾ ਹੈ। ਔਲਾਦ ਦਾ ਬਿਹਤਰ ਪਾਲਣ ਪੋਸ਼ਣ ਕਰਨਾ ਹੀ ਉਸ ਦੀ ਜ਼ਿੰਦਗੀ ਦਾ ਇਕਮਾਤਰ ਮਕਸਦ ਹੁੰਦਾ ਹੈ। ਉਰਦੂ ਦੇ ਕਿਸੇ ਸ਼ਾਇਰ ਦੇ ਬਹੁਤ ਹੀ ਖ਼ੂਬਸੂਰਤ ਬੋਲ ਹਨ;

ਜੇਬ ਖ਼ਾਲੀ ਹੋ ਫਿਰ ਭੀ ਮਨ੍ਹਾ ਕਰਤੇ ਨਹੀਂ ਦੇਖਾ
ਮੈਂਨੇ ਅਪਨੇ ਅੱਬਾ ਸੇ ਅਮੀਰ ਸ਼ਖ਼ਸ ਨਹੀਂ ਦੇਖਾ।

ਉਮਰ ਭਰ ਏਕ ਪੈਰ ਪਰ ਦੌੜਤਾ ਹੈ ਹਰ ਪਿਤਾ
ਅਪਨੇ ਬੱਚੋਂ ਕੋ ਉਨਕੇ ਪੈਰੋਂ ਪੇ ਖੜ੍ਹੇ ਕਰਨੇ ਕੇ ਲੀਏ।

ਚੰਗੇ ਬੱਚੇ ਤਾਂ ਹਰ ਘੜੀ, ਹਰ ਪਲ ਪਰਮਾਤਮਾ ਅੱਗੇ ਇਹੋ ਹੀ ਦੁਆ ਕਰਦੇ ਹਨ;

ਨਾ ਅਸੀਂ ਮੰਗਦੇ ਧੁੱਪ ਵੇ ਰੱਬਾ
ਨਾ ਹੀ ਮੰਗਦੇ ਛਾਵਾਂ ਨੂੰ।
ਸਾਡੇ ਬਾਪ ਨੂੰ ਕੁਝ ਨਾ ਹੋਵੇ
ਸੁਖੀ ਰੱਖੀਂ ਸਦਾ ਮਾਵਾਂ ਨੂੰ।

ਸੋ ਜਿਨ੍ਹਾਂ ਭਾਗਾਂ ਵਾਲਿਆਂ ਕੋਲ ਮਾਪਿਆਂ ਜਿਹੀ ਅਨਮੋਲ ਦੌਲਤ ਮੌਜੂਦ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਮਾਪਿਆਂ ਦੀ ਰੱਜ ਕੇ ਸੇਵਾ ਕਰਨ ਤੇ ਉਨ੍ਹਾਂ ਤੋਂ ਢੇਰ ਸਾਰੀਆਂ ਦੁਆਵਾਂ ਲੈਣ।

# ਅਹਿਮਦਾਬਾਦ 'ਚ ਭਿਆਨਕ ਜਹਾਜ ਹਾਦਸਾ

ਅਹਿਮਦਾਬਾਦ ਵਿਚ ਏਅਰ ਇੰਡੀਆ ਦੇ ਲੰਡਨ ਜਾ ਰਹੇ ਜਹਾਜ਼ ਦਾ ਇਕ ਰਿਹਾਇਸ਼ੀ ਇਲਾਕੇ ਵਿਚ ਡਿੱਗਣਾ ਅਤੇ ਲਗਪਗ ਸਾਰੇ ਯਾਤਰੀਆਂ ਸਮੇਤ ਚਾਲਕ ਦਲ ਦੇ ਮੈਂਬਰਾਂ ਦੀ ਮੌਤ ਹੋ ਜਾਣਾ ਇਕ ਬਹੁਤ ਹੀ ਭਿਆਨਕ, ਦਿਲ ਦਹਿਲਾਉਣ ਵਾਲੀ ਅਤੇ ਹਵਾਈ ਸਫ਼ਰ ਦੀ ਸੁਰੱਖਿਆ ਨੂੰ ਲੈ ਕੇ ਸੰਜੀਦਾ ਸਵਾਲ ਖੜ੍ਹੇ ਕਰਨ ਵਾਲੀ ਦੁਰਘਟਨਾ ਹੈ। ਇਸ ਨੂੰ ਬਦਕਿਸਮਤੀ ਦੀ ਹੱਦ ਹੀ ਕਹਾਂਗੇ ਕਿ ਇਹ ਬਦਨਸੀਬ ਜਹਾਜ਼ ਉਡਾਨ ਭਰਦੇ ਹੀ ਮੈਡੀਕਲ ਕਾਲਜ ਦੇ ਜਿਸ ਹੋਸਟਲ 'ਤੇ ਡਿੱਗਿਆ, ਉੱਥੇ ਵੀ ਵਿਦਿਆਰਥੀਆਂ ਸਮੇਤ ਕਈ ਲੋਕ ਮਾਰੇ ਗਏ। ਇਹ ਜਹਾਜ਼ ਜਿਸ ਤਰ੍ਹਾਂ ਰਿਹਾਇਸ਼ੀ ਇਲਾਕੇ ਵਿਚ ਜਾ ਡਿੱਗਾ, ਉਸ ਤੋਂ ਇਹੀ ਲੱਗਦਾ ਹੈ ਕਿ ਪਾਇਲਟ ਨੂੰ ਇੰਨਾ ਵੀ ਮੌਕਾ ਨਹੀਂ ਮਿਲਿਆ ਕਿ ਉਹ ਉਸ ਨੂੰ ਰਿਹਾਇਸ਼ੀ ਇਲਾਕੇ ਤੋਂ ਦੂਰ ਲਿਜਾ ਪਾਉਂਦਾ। ਵਿਸ਼ਵ ਵਿਚ ਹਵਾਈ ਜਹਾਜ਼ਾਂ ਦੇ ਹਾਦਸਿਆਂ ਵਿਚ ਕਮੀ ਆਈ ਹੈ। ਹੁਣ ਇਹ ਕਦੇ-ਕਦਾਈਂ ਹੀ ਹੁੰਦੇ ਹਨ ਪਰ ਅਜਿਹਾ ਭਿਆਨਕ ਹਾਦਸਾ ਦੁਰਲਭ ਹੈ। ਭਾਰਤ ਵਿਚ ਹਾਲ ਹੀ ਵਿਚ ਹਵਾਈ ਫ਼ੌਜ ਦੇ ਕੁਝ ਜਹਾਜ਼ ਅਤੇ ਨਿੱਜੀ ਕੰਪਨੀਆਂ ਦੇ ਹੈਲੀਕਾਪਟਰ ਹਾਦਸਿਆਂ ਦੇ ਸ਼ਿਕਾਰ ਹੋਏ ਹਨ ਅਤੇ ਉਨ੍ਹਾਂ 'ਚ ਜਾਨੀ ਨੁਕਸਾਨ ਵੀ ਹੋਇਆ ਹੈ ਪਰ ਕਿਸੇ ਯਾਤਰੀ ਜਹਾਜ਼ ਹਾਦਸੇ ਵਿਚ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੇ ਅਰਸੇ ਬਾਅਦ ਜਾਨ ਗੁਆਈ ਹੈ।



ਸੰਨ 2010 'ਚ ਬੈਂਗਲੁਰੂ ਵਿਚ ਜਹਾਜ਼ ਹਾਦਸੇ 'ਚ ਡੇਢ ਸੌ ਤੋਂ ਵੱਧ ਲੋਕ ਮਾਰੇ ਗਏ ਸਨ। ਇਸ ਤੋਂ ਪਹਿਲਾਂ 1996 ਵਿਚ ਹਰਿਆਣਾ ਦੇ ਚਰਖੀ ਦਾਦਰੀ 'ਚ ਸਾਊਦੀ ਅਰਬ ਜਾ ਰਹੇ ਤੇ ਦਿੱਲੀ ਆ ਰਹੇ ਵਿਦੇਸ਼ੀ ਏਅਰਲਾਈਨ ਦੇ ਦੋ ਜਹਾਜ਼ ਹਵਾ 'ਚ ਆਹਮੋ-ਸਾਹਮਣੇ ਟਕਰਾਅ ਗਏ ਸਨ। ਇਸ 'ਚ 350 ਕੁ ਲੋਕ ਮਾਰੇ ਗਏ ਸਨ। ਇਹ ਵਿਸ਼ਵ ਦੇ ਸਭ ਤੋਂ ਵੱਡੇ ਹਵਾਈ ਹਾਦਸਿਆਂ 'ਚੋਂ ਇਕ ਸੀ ਤੇ ਅਜੀਬੋ-ਗ਼ਰੀਬ ਵੀ। ਇਸ ਹਾਦਸੇ 'ਚ ਇਕ ਪਾਇਲਟ ਸਮੇਤ ਦਿੱਲੀ ਏਅਰ ਟਰੈਫਿਕ ਕੰਟਰੋਲ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਗਿਆ ਸੀ।

ਅਹਿਮਦਾਬਾਦ 'ਚ ਹਵਾਈ ਜਹਾਜ਼ ਦਾ ਹਾਦਸਾ ਕਿਸ ਵਜ੍ਹਾ ਨਾਲ ਹੋਇਆ ਤੇ ਉਸ ਲਈ ਕੌਣ ਜ਼ਿੰਮੇਵਾਰ ਹੈ, ਇਸ ਦਾ ਪਤਾ ਤਫ਼ਤੀਸ਼ ਤੋਂ ਲੱਗੇਗਾ ਪਰ ਏਅਰ ਇੰਡੀਆ ਦੇ ਨਾਲ-ਨਾਲ ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਨੂੰ ਗੰਭੀਰਤਾ ਨਾਲ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣਾ ਤੇ ਉਨ੍ਹਾਂ ਨੂੰ ਦੂਰ ਕਰਨਾ ਹੋਵੇਗਾ। ਇਸ ਲਈ ਹੋਰ ਵੀ, ਕਿਉਂਕਿ ਹਵਾਈ ਯਾਤਰਾ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਉੱਠਦੇ ਹੀ ਰਹਿੰਦੇ ਹਨ। ਸਰਕਾਰ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਇਨ੍ਹਾਂ ਸਵਾਲਾਂ ਦਾ ਸਮੇਂ ਸਿਰ ਸਹੀ ਉੱਤਰ ਮਿਲੇ ਕਿਉਂਕਿ ਅਹਿਮਦਾਬਾਦ ਦੀ ਦੁਰਘਟਨਾ ਅਜਿਹੇ ਸਮੇਂ ਹਵਾਈ ਯਾਤਰਾ ਪ੍ਰਤੀ ਲੋਕਾਂ ਦੇ ਭਰੋਸੇ ਨੂੰ ਡਗਮਗਾ ਸਕਦੀ ਹੈ ਜਦ ਹਵਾਈ ਯਾਤਰੀ ਲਗਾਤਾਰ ਵਧ ਰਹੇ ਹਨ।

ਹੁਣ ਦੇਸ਼ 'ਚ ਹਵਾਈ ਸੇਵਾਵਾਂ ਦਾ ਸੰਚਾਲਨ ਮੁੱਖ ਤੌਰ 'ਤੇ ਨਿੱਜੀ ਕੰਪਨੀਆਂ ਕਰ ਰਹੀਆਂ ਹਨ। ਕੀ ਉਹ ਸਹੂਲਤਾਂ ਦੇ ਨਾਲ-ਨਾਲ ਹਵਾਈ ਯਾਤਰਾ ਦੀ ਸੁਰੱਖਿਆ ਪ੍ਰਤੀ ਚੌਕਸ ਹਨ? ਸਹੂਲਤਾਂ 'ਚ ਕਮੀ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਹਵਾਈ ਯਾਤਰਾ ਦੀ ਸੁਰੱਖਿਆ ਨਾਲ ਤਾਂ ਕੋਈ ਸਮਝੌਤਾ ਹੋ ਹੀ ਨਹੀਂ ਸਕਦਾ। ਮੰਨਿਆ ਗਿਆ ਸੀ ਕਿ ਟਾਟਾ ਦੇ ਹੱਥ 'ਚ ਆਉਣ ਮਗਰੋਂ ਸੁਵਿਧਾਵਾਂ ਤੇ ਸੁਰੱਖਿਆ ਦੇ ਮਾਮਲੇ 'ਚ ਏਅਰ ਇੰਡੀਆ ਦੀ ਹਾਲਤ ਸੁਧਰੇਗੀ ਤੇ ਜਹਾਜ਼ਾਂ ਦਾ ਸੰਚਾਲਨ ਸਰਲ ਤਰੀਕੇ ਨਾਲ ਹੋਵੇਗਾ ਪਰ ਅਹਿਮਦਾਬਾਦ ਦੀ ਦੁਰਘਟਨਾ ਇਹ ਕਹਿ ਰਹੀ ਹੈ ਕਿ ਸ਼ਾਇਦ ਅਜਿਹਾ ਨਹੀਂ ਹੋ ਸਕਿਆ। ਕੌਮੀ ਤ੍ਰਾਸਦੀ ਵਰਗੇ ਇਸ ਹਾਦਸੇ 'ਤੇ ਹਵਾਈ ਜਹਾਜ਼ ਨਿਰਮਾਣਕਾਰ ਕੰਪਨੀ ਬੋਇੰਗ ਤੋਂ ਵੀ ਕੁਝ ਸਵਾਲ ਪੁੱਛਣੇ ਹੋਣਗੇ।



# ਆਪਣੇ ਹੀ ਲੋਕਾਂ ਦਾ ਵੈਰੀ ਪਾਕਿਸਤਾਨੀ ਨਿਜ਼ਾਮ

ਪਾਕਿਸਤਾਨ ਮੁਹੰਮਦ ਅਲੀ ਜਿਨਾਹ ਦੇ 'ਦੋ ਰਾਸ਼ਟਰ ਸਿਧਾਂਤ' ਦੇ ਆਧਾਰ 'ਤੇ ਬਣਿਆ ਸੀ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਹਿੰਦੂ ਅਤੇ ਮੁਸਲਮਾਨ ਇਕੱਠੇ ਨਹੀਂ ਰਹਿ ਸਕਦੇ। ਦੋਹਾਂ ਲਈ ਜ਼ਰੂਰੀ ਤੌਰ 'ਤੇ ਦੋ ਵੱਖਰੇ ਰਾਸ਼ਟਰ ਹਨ। ਇਸ

**ਪ੍ਰੋਫੈਸਰ ਸੁਧੀਰ ਸਿੰਘ**

ਲਈ, ਉਨ੍ਹਾਂ ਨੂੰ ਦੋ ਦੇਸ਼ਾਂ ਦੇ ਤੌਰ 'ਤੇ ਅਲੱਗ ਹੋਣਾ ਚਾਹੀਦਾ ਸੀ ਪਰ ਉਨ੍ਹਾਂ ਦਾ ਇਹ ਮਨੌਖਤਾ ਵਿਰੋਧੀ ਸਿਧਾਂਤ 1971 ਵਿਚ ਹੀ ਟੁੱਟ-ਭੱਜ ਗਿਆ ਜਦੋਂ ਪੂਰਬੀ ਪਾਕਿਸਤਾਨ ਅਲੱਗ ਹੋ ਕੇ ਬੰਗਲਾਦੇਸ਼ ਬਣ ਗਿਆ।

ਪੂਰਬੀ ਪਾਕਿਸਤਾਨ ਦੇ ਬੰਗਲਾ-ਬੋਲੀ ਬੋਲਣ ਵਾਲਿਆਂ ਨੇ ਅਲੱਗ ਦੇਸ਼ ਦਾ ਨਿਰਮਾਣ ਕਿਉਂ ਕੀਤਾ? ਇਹ ਬੰਗਲਾ ਭਾਸ਼ਾ ਦੇ ਆਧਾਰ 'ਤੇ ਬੰਗਾਲੀ ਹਨ ਪਰ ਧਰਮ ਦੇ ਆਧਾਰ 'ਤੇ ਮੁਸਲਮਾਨ ਹਨ। ਮੁਸਲਮਾਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਪਾਕਿਸਤਾਨ ਖਿਲਾਫ਼ ਵੱਡੀ ਲੜਾਈ ਲੜੀ



ਅਤੇ ਭਾਰਤ ਦੀ ਮਦਦ ਨਾਲ ਪਾਕਿਸਤਾਨ ਤੋਂ ਅਲੱਗ ਹੋ ਕੇ ਬੰਗਲਾਦੇਸ਼ ਦੇ ਤੌਰ 'ਤੇ ਆਪਣੇ ਲਈ ਇਕ ਨਵਾਂ ਰਾਸ਼ਟਰ ਬਣਾਇਆ।

ਇਸ ਲੜਾਈ ਵਿਚ ਲਗਪਗ 30 ਲੱਖ ਲੋਕ ਮਾਰੇ ਗਏ ਅਤੇ ਲੱਖਾਂ ਹਿੰਦੂ ਅਤੇ ਮੁਸਲਮਾਨ ਔਰਤਾਂ ਨਾਲ ਪਾਕਿਸਤਾਨੀ ਫ਼ੌਜ ਨੇ ਦੁਰਵਿਵਹਾਰ ਕੀਤਾ। ਇਸ ਨੂੰ 20ਵੀਂ ਸਦੀ ਦੇ ਇਕ ਵੱਡੇ ਕਤਲੇਆਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪਾਕਿਸਤਾਨ ਵਿਚ ਲਗਪਗ 98% ਮੁਸਲਮਾਨ ਹਨ ਪਰ ਬਹੁਤ ਸਾਰੇ ਪੰਜਾਬੀ ਮੁਸਲਮਾਨਾਂ ਦੇ ਪ੍ਰਭਾਵ ਤੇ ਦਬਾਅ ਦਾ ਸ਼ਿਕਾਰ ਰਹਿੰਦੇ ਹਨ ਤੇ ਪਾਕਿਸਤਾਨ ਤੋਂ ਅਲੱਗ ਹੋਣਾ ਚਾਹੁੰਦੇ ਹਨ ਜਿਵੇਂ ਕਿ ਬਲੋਚ, ਪਖ਼ਤੂਨ ਅਤੇ ਸਿੰਧੀ। ਪਾਕਿਸਤਾਨ ਦੇ ਪੰਜਾਬ ਦੇ ਸੁੰਨੀ ਮੁਸਲਮਾਨ ਸਾਰੇ ਦੇਸ਼ 'ਤੇ ਆਪਣਾ ਗਲਬਾ ਸਿੱਧੇ ਤੌਰ 'ਤੇ ਬਣਾਈ ਬੈਠੇ ਹਨ, ਚਾਹੇ ਉਹ ਫ਼ੌਜ ਹੋਵੇ, ਰਾਜਨੀਤੀ ਹੋਵੇ, ਬਿਊਰੋਕ੍ਰੇਸੀ ਹੋਵੇ ਜਾਂ ਵਪਾਰ ਅਤੇ ਮੀਡੀਆ।

ਹਰ ਖੇਤਰ ਵਿਚ ਪੰਜਾਬ ਦੇ ਲੋਕਾਂ ਦਾ ਪ੍ਰਭਾਵ ਹੈ। ਦੇਸ਼ ਦੇ ਦੂਜੇ ਮੁਸਲਮਾਨਾਂ ਨੂੰ ਉਹ ਦੂਜੇ ਦਰਜੇ ਦੇ ਜਾਂ ਘੱਟ ਪਾਕਿਸਤਾਨੀ ਸਮਝਦੇ ਹਨ। ਬਲੋਚ ਮੁਸਲਮਾਨ ਹਨ ਪਰ ਉਹ ਅਲੱਗ ਦੇਸ਼ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਦਮਨ ਆਜ਼ਾਦੀ ਤੋਂ ਬਾਅਦ ਤੋਂ ਹੀ ਪਾਕਿਸਤਾਨੀ ਫ਼ੌਜ ਕਰਦੀ ਆ ਰਹੀ ਹੈ। ਸੰਨ 2006 ਤੋਂ ਹੁਣ ਤੱਕ ਲਗਪਗ 15,000 ਬਲੋਚਾਂ ਦੀ ਹੱਤਿਆ ਪਾਕਿਸਤਾਨੀ ਫ਼ੌਜ ਕਰ ਚੁੱਕੀ ਹੈ।

ਬਲੋਚ ਅਲੱਗ ਦੇਸ਼ ਦੀ ਆਪਣੀ ਮੰਗ 'ਤੇ ਅੱਜ ਵੀ ਅੜੇ ਹੋਏ ਹਨ। ਪਖ਼ਤੂਨ ਵੀ ਮੁਸਲਮਾਨ ਹਨ ਪਰ ਉਹ ਵੀ ਲੰਬੇ ਸਮੇਂ ਤੋਂ ਪਾਕਿਸਤਾਨ ਤੋਂ ਅਲੱਗ ਹੋ ਕੇ ਪਖ਼ਤੂਨਿਸਤਾਨ ਦੀ ਮੰਗ ਕਰ ਰਹੇ ਹਨ। ਤਹਰੀਕ-ਏ-ਤਾਲਿਬਾਨ ਪਾਕਿਸਤਾਨ ਜਿਸ ਨੂੰ ਟੀਟੀਪੀ ਵੀ ਕਿਹਾ ਜਾਂਦਾ ਹੈ, ਮੁੱਖ ਤੌਰ 'ਤੇ ਪਖ਼ਤੂਨਾਂ ਦਾ ਸੰਗਠਨ ਹੈ। ਤਾਲਿਬਾਨ ਵੀ ਪਖ਼ਤੂਨਾਂ ਦਾ ਸੰਗਠਨ ਹੈ। ਇਸ ਲਈ ਦੋਵੇਂ ਇਕ-ਦੂਜੇ ਪ੍ਰਤੀ ਹਮਦਰਦੀ ਰੱਖਦੇ ਹਨ।

ਸ਼ੀਆ ਸਮੁਦਾਇ ਵੀ ਭੇਦਭਾਵ ਦਾ ਸ਼ਿਕਾਰ ਹੈ। ਪੰਜਾਬ ਦੇ ਸੁੰਨੀ ਮੁਸਲਮਾਨਾਂ ਦੇ ਸਾਰੇ ਸੰਗਠਨ ਸ਼ੀਆ ਲੋਕਾਂ ਨੂੰ ਮੁਸਲਮਾਨ ਨਹੀਂ ਮੰਨਦੇ। ਉਹ ਉਨ੍ਹਾਂ ਨੂੰ ਕਾਫਰ ਕਹਿੰਦੇ ਹਨ ਅਤੇ ਗ਼ੈਰ-ਮੁਸਲਮਾਨ ਐਲਾਨਣ ਦੀ ਮੰਗ ਕਰਦੇ ਰਹਿੰਦੇ ਹਨ। ਅਹਿਮਦੀਆ ਮੁਸਲਮਾਨਾਂ ਨੂੰ 1974 ਵਿਚ ਹੀ ਗ਼ੈਰ-ਮੁਸਲਮਾਨ ਐਲਾਨ ਕਰ ਦਿੱਤਾ ਗਿਆ ਸੀ।

# ਪਰਿਵਾਰਕ ਸਬੰਧਾਂ 'ਚ ਭਰੋਸੇ ਦਾ ਖ਼ਾਤਮਾ

**ਕਸ਼ਮਾ ਸ਼ਰਮਾ**

ਮੇਰਠ ਦੀ ਮੁਸਕਾਨ ਦੇ ਕੇਸ, ਜਿਸ ਵਿਚ ਉਸ ਨੇ ਆਪਣੇ ਪਤੀ ਨੂੰ ਮਾਰ ਕੇ ਉਸ ਦੀ ਲਾਸ਼ ਨੂੰ ਨੀਲੇ ਡਰੰਮ ਵਿਚ ਸੀਮੈਂਟ ਨਾਲ ਢਕ ਦਿੱਤਾ ਸੀ, ਹਾਲੇ ਠੰਢਾ ਵੀ ਨਹੀਂ ਹੋਇਆ ਸੀ ਕਿ ਇੰਦੌਰ ਦੀ ਸੋਨਮ ਦਾ ਮਾਮਲਾ ਸਾਹਮਣੇ ਆ ਗਿਆ। ਕੌਣ ਅਪਰਾਧੀ ਹੈ ਅਤੇ ਕੌਣ ਨਹੀਂ, ਅਦਾਲਤ ਕਿਸ ਨੂੰ ਕਿੰਨੀ ਸਜ਼ਾ ਦੇਵੇਗੀ, ਇਹ ਸਮਾਂ ਦੱਸੇਗਾ ਪਰ ਇਹ ਸੋਚ ਕੇ ਹੀ ਡਰ ਲੱਗਦਾ ਹੈ ਕਿ ਹਨੀਮੂਨ ਲਈ ਮੇਘਾਲਿਆ ਗਈ ਸੋਨਮ ਨੇ ਆਪਣੇ ਪਤੀ ਰਾਜਾ ਰਘੂਵੰਸ਼ੀ ਨੂੰ ਮਾਰ ਦਿੱਤਾ। ਸਸੁਰਾਲ ਵਾਲਿਆਂ ਨਾਲ ਖ਼ੁਸ਼ ਰਹਿਣਾ, ਵਿਆਹ ਦੇ ਸਮੇਂ ਨੱਚਣਾ-ਕੁੱਦਣਾ ਅਤੇ ਮਨ ਵਿਚ ਕਿਸੇ ਹੋਰ ਯੋਜਨਾ ਦਾ ਚੱਲਣਾ।



ਕੀ ਉਸ ਨੇ ਸੱਚਮੁੱਚ ਰਾਜ ਕੁਸ਼ਵਾਹਾ ਜਿਹੇ ਫਟੇਹਾਲ ਪ੍ਰੇਮੀ ਲਈ ਇਹ ਸਭ ਕੀਤਾ ਜਾਂ ਕਿਸੇ ਹੋਰ ਲਈ? ਰਾਜਾ ਦੀ ਹੱਤਿਆ ਦਾ ਰਾਜ਼ ਖੁੱਲ੍ਹਣ ਤੋਂ ਬਾਅਦ ਕੁਝ ਲੋਕ ਐਨਸੀਆਰਬੀ ਰਿਪੋਰਟ ਦਾ ਹਵਾਲਾ ਦੇ ਕੇ ਕਹਿ ਰਹੇ ਹਨ ਕਿ 90 ਫ਼ੀਸਦੀ ਤੋਂ ਵੱਧ ਅਪਰਾਧ ਪੁਰਸ਼ ਕਰਦੇ ਹਨ ਅਤੇ ਔਰਤਾਂ ਸਿਰਫ ਛੇ-ਅੱਠ ਫ਼ੀਸਦੀ ਹੀ ਅਜਿਹਾ ਕਰਦੀਆਂ ਹਨ। ਕੀ ਇਹ ਕਿਹਾ ਜਾ ਰਿਹਾ ਹੈ ਕਿ ਜਦ ਤੱਕ 92-94 ਫ਼ੀਸਦੀ ਔਰਤਾਂ ਵੀ ਅਪਰਾਧ ਨਾ ਕਰਨ ਲੱਗਣ, ਤਦ ਤੱਕ ਇਨ੍ਹਾਂ ਘਟਨਾਵਾਂ ਦੀ ਅਣਦੇਖੀ ਕੀਤੀ ਜਾਵੇ। ਅਪਰਾਧ ਨੂੰ ਅਪਰਾਧ ਵਾਂਗ ਹੀ ਦੇਖਣਾ ਚਾਹੀਦਾ ਹੈ। ਇਸ ਵਿਚ ਪੁਰਸ਼ ਜਾਂ ਔਰਤ ਨਹੀਂ ਹੋਣੀ ਚਾਹੀਦੀ।

ਇਸ ਲਈ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਔਰਤਾਂ ਨਾਲ ਸਬੰਧਤ ਕਾਨੂੰਨਾਂ ਨੂੰ ਲਿੰਗ ਭੇਦ ਤੋਂ ਮੁਕਤ ਕੀਤਾ ਜਾਵੇ। ਔਰਤ ਜਾਂ ਪੁਰਸ਼, ਜੋ ਵੀ ਅਪਰਾਧੀ ਹੋਵੇ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਕਈ ਔਰਤਾਂ ਟੀਵੀ ਡਿਬੇਟਾਂ ਵਿਚ ਕਹਿ ਰਹੀਆਂ ਹਨ ਕਿ ਸੋਨਮ ਦਾ ਮੀਡੀਆ ਟਰਾਇਲ ਕੀਤਾ ਜਾ ਰਿਹਾ ਹੈ ਜਦਕਿ ਉਹ ਰਾਜਾ ਦੇ ਘਰ ਵਾਲਿਆਂ ਨਾਲ ਗੱਲ ਕਰ ਰਹੀ ਹੈ। ਜਦੋਂ ਕਿਸੇ ਪੁਰਸ਼ 'ਤੇ ਦੋਸ਼ ਲੱਗਦਾ ਹੈ ਤਾਂ ਉਸ ਦੇ ਪਰਿਵਾਰ ਵਾਲਿਆਂ ਨੂੰ ਦਿਨ-ਰਾਤ ਦਿਖਾਇਆ ਜਾਂਦਾ ਹੈ ਤਾਂ ਫਿਰ ਇਹ ਵਿਚਾਰ ਕਿਉਂ ਨਹੀਂ ਉੱਠਦੇ?

ਜਬਰ-ਜਨਾਹ ਦੇ ਮਾਮਲਿਆਂ ਵਿਚ ਔਰਤਾਂ ਦੇ ਨਾਮ ਦੱਸਣਾ, ਚਿੱਤਰ ਦਿਖਾਉਣਾ ਅਪਰਾਧ ਹੈ ਪਰ ਪੁਰਸ਼ਾਂ ਦੇ ਚਿੱਤਰ ਹਰ ਸਮੇਂ ਦਿਖਾਏ ਜਾਂਦੇ ਹਨ। ਜੇ ਉਹ ਬੇਗੁਨਾਹ ਸਾਬਿਤ ਹੋ ਜਾਂਦੇ ਹਨ ਤਾਂ ਕੀ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਗੁਆਚੀ ਹੋਈ ਇੱਜ਼ਤ ਵਾਪਸ ਮਿਲਦੀ ਹੈ? ਕਈ ਵਾਰ ਤਾਂ ਨੌਕਰੀ ਵੀ ਚਲੀ ਜਾਂਦੀ ਹੈ। ਇਸ ਪ੍ਰਸੰਗ ਵਿਚ 1988 ਦਾ ਚਰਚਿਤ ਇੰਦੂ ਅਰੋੜਾ-ਅਜੀਤ ਸੇਠ ਕਾਂਡ ਯਾਦ ਆਉਂਦਾ ਹੈ। ਹਰੀਸ਼ ਨਾਲ ਵਿਆਹੀ ਇੰਦੂ ਦੇ ਅਜੀਤ ਨਾਲ ਸਬੰਧ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਇੰਦੂ ਦੇ ਦੋ ਛੋਟੇ ਬੱਚੇ ਉਨ੍ਹਾਂ ਦੇ ਸਬੰਧਾਂ ਵਿਚ ਰੁਕਾਵਟ ਬਣ ਰਹੇ ਹਨ। ਦੋਹਾਂ ਨੇ ਮਿਲ ਕੇ ਬੱਚਿਆਂ 'ਤੇ ਮਿੱਟੀ ਦਾ ਤੇਲ ਛਿੜਕਿਆ ਅਤੇ ਅੱਗ ਲਗਾ ਦਿੱਤੀ। ਉਸ ਸਮੇਂ ਇਸ ਘਟਨਾ 'ਤੇ ਵੀ ਲੋਕਾਂ ਵਿਚ ਕਾਫ਼ੀ ਗੁੱਸਾ ਉੱਠਿਆ ਸੀ। ਜਦੋਂ ਉਨ੍ਹਾਂ ਨੂੰ ਜੇਲ੍ਹ ਵਿਚ ਭੇਜਿਆ ਗਿਆ ਤਾਂ ਉੱਥੇ ਕੈਦੀਆਂ ਨੇ ਉਨ੍ਹਾਂ ਦਾ ਕੁਟਾਪਾ ਚਾੜ੍ਹ ਦਿੱਤਾ ਸੀ। ਮੇਘਾਲਿਆ ਦੀ ਘਟਨਾ ਕਾਰਨ ਰਾਜਾ ਰਘੂਵੰਸ਼ੀ ਅਤੇ ਸੋਨਮ ਦੇ ਨਾਲ-ਨਾਲ ਉਨ੍ਹਾਂ ਚਾਰ ਲੜਕਿਆਂ ਦੇ ਪਰਿਵਾਰ ਵੀ ਤਬਾਹ ਹੋ ਗਏ ਜਿਨ੍ਹਾਂ ਨੂੰ ਹੱਤਿਆ ਦੇ ਦੋਸ਼ ਵਿਚ ਫੜਿਆ ਗਿਆ ਹੈ। ਜੋ ਕਿਸੇ ਅਪਰਾਧ ਨੂੰ ਅੰਜਾਮ ਦਿੰਦੇ ਹਨ, ਉਨ੍ਹਾਂ ਨੂੰ ਇਹ ਕਿਉਂ ਨਹੀਂ ਲੱਗਦਾ ਕਿ ਉਹ ਫੜੇ ਜਾਣਗੇ ਜਾਂ ਉਹ ਸੋਚਦੇ ਹਨ ਕਿ ਕੁਝ ਵੀ ਕਰ ਕੇ ਬਚ ਜਾਣਗੇ?

ਪੁਰਸ਼ਾਂ ਦੇ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਇੱਕਮ ਨਿਆਂ ਫਾਊਂਡੇਸ਼ਨ ਦੀ ਦੀਪਿਕਾ ਭਾਰਦਵਾਜ ਨੇ ਦੋ ਫਿਲਮਾਂ ਬਣਾਈਆਂ ਹਨ- 'ਮਾਰਟਰਸ ਆਫ ਮੈਰਿਜ ਅਤੇ 'ਇੰਡੀਆਜ਼ ਸੰਨਜ਼'। ਉਹ ਪੁਰਸ਼ ਕਮਿਸ਼ਨ ਬਣਾਉਣ ਦੀ ਮੰਗ ਕਰਦੀਆਂ ਰਹੀਆਂ ਹਨ।

ਉਨ੍ਹਾਂ ਨੇ ਪਤਨੀਆਂ ਦੁਆਰਾ ਪਤੀ ਦੀ ਹੱਤਿਆ ਅਤੇ ਪੁਰਸ਼ਾਂ ਦੀ ਆਤਮ-ਹੱਤਿਆ ਦੇ ਮਾਮਲਿਆਂ ਦਾ ਅਧਿਐਨ ਕੀਤਾ ਹੈ। ਇਸ ਮੁਤਾਬਕ ਦੇਸ਼ ਭਰ ਵਿਚ ਜਨਵਰੀ 2023 ਤੋਂ ਲੈ ਕੇ ਦਸੰਬਰ ਤੱਕ 306 ਪਤੀਆਂ ਅਤੇ ਕਈ ਮਾਮਲਿਆਂ ਵਿਚ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੀ ਹੱਤਿਆ ਪਤਨੀਆਂ ਦੁਆਰਾ ਕੀਤੀ ਗਈ। ਇਨ੍ਹਾਂ ਵਿੱਚੋਂ ਕੁਝ ਹੱਤਿਆਵਾਂ ਨੂੰ ਖ਼ੁਦਕੁਸ਼ੀ ਦੱਸਣ ਦੀ ਕੋਸ਼ਿਸ਼ ਕੀਤੀ ਗਈ। ਇਕ ਪਾਸੇ ਔਰਤਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਬਹੁਤ ਮਜ਼ਬੂਤ ਹੋ ਰਹੀਆਂ ਹਨ ਪਰ ਦੂਜੇ ਪਾਸੇ ਜਦੋਂ ਕੋਈ ਔਰਤ ਅਪਰਾਧ ਕਰਦੀ ਹੈ ਤਾਂ ਉਸ ਦੇ ਬਚਾਅ ਵਿਚ ਕਿਹਾ ਜਾਣ ਲੱਗਦਾ ਹੈ ਕਿ ਉਹ ਤਾਂ ਅਜਿਹਾ ਕਰ ਹੀ ਨਹੀਂ ਸਕਦੀ। ਕਿਉਂ ਨਹੀਂ ਕਰ ਸਕਦੀ? ਆਖ਼ਰ ਉਹ ਔਰਤਾਂ ਕੌਣ ਹਨ, ਜੋ ਘਿਨੌਣੇ ਅਪਰਾਧ ਕਰ ਰਹੀਆਂ ਹਨ? ਕਈ ਵਾਰ ਮੈਂ ਸੋਚਦੀ ਹਾਂ ਕਿ ਕਿਸੇ ਅਪਰਾਧ ਨੂੰ ਸਾਬਿਤ ਕਰਨ ਲਈ ਪੁਲਿਸ ਦੇ ਸਾਹਮਣੇ ਕਿੰਨੀਆਂ ਚੁਣੌਤੀਆਂ ਹੁੰਦੀਆਂ ਹਨ। ਰਾਜਾ ਦੀ ਹੱਤਿਆ ਦੇ ਮਾਮਲੇ ਵਿਚ ਮੇਘਾਲਿਆ ਪੁਲਿਸ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਉਹ ਜਿਸ ਤਰ੍ਹਾਂ ਬਿਨਾਂ ਕਿਸੇ ਪ੍ਰਤੀਕਿਰਿਆ ਦੇ ਮਾਮਲੇ ਦੀ ਜਾਂਚ ਕਰਦੀ ਰਹੀ, ਉਹ ਸਾਰੀ ਪ੍ਰਸ਼ੰਸਾ ਦੇ ਯੋਗ ਹੈ। ਪ੍ਰਤੀਕਿਰਿਆ ਨਾ ਦੇਣ 'ਤੇ ਸੋਨਮ ਅਤੇ ਰਾਜਾ ਦੇ ਪਰਿਵਾਰ ਵਾਲੇ ਉਸ ਦੀ ਲਗਾਤਾਰ ਆਲੋਚਨਾ ਕਰ ਰਹੇ ਸਨ।

ਮੇਘਾਲਿਆ ਵਿਚ ਅਜਿਹੇ ਅਪਰਾਧ ਬਹੁਤ ਘੱਟ ਹੁੰਦੇ ਹਨ। ਉੱਥੇ ਵੀ ਇਸ ਘਟਨਾ 'ਤੇ ਲੋਕਾਂ ਵਿਚ ਗੁੱਸਾ ਹੈ। ਲੋਕ ਦੋਹਾਂ ਪਰਿਵਾਰਾਂ ਤੋਂ ਮਾਫ਼ੀ ਦੀ ਮੰਗ ਕਰ ਰਹੇ ਹਨ। ਕੁਝ ਕਹਿ ਰਹੇ ਹਨ ਕਿ ਉੱਤਰ-ਪੂਰਬ ਨੂੰ ਬੇਵਜ੍ਹਾ ਬਦਨਾਮ ਕੀਤਾ ਗਿਆ। ਲੋਕ ਪੁੱਛ ਰਹੇ ਹਨ ਕਿ ਜੇ ਸੋਨਮ ਨੂੰ ਰਾਜਾ ਪਸੰਦ ਨਹੀਂ ਸੀ ਤਾਂ ਉਸ ਨਾਲ ਵਿਆਹ ਕਿਉਂ ਕੀਤਾ? ਜੇ ਉਸ ਨੂੰ ਇਸ ਦੀ ਚਿੰਤਾ ਸੀ ਕਿ ਮਨ੍ਹਾ ਕਰੇਗੀ ਤਾਂ ਦਿਲ ਦੇ ਰੋਗੀ ਪਿਤਾ ਦਾ ਕੀ ਹੋਵੇਗਾ, ਤਾਂ ਕੀ ਹੁਣ ਉਹ ਬਹੁਤ ਖ਼ੁਸ਼ ਹੋਣਗੇ? ਉਹ ਰਿਸ਼ਤੇਦਾਰਾਂ, ਆਂਢੀਆਂ-ਗੁਆਂਢੀਆਂ ਤੇ ਹੋਰ ਲੋਕਾਂ ਦਾ ਸਾਹਮਣਾ ਕਿਵੇਂ ਕਰ ਰਹੇ ਹੋਣਗੇ? ਆਖ਼ਰ ਸਾਡੇ ਸਮਾਜ ਵਿਚ ਭਰੋਸੇ ਵਿਚ ਇੰਨੀ ਕਮੀ (ਟਰਸਟ ਡੇਫੀਸ਼ਿਟ) ਕਿਵੇਂ ਹੋ ਗਈ?

ਇਸ ਸਮੇਂ ਹਰ ਰੋਜ਼ ਅਜਿਹੀਆਂ ਖ਼ਬਰਾਂ ਆਉਂਦੀਆਂ ਹਨ ਕਿ ਪਤੀ ਨੇ ਪਤਨੀ ਨੂੰ ਮਾਰ ਦਿੱਤਾ। ਪਤਨੀ ਨੇ ਪਤੀ ਨੂੰ ਤਰਬੂਜ਼ ਵਿਚ ਜ਼ਹਿਰ ਮਿਲਾ ਕੇ ਖੁਆ ਦਿੱਤਾ। ਧੀ ਨੇ ਪ੍ਰੇਮੀ ਲਈ ਪੂਰੇ ਪਰਿਵਾਰ ਨੂੰ ਮਾਰ ਦਿੱਤਾ। ਪਿਤਾ ਨੇ ਦੂਜਾ ਵਿਆਹ ਕਰਨ ਲਈ ਬੱਚਿਆਂ ਦਾ ਗਲਾ ਘੁੱਟ ਦਿੱਤਾ। ਜੇ ਆਪਣਿਆਂ ਦਾ ਹੀ ਵਿਸ਼ਵਾਸ ਨਾ ਰਹੇ ਤਾਂ ਆਖ਼ਰ ਅਸੀਂ ਦੁਨੀਆ ਵਿਚ ਕਿਸ ਦਾ ਭਰੋਸਾ ਕਰ ਸਕਦੇ ਹਾਂ? ਕੀ ਇਹ ਕਹਿਣ ਨਾਲ ਸਮੱਸਿਆ ਹੱਲ ਹੋ ਸਕਦੀ ਹੈ ਕਿ ਵਿਆਹ ਦੀ ਸੰਸਥਾ ਗਲ-ਸੜ ਗਈ ਹੈ ਅਤੇ ਹੁਣ ਇਸ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ?

ਪਾ ਲ , ਪਰ ਪਤੀ ਨੂੰ ਪਾਰਟਨਰ ਕਹਿਣ ਨਾਲ ਹਾਲਾਤ ਨਹੀਂ ਬਦਲ ਜਾਂਦੇ। ਕੋਈ ਵੀ ਸਬੰਧ ਹੋਵੇ, ਉਸ ਵਿਚ ਭਰੋਸਾ ਅਤੇ ਸਬਰ ਨਾਲ ਹੀ ਕੰਮ ਆਉਂਦੇ ਹਨ, ਜੋ ਲਗਾਤਾਰ ਲੋਪ ਹੋ ਰਹੇ ਹਨ।

# ਤੁਹਾਡੇ ਤੁਰਨ ਦਾ ਤਰੀਕਾ ਤੁਹਾਡੇ ਦਿਮਾਗ ਦੀ ਉਮਰ ਬਾਰੇ ਕਿਵੇਂ ਦੱਸ ਸਕਦਾ ਹੈ

ਤੁਸੀਂ ਜਿਸ ਗਤੀ ਨਾਲ ਤੁਰਦੇ ਹੋ, ਉਹ ਤੁਹਾਡੇ ਦਿਮਾਗ ਦੀ ਉਮਰ ਵਧਣ ਦੀ ਦਰ ਬਾਰੇ ਡੂੰਘੀ ਜਾਣਕਾਰੀ ਦੇ ਸਕਦੀ ਹੈ। ਹੌਲੀ ਤੁਰਨ ਵਾਲਿਆਂ ਦੇ ਦਿਮਾਗ ਛੋਟੇ ਹੁੰਦੇ ਹਨ ਅਤੇ ਮਹੱਤਵਪੂਰਨ ਬਣਤਰਾਂ ਵਿੱਚ ਬੁਨਿਆਦੀ ਅੰਤਰ ਹੁੰਦੇ ਹਨ। ਇਹ ਸੁਣਨ ਵਿੱਚ ਮਾਮੂਲੀ ਜਾਪ ਸਕਦਾ ਹੈ, ਪਰ ਜਿਸ ਗਤੀ ਨਾਲ ਤੁਸੀਂ ਇੱਕ ਬਿੰਦੂ ਤੋਂ ਦੂਜੇ ਬਿੰਦੂ ਤੱਕ ਤੁਰ ਸਕਦੇ ਹੋ, ਉਹ ਤੁਹਾਡੇ ਸਰੀਰ ਅਤੇ ਦਿਮਾਗ ਦੇ ਅੰਦਰੂਨੀ ਕੰਮਕਾਜ ਬਾਰੇ ਬਹੁਤ ਕੁਝ ਪ੍ਰਗਟ ਕਰ ਸਕਦੀ ਹੈ। ਖੋਜ ਵਿੱਚ ਸਾਹਮਣੇ ਆਇਆ ਹੈ ਕਿ ਜਿਸ ਗਤੀ ਨਾਲ ਤੁਸੀਂ ਦੁਕਾਨਾਂ, ਸਥਾਨਕ ਪਾਰਕ, ਜਾਂ ਬੱਸ ਸਟਾਪ 'ਤੇ ਤੁਰਦੇ ਹੋ, ਉਹ ਤੁਹਾਡੇ ਹਸਪਤਾਲ ਵਿੱਚ ਦਾਖਲ ਹੋਣ, ਦਿਲ ਦਾ ਦੌਰਾ ਪੈਣ ਅਤੇ ਇੱਥੋਂ ਤੱਕ ਕਿ ਮਰਨ ਦੀ ਸੰਭਾਵਨਾ ਦਾ ਅੰਦਾਜ਼ਾ ਲਗਾ ਸਕਦੀ ਹੈ।



ਇੱਕ ਵਿਅਕਤੀ ਦੀ ਤੁਰਨ ਦੀ ਗਤੀ ਦੀ ਵਰਤੋਂ ਉਸਦੀ ਬੋਧਾਤਮਕ ਉਮਰ ਵਧਣ ਦੀ ਦਰ ਨੂੰ ਪ੍ਰਗਟ ਕਰਨ ਲਈ ਵੀ ਕੀਤੀ ਜਾ ਸਕਦੀ ਹੈ।

ਤੁਰਨ ਦੀ ਗਤੀ ਦਾ ਟੈਸਟ ਇੱਕ ਵਿਅਕਤੀ ਦੀ ਕਾਰਜਸ਼ੀਲ ਸਮਰੱਥਾ ਦਾ ਮੁਲਾਂਕਣ ਕਰਨ ਦਾ ਇੱਕ ਤਰੀਕਾ ਹੈ। ਇਹ ਇਸ ਬਾਰੇ ਵੀ ਦੱਸ ਸਕਦਾ ਹੈ ਕਿ ਇੱਕ ਵਿਅਕਤੀ ਕਿੰਨਾ ਕਮਜ਼ੋਰ ਹੈ ਅਤੇ ਜੇਕਰ ਉਸ ਨੂੰ ਕੋਈ ਸਟ੍ਰੋਕ ਆ ਜਾਵੇ ਤਾਂ ਉਸ ਤੋਂ ਬਾਅਦ ਮੁੜ ਠੀਕ ਹੋਣ ਲਈ ਉਹ ਕਿੰਨੀ ਚੰਗੀ ਪ੍ਰਤੀਕਿਰਿਆ ਕਰੇਗਾ। ਜਦਕਿ ਲੋਕਾਂ ਲਈ ਉਮਰ ਵਧਣ ਦੇ ਨਾਲ-ਨਾਲ ਹੌਲੀ-ਹੌਲੀ ਤੁਰਨਾ ਆਮ ਗੱਲ ਹੈ, ਕਿਸੇ ਦੀ ਤੁਰਨ ਦੀ ਗਤੀ ਵਿੱਚ ਅਚਾਨਕ ਕਮੀ ਕੁਝ ਗੰਭੀਰ ਹੋਣ ਦਾ ਸੰਕੇਤ ਦੇ ਸਕਦੀ ਹੈ।

ਹਾਰਵਰਡ ਮੈਡੀਕਲ ਸਕੂਲ ਵਿੱਚ ਮੈਡੀਸਨ ਦੇ ਪ੍ਰੋਫੈਸਰ ਕ੍ਰਿਸਟੀਨਾ ਡਿਏਲੀ-ਕਨਰਾਈਟ ਕੈਂਸਰ ਦੇ ਨਤੀਜਿਆਂ 'ਤੇ ਕਸਰਤ ਦੇ ਪ੍ਰਭਾਵਾਂ ਦਾ ਅਧਿਐਨ ਕਰਦੇ ਹਨ ਅਤੇ ਕਹਿੰਦੇ ਹਨ ਕਿ "ਜਦੋਂ ਕਿਸੇ ਵਿਅਕਤੀ ਦੀ ਆਮ ਤੁਰਨ ਦੀ ਗਤੀ ਹੌਲੀ ਹੋ ਜਾਂਦੀ ਹੈ, ਤਾਂ ਇਹ ਅਕਸਰ ਅੰਦਰੂਨੀ ਸਿਹਤ ਸਥਿਤੀਆਂ ਨਾਲ ਜੁੜੀ ਹੁੰਦੀ ਹੈ।" ਉਨ੍ਹਾਂ ਮੁਤਾਬਕ, "ਵਿਅਕਤੀ ਨੂੰ ਇੱਕ ਪੁਰਾਣੀ ਬਿਮਾਰੀ ਹੋ ਸਕਦੀ ਹੈ ਜਿਸ ਕਾਰਨ ਉਹ ਜ਼ਿਆਦਾ ਹਿੱਲਣ ਦੇ ਯੋਗ ਨਹੀਂ ਰਹਿੰਦੇ ਜਾਂ ਹੋ ਸਕਦਾ ਹੈ ਕਿ ਉਨ੍ਹਾਂ ਨੇ ਬੈਠਕ ਵਾਲੀ ਜੀਵਨ ਸ਼ੈਲੀ ਆਪਣਾ ਲਈ ਹੋਵੇ।" "ਇਸਦਾ ਮਤਲਬ ਹੈ ਕਿ ਉਨ੍ਹਾਂ ਨੇ ਮਾਸਪੇਸ਼ੀਆਂ ਦੀ ਤਾਕਤ ਅਤੇ ਜੋੜਾਂ ਦੀ ਗਤੀਸ਼ੀਲਤਾ ਵਿੱਚ ਗਿਰਾਵਟ ਦਾ ਅਨੁਭਵ ਕੀਤਾ ਹੈ, ਜੋ ਬਦਕਿਸਮਤੀ ਨਾਲ ਸਿਹਤ ਨੂੰ ਹੋਰ ਵਿਗੜਨ ਵੱਲ ਲੈ ਜਾਂਦਾ ਹੈ।"

**ਇੱਕ ਸਧਾਰਨ ਤਕਨੀਕ**

ਵਾਕਿੰਗ ਸਪੀਡ ਟੈਸਟ ਜਾਂ ਤੁਰਨ ਦੀ ਗਤੀ ਦਾ ਟੈਸਟ ਕਰਨ ਲਈ, ਤੁਹਾਨੂੰ ਸਿਰਫ਼ ਇੱਕ ਸਟੌਪਵਾਚ ਅਤੇ ਦੂਰੀ ਮਾਪਣ ਦੇ ਸਾਧਨ ਦੀ ਲੋੜ ਹੈ, ਜਿਵੇਂ ਕਿ ਇੱਕ ਮਾਪਣ ਵਾਲੀ ਟੇਪ।

**ਇਸਦੇ ਦੋ ਆਮ ਤਰੀਕੇ ਹਨ:**

ਜੇਕਰ ਤੁਸੀਂ ਬਾਹਰ ਹੋ ਅਤੇ ਤੁਹਾਡੇ ਕੋਲ ਕਾਫ਼ੀ ਜਗ੍ਹਾ ਹੈ, ਤਾਂ ਤੁਸੀਂ 10-ਮੀਟਰ ਵਾਲਾ ਸਪੀਡ ਵਾਕ ਟੈਸਟ ਕਰ ਸਕਦੇ ਹੋ। ਪਹਿਲਾ ਤਰੀਕਾ- ਪਹਿਲਾਂ, 5 ਮੀਟਰ ਮਾਪੋ, ਉਸ ਤੋਂ ਬਾਅਦ ਹੋਰ 10 ਮੀਟਰ। ਸੁਝਾਅ ਦਿੱਤਾ ਜਾਂਦਾ ਹੈ ਕਿ ਆਪਣੇ ਤੁਰਨ ਦੀ ਆਮ ਗਤੀ 'ਤੇ ਪਹੁੰਚਣ ਲਈ ਤੁਸੀਂ ਪਹਿਲਾਂ 5 ਮੀਟਰ ਤੁਰੋ (ਇੰਨੇ 'ਚ ਤੁਸੀਂ ਆਪਣੀ ਗਤੀ 'ਤੇ ਆ ਜਾਵੋਗੇ), ਫਿਰ 10 ਮੀਟਰ ਲਈ ਆਪਣੀ ਆਮ ਗਤੀ ਨਾਲ ਤੁਰੋ। ਹੁਣ, ਆਪਣੀ ਤੁਰਨ ਦੀ ਗਤੀ ਦੀ ਗਣਨਾ ਕਰਨ ਲਈ, 10 ਮੀਟਰ (ਜੋ ਤੁਸੀਂ ਆਪਣੀ ਆਮ ਗਤੀ ਨਾਲ ਤੁਰੇ) ਨੂੰ ਉਸ ਦੂਰੀ 'ਤੇ ਚੱਲਣ ਵਿੱਚ ਲੱਗੇ ਸਕਿੰਟਾਂ ਦੀ ਗਿਣਤੀ ਨਾਲ ਵੰਡੋ।

ਦੂਜਾ ਤਰੀਕਾ- ਇਸ ਤੋਂ ਇਲਾਵਾ ਅਜਿਹੀਆਂ ਬਹੁਤ ਸਾਰੀਆਂ ਐਪਸ ਵੀ ਹਨ ਜੋ ਤੁਸੀਂ ਆਪਣੀ ਤੁਰਨ ਦੀ ਗਤੀ ਨੂੰ ਮਾਪਣ ਲਈ ਵਰਤ ਸਕਦੇ ਹੋ, ਜਿਸ ਵਿੱਚ ਵਾਕਮੀਟਰ, ਮੈਪਮਾਈਵਾਕ, ਸਟ੍ਰਾਵਾ ਅਤੇ ਗੂਗਲ ਫਿਟ ਵਰਗੇ ਫਿਟਨੈਸ ਟਰੈਕਰ ਸ਼ਾਮਲ ਹਨ, ਜੋ ਦੂਰੀ ਅਤੇ ਸਮੇਂ ਨੂੰ ਟਰੈਕ ਕਰਨ ਲਈ ਜੀਪੀਐਸ ਦੀ ਵਰਤੋਂ ਕਰਦੇ ਹਨ, ਜਿਸ ਨਾਲ ਉਹ ਤੁਹਾਡੀ ਗਤੀ ਦੀ ਗਣਨਾ ਕਰ ਸਕਦੇ ਹਨ। ਦੂਜੇ ਲੋਕਾਂ ਨਾਲ ਤੁਹਾਡੀ ਗਤੀ ਦੀ ਤੁਲਨਾ ਕਿਵੇਂ ਕੀਤੀ ਜਾਵੇ, ਇਸ ਦੇ ਲਈ ਮਹਿਲਾਵਾਂ ਅਤੇ ਪੁਰਸ਼ਾਂ ਦੀ ਔਸਤ ਤੁਰਨ ਦੀ ਗਤੀ ਨੂੰ ਦੇਖਿਆ ਜਾ ਸਕਦਾ ਹੈ। ਜਿਸ ਦੇ ਮੁਤਾਬਕ 40 ਤੋਂ 49 ਸਾਲ ਦੀ ਮਹਿਲਾ ਲਈ ਔਸਤ ਤੁਰਨ ਦੀ ਗਤੀ 1.39 ਮੀਟਰ/ਸੈਕਿੰਡ ਅਤੇ 40 ਤੋਂ 49 ਸਾਲ ਦੀ ਉਮਰ ਦੇ ਪੁਰਸ਼ ਲਈ 1.43 ਮੀਟਰ/ਸੈਕਿੰਡ ਹੈ।

50 ਤੋਂ 59 ਸਾਲ ਵਾਲਿਆਂ ਲਈ ਮਹਿਲਾ ਦੀ ਔਸਤ ਤੁਰਨ ਦੀ ਗਤੀ 1.31 ਮੀਟਰ/ਸੈਕਿੰਡ ਅਤੇ ਪੁਰਸ਼ ਦੀ ਗਤੀ 1.43 ਮੀਟਰ/ਸੈਕਿੰਡ ਹੈ। 60 ਤੋਂ 69 ਸਾਲ ਦੀ

(ਬਾਕੀ ਅਗਲੇ ਸਫੇ 'ਤੇ)

# ਲੱਖਾਂ ਕਿਲੋ ਦਾ ਹਵਾਈ ਜਹਾਜ਼ ਹਵਾ ਵਿੱਚ ਕਿਵੇਂ ਉੱਡਦਾ ਹੈ?

ਅਸਮਾਨ ਵਿੱਚ ਉੱਡਦੇ ਜਹਾਜ਼ ਨੂੰ ਦੇਖ ਕੇ ਲਗਭਗ ਹਰ ਕੋਈ ਮੋਹਿਤ ਹੁੰਦਾ ਹੈ। ਪਰ ਹਰ ਕਿਸੇ ਦੇ ਮਨ 'ਚ ਇੱਕ ਸਵਾਲ ਵੀ ਹੁੰਦਾ ਹੈ ਕਿ ਆਖਰ ਇੰਨਾ ਭਾਰੀ ਜਹਾਜ਼ ਉੱਡਦਾ ਕਿਵੇਂ ਹੈ? ਤਾਂ, ਆ ਇਸ ਪਿੱਛੇ ਅਸਲ ਵਿਗਿਆਨ ਨੂੰ ਸਮਝੀਏ। ਇੱਕ ਹਵਾਈ ਜਹਾਜ਼ ਹਵਾ ਵਿੱਚ ਕਿਵੇਂ ਉੱਡਦਾ ਹੈ, ਇਸ ਵਿਗਿਆਨ ਨੂੰ ਉਡਾਣ ਦੀ ਗਤੀਸ਼ੀਲਤਾ ਕਿਹਾ ਜਾਂਦਾ ਹੈ। ਪਰ ਇਸ ਨੂੰ ਸਮਝਣ ਤੋਂ ਪਹਿਲਾਂ, ਆ ਉਸ ਹਵਾ ਬਾਰੇ ਜਾਣੀਏ ਜਿਸ ਵਿੱਚ ਇੱਕ ਹਵਾਈ ਜਹਾਜ਼ ਉੱਡਦਾ ਹੈ ਜਾਂ ਤੈਰਦਾ ਹੈ।

### ਹਵਾ ਕੀ ਹੈ?

ਹਵਾ ਵਿੱਚ ਕੀ ਹੈ? ਆਕਸੀਜਨ, ਨਾਈਟ੍ਰੋਜਨ ਅਤੇ ਕਾਰਬਨ ਡਾਈਆਕਸਾਈਡ ਵਰਗੀਆਂ ਵੱਖ-ਵੱਖ ਗੈਸਾਂ ਹਨ। ਇਨ੍ਹਾਂ ਵੱਖ-ਵੱਖ ਤੱਤਾਂ ਦੇ ਅਣੂ ਹਵਾ ਵਿੱਚ ਲਗਾਤਾਰ ਘੁੰਮਦੇ ਰਹਿੰਦੇ ਹਨ, ਜੋ ਹਵਾ ਦਾ ਦਬਾਅ ਬਣਾਉਂਦੇ ਹਨ। ਇਹ ਵਗਦੀ ਜਾਂ ਚੱਲਦੀ ਹੋਈ ਹਵਾ ਬਲ ਪੈਦਾ ਕਰਦੀ ਹੈ। ਇਹ ਬਲ ਉਹ ਹੈ ਜੋ ਇੱਕ ਹਲਕੇ ਭਾਰ ਵਾਲੀ ਵਸਤੂ ਨੂੰ ਹਵਾ ਵਿੱਚ ਉੱਪਰ ਉੱਠਣ ਜਾਂ ਹੇਠਾਂ ਡਿੱਗਣ ਦਿੰਦਾ ਹੈ। ਹਵਾ ਵਿੱਚ ਪੰਛੀਆਂ, ਪਤੰਗਾਂ, ਗੁਬਾਰਿਆਂ ਅਤੇ ਹਵਾਈ ਜਹਾਜ਼ਾਂ ਨੂੰ ਖਿੱਚਣ ਜਾਂ ਧੱਕਣ ਦੀ ਸ਼ਕਤੀ ਹੁੰਦੀ ਹੈ। ਇਸੇ ਲਈ, ਜੋ ਚੀਜ਼ ਵੀ ਉੱਡਦੀ ਹੈ, ਹਵਾ ਉਸ ਹਰ ਚੀਜ਼ ਲਈ ਜ਼ਰੂਰੀ ਹੈ।

ਇੱਕ ਹਵਾਈ ਜਹਾਜ਼ ਦਾ ਭਾਰ ਉਡਾਣ ਲਈ ਇੱਕ ਬਹੁਤ ਮਹੱਤਵਪੂਰਨ ਕਾਰਕ ਹੈ, ਕਿਉਂਕਿ ਬਹੁਤ ਸਾਰੀਆਂ ਚੀਜ਼ਾਂ ਇਸ ਭਾਰ 'ਤੇ ਨਿਰਭਰ ਕਰਦੀਆਂ ਹਨ। ਹਰੇਕ ਜਹਾਜ਼ ਦਾ ਵੱਧ ਤੋਂ ਵੱਧ ਟੇਕਆਫ ਭਾਰ ਹੁੰਦਾ ਹੈ। ਯਾਨੀ, ਇਹ ਵੱਧ ਤੋਂ ਵੱਧ ਭਾਰ ਦੀ ਸੀਮਾ ਹੈ ਜਿਸ ਨਾਲ ਇੱਕ ਜਹਾਜ਼ ਉਡਾਣ ਭਰ ਸਕਦਾ ਹੈ। ਇਸ ਵਿੱਚ ਜਹਾਜ਼ ਦਾ ਭਾਰ, ਉਸ 'ਤੇ ਮੌਜੂਦ ਬਾਲਣ ਦਾ ਭਾਰ, ਪਖਾਨਿਆਂ ਲਈ ਲੋੜੀਂਦੇ ਪਾਣੀ ਦਾ ਭਾਰ, ਯਾਤਰੀਆਂ ਅਤੇ ਚਾਲਕ ਦਲ, ਉਨ੍ਹਾਂ ਦਾ ਸਮਾਨ, ਉਨ੍ਹਾਂ ਦਾ ਭੋਜਨ, ਆਦਿ ਸ਼ਾਮਲ ਹਨ। ਬੋਇੰਗ ਡ੍ਰੀਮਲਾਈਨਰ 787-8 ਨੂੰ ਧਿਆਨ ਵਿੱਚ ਰੱਖਦੇ ਹੋਏ, ਇਸਦੀ ਸੀਮਾ 2 ਲੱਖ 27 ਹਜ਼ਾਰ 950 ਕਿਲੋਗ੍ਰਾਮ ਹੈ, ਭਾਵ 227.95 ਮੀਟ੍ਰਿਕ ਟਨ।

ਆ ਇਸਨੂੰ ਇੱਕ ਹਾਥੀ ਦੇ ਭਾਰ ਨਾਲ ਸਮਝੀਏ। ਇੱਕ ਪੂਰੇ ਵਧੇ ਹੋਏ ਅਫਰੀਕੀ ਹਾਥੀ ਦਾ ਭਾਰ ਲਗਭਗ 7 ਟਨ ਹੁੰਦਾ ਹੈ। ਇਸ ਲਈ ਕਲਪਨਾ ਕਰੋ ਕਿ ਇੱਕ ਹਵਾਈ ਜਹਾਜ਼ ਕਿੰਨਾ ਭਾਰੀ ਹੋਵੇਗਾ। ਪਰ ਫਿਰ ਇੰਨਾ ਭਾਰੀ ਹੋਣ ਦੇ ਬਾਵਜੂਦ ਇੱਕ ਜਹਾਜ਼ ਉੱਡਦਾ ਕਿਵੇਂ ਹੈ? ਇਹ ਸਮਝਣ ਲਈ, ਸਰ ਆਈਜ਼ੈਕ ਨਿਊਟਨ ਦੁਆਰਾ ਪ੍ਰਸਤਾਵਿਤ ਗਤੀ ਦੇ ਨਿਯਮ, ਗਤੀ ਦੇ ਸਿਧਾਂਤ, ਮਹੱਤਵਪੂਰਨ ਹਨ।

### ਗਤੀਸ਼ੀਲਤਾ ਦਾ ਸਿਧਾਂਤ

ਇਸ ਸਿਧਾਂਤ ਦੇ ਅਨੁਸਾਰ, ਜੇਕਰ ਕੋਈ ਵਸਤੂ ਗਤੀ ਵਿੱਚ ਨਹੀਂ ਹੈ, ਤਾਂ ਇਹ ਆਪਣੇ ਆਪ ਨਹੀਂ ਚੱਲੇਗੀ। ਇਸੇ ਤਰ੍ਹਾਂ, ਜੇਕਰ ਕੋਈ ਚੀਜ਼ ਗਤੀ ਵਿੱਚ ਹੈ, ਤਾਂ ਇਹ ਉਦੋਂ ਤੱਕ ਨਹੀਂ ਰੁਕੇਗੀ ਜਾਂ ਦਿਸ਼ਾ ਨਹੀਂ ਬਦਲੇਗੀ ਜਦੋਂ ਤੱਕ ਇਸਨੂੰ ਕਿਸੇ ਚੀਜ਼ ਦੁਆਰਾ ਧੱਕਿਆ ਨਹੀਂ ਜਾਂਦਾ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਕਿਸੇ ਵਸਤੂ ਨੂੰ ਜ਼ੋਰ ਨਾਲ ਧੱਕਦੇ ਹੋ, ਤਾਂ ਇਹ ਤੇਜ਼ੀ ਨਾਲ ਅੱਗੇ ਵਧੇਗੀ ਅਤੇ ਵਧੇਰੇ ਦੂਰੀ ਤੈਅ ਕਰੇਗੀ। ਇਸ ਲਈ ਜਦੋਂ ਕੋਈ ਬਲ ਕਿਸੇ ਵਸਤੂ ਨੂੰ ਇੱਕ ਦਿਸ਼ਾ ਵਿੱਚ ਧੱਕਦਾ ਹੈ, ਤਾਂ ਉਲਟ ਦਿਸ਼ਾ ਵਿੱਚ ਉਸ ਵਸਤੂ 'ਤੇ ਬਰਾਬਰ ਬਲ ਹੁੰਦਾ ਹੈ।



### ਉਡਾਣ ਦੇ ਦਬਾਅ/ਬਲ

ਜਦੋਂ ਇੱਕ ਹਵਾਈ ਜਹਾਜ਼ ਉੱਡਦਾ ਹੈ, ਤਾਂ 4 ਕਿਸਮਾਂ ਦੇ ਦਬਾਅ ਹੁੰਦੇ ਮਹੱਤਵਪੂਰਨ ਹੁੰਦੇ ਹਨ। ਇਹਨਾਂ ਨੂੰ ਉਡਾਣ ਦੀਆਂ ਤਾਕਤਾਂ (ਫੋਰਸਿਜ਼ ਆਫ਼ ਫਲਾਇਟ) ਕਿਹਾ ਜਾਂਦਾ ਹੈ। ਇਹ ਇਸ ਪ੍ਰਕਾਰ ਹਨ:

ਲਿਫਟ - ਉਹ ਬਲ ਜੋ ਇੱਕ ਜਹਾਜ਼ ਨੂੰ ਉੱਪਰ ਵੱਲ ਧੱਕਦਾ ਹੈ।

ਡ੍ਰੈਗ - ਉਹ ਬਲ ਜੋ ਪਿੱਛੇ ਖਿੱਚਦਾ ਹੈ।

ਭਾਰ - ਗੁਰੂਤਾ ਕਾਰਨ ਹੇਠਾਂ ਵੱਲ ਜੋ ਬਲ ਹੁੰਦਾ ਹੈ।

ਥ੍ਰਸਟ- ਉਹ ਬਲ ਜੋ ਅੱਗੇ ਵਧਾਉਂਦਾ ਹੈ।

### ਜਹਾਜ਼ ਕਿਵੇਂ ਉਡਾਣ ਭਰਦਾ ਹੈ?

ਹਵਾਈ ਜਹਾਜ਼ ਦੇ ਖੰਭ ਹਵਾ ਵਿੱਚ ਉੱਡਣ ਲਈ ਸਭ ਤੋਂ ਮਹੱਤਵਪੂਰਨ ਹਿੱਸਾ ਹੁੰਦੇ ਹਨ। ਜੇ ਤੁਸੀਂ ਅਸਮਾਨ ਵਿੱਚ ਉੱਚੇ ਉੱਡਦੇ ਪੰਛੀਆਂ ਦੇ ਖੰਭਾਂ ਨੂੰ ਧਿਆਨ ਨਾਲ ਦੇਖੋਗੇ, ਤਾਂ ਤੁਸੀਂ ਉਨ੍ਹਾਂ ਅਤੇ ਹਵਾਈ ਜਹਾਜ਼ਾਂ ਦੇ ਖੰਭਾਂ ਵਿੱਚ ਸਮਾਨਤਾਵਾਂ ਵੇਖੋਗੇ। ਇਹ ਖੰਭ ਇੱਕ ਪਾਸੇ ਫੁੱਲੇ ਹੋਏ ਹੁੰਦੇ ਹਨ ਅਤੇ ਦੂਜੇ ਪਾਸੇ ਪਤਲੇ ਹੁੰਦੇ ਹਨ। ਇਨ੍ਹਾਂ ਦੇ ਉੱਪਰ ਇੱਕ ਕਰਵ ਹੁੰਦਾ ਹੈ। ਜਦੋਂ ਪਾਇਲਟ ਜਹਾਜ਼ ਦਾ ਇੰਜਣ ਚਾਲੂ ਕਰਦਾ ਹੈ, ਤਾਂ ਜਹਾਜ਼ ਗਤੀ ਫੜ੍ਹਦਾ ਹੈ ਅਤੇ ਇਹ ਗਤੀ ਵਧਦੀ ਜਾਂਦੀ ਹੈ। ਜਹਾਜ਼ ਦੇ ਖੰਭਾਂ ਅਤੇ ਪਾਸਿਆਂ ਉੱਤੇ ਵੱਧ ਤੋਂ ਵੱਧ ਹਵਾ ਵਹਿਣੀ ਸ਼ੁਰੂ ਹੋ ਜਾਂਦੀ ਹੈ। ਕੁਝ ਹਵਾ ਖੰਭਾਂ ਦੇ ਉੱਪਰੋਂ ਲੰਘਦੀ ਹੈ, ਕੁਝ ਉਨ੍ਹਾਂ ਦੇ ਹੇਠਾਂ ਤੋਂ ਲੰਘਦੀ ਹੈ। ਇਸ ਹਵਾ ਦੀ ਗਤੀ ਵੱਖ-ਵੱਖ ਹੁੰਦੀ ਹੈ।

ਹਵਾ ਖੰਭਾਂ ਦੇ ਉੱਪਰਲੇ ਕਰਵ ਵਾਲੇ ਪਾਸੇ ਤੇਜ਼ੀ ਨਾਲ ਚਲਦੀ ਹੈ, ਜਦਕਿ ਸਮਤਲ ਹੇਠਲੇ ਪਾਸੇ ਦੇ ਨਾਲ ਹਵਾ ਹੌਲੀ ਚਲਦੀ ਹੈ। ਜਦੋਂ ਹਵਾ ਤੇਜ਼ੀ ਨਾਲ ਚਲਦੀ ਹੈ, ਤਾਂ ਹਵਾ ਦਾ ਦਬਾਅ ਘਟ ਜਾਂਦਾ ਹੈ। ਭਾਵ, ਜਦੋਂ ਇੱਕ ਹਵਾਈ ਜਹਾਜ਼ ਉੱਡ ਰਿਹਾ ਹੁੰਦਾ ਹੈ, ਤਾਂ ਖੰਭਾਂ ਦੇ ਉੱਪਰ ਹਵਾ ਦਾ ਦਬਾਅ ਘੱਟ ਹੁੰਦਾ ਹੈ, ਜਦਕਿ ਖੰਭਾਂ ਦੇ ਹੇਠਾਂ ਹਵਾ ਦਾ ਦਬਾਅ ਜ਼ਿਆਦਾ ਹੁੰਦਾ ਹੈ। ਹਵਾ ਦੇ ਦਬਾਅ ਵਿੱਚ ਇਹ ਅੰਤਰ ਹਵਾਈ ਜਹਾਜ਼ ਦੇ ਖੰਭਾਂ ਉੱਤੇ ਇੱਕ ਬਲ ਪੈਦਾ ਕਰਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਹਵਾ ਵਿੱਚ ਉੱਚੇ ਉੱਠਣ ਅਤੇ ਬਣੇ ਰਹਿਣ ਵਿੱਚ ਮਦਦ ਕਰਦਾ ਹੈ।

ਨਤੀਜੇ ਵਜੋਂ, ਪੂਰਾ ਜਹਾਜ਼ ਉੱਪਰ ਉੱਠ ਜਾਂਦਾ ਹੈ। ਇਸ ਬਲ ਨੂੰ ਲਿਫਟ ਕਿਹਾ ਜਾਂਦਾ ਹੈ। ਜਦੋਂ ਜਹਾਜ਼ ਲਗਭਗ 250-300 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ 'ਤੇ ਪਹੁੰਚਦਾ ਹੈ, ਤਾਂ ਇਹ ਲਿਫਟ ਫੋਰਸ ਇੰਨੀ ਵੱਧ ਜਾਂਦੀ ਹੈ ਕਿ ਜਹਾਜ਼ ਉਡਾਣ ਭਰਦਾ ਹੈ। ਜਹਾਜ਼ ਜਿੰਨਾ ਭਾਰੀ ਹੋਵੇਗਾ, ਹਵਾ ਵਿੱਚ ਰਹਿਣ ਲਈ ਨੀ ਹੀ ਜ਼ਿਆਦਾ ਗਤੀ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਜਹਾਜ਼, ਹਵਾ ਦੇ ਦਬਾਅ ਕਾਰਨ ਹੀ ਹਵਾ ਵਿੱਚ ਤੈਰਦਾ ਜਾਂ ਉੱਡਦਾ ਹੈ। ਕਲਪਨਾ ਕਰੋ ਕਿ ਤੁਹਾਡੇ ਹੱਥ ਇੱਕ ਹਵਾਈ ਜਹਾਜ਼ ਦੇ ਖੰਭ ਹਨ। ਇੱਕ ਵਿੰਗ ਨੂੰ ਹੇਠਾਂ ਅਤੇ ਦੂਜੇ ਨੂੰ ਉੱਪਰ ਲਿਜਾ ਕੇ, ਹਵਾਈ ਜਹਾਜ਼ ਦਿਸ਼ਾ ਬਦਲ ਸਕਦਾ ਹੈ, ਯਾਨੀ ਮੁੜ ਸਕਦਾ ਹੈ। ਇੱਕ ਹਵਾਈ ਜਹਾਜ਼ ਦਾ ਅਗਲਾ ਸਿਰਾ, ਜਹਾਜ਼ ਦੀ ਪਿੱਚ ਨੂੰ ਕੰਟਰੋਲ ਕਰਨ ਲਈ ਉੱਪਰ ਚੁੱਕਿਆ ਜਾਂ ਹੇਠਾਂ ਝੁਕਾਇਆ ਜਾ ਸਕਦਾ ਹੈ। ਕਾਕਪਿਟ ਵਿੱਚ ਮੌਜੂਦ ਪਾਇਲਟ ਰਾਡਾਰ, ਨੈਵੀਗੇਸ਼ਨ ਕੰਟਰੋਲ, ਉਚਾਈ ਸੂਚਕ, ਸਿਸਟਮ ਜਾਣਕਾਰੀ ਡਿਸਪਲੇਅ, ਦਿਸ਼ਾ ਖੋਜਕ, ਫਲਾਈਟ ਡਿਸਪਲੇਅ, ਥ੍ਰੋਟਲ, ਪਹੀਆਂ ਦੇ ਕੰਟਰੋਲ, ਰਡਰ ਅਤੇ ਬ੍ਰੇਕ ਪੈਡਲ ਵਰਗੇ ਸਿਸਟਮਾਂ ਦੀ ਵਰਤੋਂ ਕਰਕੇ ਜਹਾਜ਼ ਨੂੰ ਕੰਟਰੋਲ ਕਰਦੇ ਹਨ। ਇਸ ਦੇ ਨਾਲ ਹੀ ਉਹ ਸਾਰਾ ਸਮਾਂ ਲਗਾਤਾਰ ਜ਼ਮੀਨ 'ਤੇ ਵੀ ਨਿਯੰਤਰਣ ਸਿਸਟਮ ਨਾਲ ਸੰਪਰਕ 'ਚ ਰਹਿੰਦੇ ਹਨ।

ਇਸ ਤੋਂ ਇਲਾਵਾ, ਹੁਣ ਆਧੁਨਿਕ ਆਟੋ ਪਾਇਲਟ ਸਿਸਟਮ ਟੇਕਆਫ ਤੋਂ ਲੈ ਕੇ ਲੈਂਡਿੰਗ ਤੱਕ ਹਰ ਚੀਜ਼ ਨੂੰ ਸੰਭਾਲ ਸਕਦੇ ਹਨ।

ਜਹਾਜ਼ਾਂ ਦੀ ਔਸਤ ਹਵਾ ਦੀ ਗਤੀ 880-926 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਇਹ ਗਤੀ ਲੈਂਡਿੰਗ ਦੌਰਾਨ ਘਟ ਜਾਂਦੀ ਹੈ। ਜਦੋਂ ਹਵਾਈ ਜਹਾਜ਼ ਹੇਠਾਂ ਉਤਰਨਾ ਸ਼ੁਰੂ ਕਰਦਾ ਹੈ, ਤਾਂ ਪਾਇਲਟ ਫਲੈਪ ਅਤੇ ਸਲੈਟ- ਖੰਭਾਂ ਦੇ ਦੋਵੇਂ ਪਾਸੇ ਮੌਜੂਦ ਵਾਲਵ ਖੋਲ੍ਹਦਾ ਹੈ। ਇਸ ਨਾਲ ਹਵਾਈ ਜਹਾਜ਼ ਦੇ ਖੰਭ ਵੱਡੇ ਹੋ ਜਾਂਦੇ ਹਨ ਅਤੇ ਉਹ ਜ਼ਿਆਦਾ ਹਵਾ ਫੜ੍ਹਦੇ ਹਨ। ਫਿਰ ਏਅਰਬ੍ਰੇਕ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਖੰਭਾਂ ਉੱਤੇ ਵਹਿਣ ਵਾਲੀ ਹਵਾ ਨੂੰ ਰੋਕਦਾ ਹੈ, ਜਿਸ ਨਾਲ ਹਵਾਈ ਜਹਾਜ਼ ਹੇਠਾਂ ਉਤਰਦਾ ਹੈ।

ਲੈਂਡਿੰਗ ਗੀਅਰ ਦੀ ਵਰਤੋਂ ਕਰਨ ਤੋਂ ਬਾਅਦ, ਹਵਾਈ ਜਹਾਜ਼ ਦੇ ਹੇਠਾਂ ਵਾਲੇ ਪਾਸੇ ਪਹੀਏ ਬਾਹਰ ਆਉਂਦੇ ਹਨ। ਜਦੋਂ ਹਵਾਈ ਜਹਾਜ਼ ਕਾਫ਼ੀ ਹੇਠਾਂ ਉਤਰਦਾ ਹੈ, ਤਾਂ ਪਹੀਏ ਜ਼ਮੀਨ ਨੂੰ ਛੂਹਦੇ ਹਨ ਅਤੇ ਇੰਜਣ ਵਿੱਚੋਂ ਨਿਕਲ ਰਹੀ ਹਵਾ ਉਲਟ ਦਿਸ਼ਾ ਵਿੱਚ ਬਾਹਰ ਸੁੱਟੀ ਜਾਂਦੀ ਹੈ। ਇਸ ਨਾਲ ਹਵਾਈ ਜਹਾਜ਼ ਦੀ ਗਤੀ ਹੋਰ ਵੀ ਘੱਟ ਜਾਂਦੀ ਹੈ। ਖੰਭਾਂ 'ਤੇ ਲੱਗੇ ਏਅਰਬ੍ਰੇਕ ਸਿੱਧੇ ਹੋ ਜਾਂਦੇ ਹਨ ਅਤੇ ਪਹੀਏ ਵੀ ਬ੍ਰੇਕ ਕੀਤੇ ਜਾਂਦੇ ਹਨ। ਹਵਾ ਦੀ ਦਿਸ਼ਾ ਅਤੇ ਗਤੀ, ਰਨਵੇ ਦਾ ਢਲਾਣ ਵਾਲਾ ਹੋਣਾ ਜਾਂ ਸਮਤਲ ਜਾਂ ਥੋੜ੍ਹੀ ਜਿਹੀ ਚੜ੍ਹਾਈ ਵਾਲਾ ਹੋਣਾ, ਰਨਵੇ ਦੀ ਲੰਬਾਈ, ਭਾਵੇਂ ਇਸ 'ਤੇ ਪਾਣੀ ਜਾਂ ਬਰਫ਼ ਹੋਵੇ, ਟੱਚਡਾਊਨ ਜ਼ੋਨ ਦੀ ਲੰਬਾਈ, ਅਤੇ ਜਿਸ ਉਚਾਈ ਤੋਂ ਜਹਾਜ਼ ਹੇਠਾਂ ਉਤਰ ਰਿਹਾ ਹੈ, ਇਸਦਾ ਭਾਰ, ਅਤੇ ਮੌਸਮ ਦੀਆਂ ਸਥਿਤੀਆਂ, ਇਹ ਸਭ ਜਹਾਜ਼ ਦੀ ਲੈਂਡਿੰਗ ਨੂੰ ਪ੍ਰਭਾਵਤ ਕਰਦੇ ਹਨ। ਇਸੇ ਲਈ ਇੱਕ ਸਾਫਟ ਲੈਂਡਿੰਗ - ਭਾਵ ਬਿਨਾਂ ਕਿਸੇ ਕ੍ਰੈਸ਼ ਹੋਏ ਜਹਾਜ਼ ਨੂੰ ਰਨਵੇਅ 'ਤੇ ਉਤਾਰਨਾ, ਪਾਇਲਟ ਦੇ ਹੁਨਰ ਨੂੰ ਦਰਸਾਉਂਦਾ ਹੈ।

# ਤੁਹਾਡੇ ਤੁਰਨ ਦਾ ਤਰੀਕਾ ਤੁਹਾਡੇ ਦਿਮਾਗ ਦੀ ਉਮਰ ਬਾਰੇ ਕਿਵੇਂ ਦੱਸ ਸਕਦਾ ਹੈ

(ਸਫਾ 10 ਦੀ ਬਾਕੀ)

ਉਮਰ ਦੇ ਲੋਕਾਂ ਲਈ, ਪੁਰਸ਼ ਲਈ ਔਸਤ ਤੁਰਨ ਦੀ ਗਤੀ 1.24 ਮੀਟਰ/ਸੈਕਿੰਡ ਅਤੇ ਪੁਰਸ਼ ਲਈ 1.43 ਮੀਟਰ/ਸੈਕਿੰਡ ਤੱਕ ਘਟ ਜਾਂਦੀ ਹੈ। 70 ਤੋਂ 79 ਸਾਲ ਦੀ ਉਮਰ ਦੇ ਲੋਕਾਂ ਲਈ, ਇੱਕ ਮਹਿਲਾ ਲਈ ਔਸਤ ਤੁਰਨ ਦੀ ਗਤੀ 1.13 ਮੀਟਰ/ਸੈਕਿੰਡ ਅਤੇ ਇੱਕ ਪੁਰਸ਼ ਲਈ 1.26 ਮੀਟਰ/ਸੈਕਿੰਡ ਹੈ। ਅੰਤ ਵਿੱਚ, 80 ਤੋਂ 89 ਸਾਲ ਦੀ ਉਮਰ ਦੇ ਲੋਕਾਂ ਲਈ, ਇੱਕ ਪੁਰਸ਼ ਲਈ ਤੁਰਨ ਦੀ ਗਤੀ ਲਗਭਗ 0.94 ਮੀਟਰ/ਸੈਕਿੰਡ ਅਤੇ ਇੱਕ ਪੁਰਸ਼ ਲਈ 0।97 ਮੀਟਰ/ਸੈਕਿੰਡ ਹੈ।

### ਤੁਰਨ ਦੀ ਗਤੀ ਅਤੇ ਦਿਮਾਗੀ ਉਮਰ

ਅਧਿਐਨਾਂ ਵਿੱਚ ਦੇਖਿਆ ਗਿਆ ਹੈ ਕਿ ਤੁਰਨ ਦੀ ਗਤੀ ਬਜ਼ੁਰਗਾਂ ਦੇ ਜੀਵਨ ਦੀ ਅਵਧੀ ਬਾਰੇ ਜਾਣਕਾਰੀ ਦੇ ਸਕਦੀ ਹੈ। ਮਿਸਾਲ ਵਜੋਂ, ਪਿਟਸਬਰਗ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਨੌਂ ਅਧਿਐਨਾਂ ਦੇ ਨਤੀਜਿਆਂ ਨੂੰ ਇਕੱਠਾ ਕੀਤਾ, ਜਿਨ੍ਹਾਂ ਵਿੱਚ ਸਮੂਹਿਕ ਤੌਰ 'ਤੇ 34,000 ਤੋਂ ਵੱਧ ਭਾਈਚਾਰਿਆਂ 'ਚ ਰਹਿਣ ਵਾਲੇ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਜੋੜਿਆ ਗਿਆ। ਅਧਿਐਨ ਨੇ ਦਿਖਾਇਆ ਕਿ ਤੁਰਨ ਦੀ ਗਤੀ ਜੀਵਨ ਦੀ ਸੰਭਾਵਨਾ (ਵਿਅਕਤੀ ਕਦੋਂ ਤੱਕ ਜ਼ਿੰਦਾ ਰਹੇਗਾ) ਨਾਲ ਮਹੱਤਵਪੂਰਨ ਤੌਰ 'ਤੇ ਜੁੜੀ ਹੋਈ ਸੀ। ਉਦਾਹਰਨ ਲਈ, 75 ਸਾਲ ਦੀ ਉਮਰ ਵਿੱਚ ਸਭ ਤੋਂ ਹੌਲੀ ਤੁਰਨ ਦੀ ਗਤੀ ਵਾਲੇ ਮਰਦਾਂ ਵਿੱਚ 10 ਸਾਲ ਜੀਉਣ ਦੀ ਸੰਭਾਵਨਾ 19 ਫੀਸਦੀ ਸੀ, ਜਦਕਿ ਸਭ ਤੋਂ ਤੇਜ਼ ਤੁਰਨ ਵਾਲੇ ਵਾਲੇ ਮਰਦਾਂ ਵਿੱਚ ਬਚਣ ਦੀ ਸੰਭਾਵਨਾ 87 ਫੀਸਦੀ ਸੀ। ਇੱਕ ਸਪਸ਼ਟੀਕਰਨ ਇਹ ਹੈ ਕਿ ਜੋ ਲੋਕ ਪਹਿਲਾਂ ਹੀ ਬਿਮਾਰ ਹਨ, ਉਹ ਘੱਟ ਤੁਰਦੇ-ਫਿਰਦੇ ਹਨ।

ਹਾਲਾਂਕਿ, ਫਰਾਂਸ ਵਿੱਚ 2009 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ 65 ਸਾਲ ਤੋਂ ਵੱਧ ਉਮਰ ਦੇ ਉਹ ਸਿਹਤਮੰਦ ਬਜ਼ੁਰਗ ਜੋ ਹੌਲੀ-ਹੌਲੀ ਤੁਰਦੇ ਸਨ, ਉਨ੍ਹਾਂ ਦੇ ਦਿਲ ਦੀ ਬਿਮਾਰੀ ਤੋਂ ਮਰਨ ਦੀ ਸੰਭਾਵਨਾ ਲਗਭਗ ਤਿੰਨ ਗੁਣਾ ਜ਼ਿਆਦਾ ਸੀ, ਬਜਾਏ ਕਿ ਉਨ੍ਹਾਂ ਲੋਕਾਂ ਦੇ ਜੋ ਤੇਜ਼ ਤੁਰਦੇ ਸਨ।

ਉੱਤਰੀ ਕੈਰੋਲੀਨਾ ਵਿੱਚ ਡਿਊਕ ਯੂਨੀਵਰਸਿਟੀ ਦੇ ਮਨੋਵਿਗਿਆਨ ਅਤੇ ਨਿਊਰੋਸਾਇੰਸ ਵਿਭਾਗ ਵਿੱਚ ਇੱਕ ਸੀਨੀਅਰ ਖੋਜਕਰਤਾ ਲਾਈਨ ਰਾਸਮੁਸੇਨ ਕਹਿੰਦੇ ਹਨ, "ਤੁਰਨਾ ਬਹੁਤ ਸੌਖਾ ਜਾਪਦਾ ਹੈ: ਸਾਡੇ ਵਿੱਚੋਂ ਜ਼ਿਆਦਾਤਰ ਇਸ ਬਾਰੇ ਸੋਚਦੇ ਨਹੀਂ, ਅਸੀਂ ਸਿਰਫ਼ ਇਹ ਕਰਦੇ ਹਾਂ।" ਉਹ ਅੱਗੇ ਕਹਿੰਦੇ ਹਨ ਕਿ "ਪਰ ਤੁਰਨਾ ਅਸਲ ਵਿੱਚ ਕਈ ਵੱਖ-ਵੱਖ ਸਰੀਰਕ ਪ੍ਰਣਾਲੀਆਂ 'ਤੇ ਨਿਰਭਰ ਕਰਦਾ ਹੈ ਜੋ ਇਕੱਠੇ ਕੰਮ ਕਰਦਿਆਂ ਹਨ: ਤੁਹਾਡੀਆਂ ਹੱਡੀਆਂ ਅਤੇ ਮਾਸਪੇਸ਼ੀਆਂ ਤੁਹਾਨੂੰ ਲੈ ਕੇ ਚੱਲਦੀਆਂ (ਭਾਵ ਤੁਹਾਡੇ ਸਰੀਰ ਨੂੰ ਢਾਂਚਾ ਪ੍ਰਧਾਨ ਕਰਦੀਆਂ ਹਨ) ਅਤੇ ਹਿਲਾਉਂਦੀਆਂ ਹਨ, ਤੁਹਾਡੀਆਂ ਅੱਖਾਂ ਤੁਹਾਨੂੰ ਇਹ ਦੇਖਣ ਵਿੱਚ ਮਦਦ ਕਰਦੀਆਂ ਹਨ ਕਿ ਤੁਸੀਂ ਕਿੱਥੇ ਜਾ ਰਹੇ ਹੋ, ਤੁਹਾਡਾ ਦਿਲ ਅਤੇ ਫੇਫੜੇ ਖੂਨ ਅਤੇ ਆਕਸੀਜਨ ਦਾ ਸੰਚਾਰ ਕਰਦੇ ਹਨ, ਅਤੇ ਤੁਹਾਡਾ ਦਿਮਾਗ ਅਤੇ ਨਸਾਂ ਇਸ ਸਭ ਦਾ ਤਾਲਮੇਲ ਬਿਠਾਉਂਦੇ ਹਨ।" ਰਾਸਮੁਸੇਨ ਦੇ ਅਨੁਸਾਰ, ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਜਾਂਦੀ ਹੈ, ਇਨ੍ਹਾਂ ਪ੍ਰਣਾਲੀਆਂ ਦਾ ਕੰਮ ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੌਲੀ ਤੁਰਨ ਦੀ ਗਤੀ ਇਸ ਸਮੁੱਚੀ ਗਿਰਾਵਟ ਨੂੰ ਦਰਸਾ ਸਕਦੀ ਹੈ ਅਤੇ ਵਧਦੀ ਉਮਰ ਦਾ ਸੰਕੇਤ ਹੋ ਸਕਦੀ ਹੈ। ਇਹ ਸਿਰਫ਼ ਵੱਡੀ ਉਮਰ ਦੇ ਲੋਕਾਂ 'ਤੇ ਲਾਗੂ ਨਹੀਂ ਹੁੰਦਾ। ਸਾਲ 2019 ਦੇ ਇੱਕ ਅਧਿਐਨ ਵਿੱਚ, ਰਾਸਮੁਸੇਨ ਅਤੇ ਉਨ੍ਹਾਂ ਦੇ ਸਾਥੀਆਂ ਨੇ ਪਾਇਆ ਕਿ 45 ਸਾਲ ਦੀ ਉਮਰ ਵਿੱਚ ਵੀ ਇੱਕ ਵਿਅਕਤੀ ਦੀ ਤੁਰਨ ਦੀ ਗਤੀ ਉਸ ਦਰ ਦਾ ਅੰਦਾਜ਼ਾ ਲਗਾ ਸਕਦੀ ਹੈ ਜਿਸ ਨਾਲ ਉਨ੍ਹਾਂ ਦਾ ਦਿਮਾਗ ਅਤੇ ਸਰੀਰ ਬੁੱਢਾ ਹੋ ਰਿਹਾ ਹੁੰਦਾ ਹੈ।

### ਤੁਰਨ ਦਾ ਸਿਹਤ ਨਾਲ ਸਬੰਧ

ਰਾਸਮੁਸੇਨ ਅਤੇ ਡਿਊਕ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ 45 ਸਾਲ ਦੇ 904 ਬਜ਼ੁਰਗਾਂ ਦਾ ਸਰਵੇਖਣ ਕੀਤਾ, ਜਿਨ੍ਹਾਂ ਨੇ ਡੁਨੇਡਿਨ ਮਲਟੀਡਿਸਿਪਲਨਰੀ ਸਟੱਡੀ ਆਫ਼ ਹੈਲਥ ਐਂਡ ਡਿਵੈਲਪਮੈਂਟ ਵਿੱਚ ਹਿੱਸਾ ਲਿਆ। ਇਹ ਇੱਕ ਲੰਮਾ ਖੋਜ ਪ੍ਰੋਜੈਕਟ ਹੈ ਜੋ 1972 ਅਤੇ 1973 ਦੇ ਵਿਚਕਾਰ ਨਿਊਜ਼ੀਲੈਂਡ ਦੇ ਡੁਨੇਡਿਨ ਵਿੱਚ ਪੈਦਾ ਹੋਏ 1,000 ਤੋਂ ਵੱਧ ਲੋਕਾਂ ਦੇ ਜੀਵਨ ਨੂੰ ਫਾਲੋ ਕਰ ਰਹੇ ਹਨ। ਅਧਿਐਨ ਵਿੱਚ ਸ਼ਾਮਲ ਵਿਅਕਤੀਆਂ ਦਾ, ਉਨ੍ਹਾਂ ਦੇ ਜੀਵਨ ਦੌਰਾਨ ਸਮੇਂ-ਸਮੇਂ 'ਤੇ ਉਨ੍ਹਾਂ ਦੀ ਸਿਹਤ ਅਤੇ ਬੋਧਾਤਮਕ ਕਾਰਜਾਂ ਦਾ ਮੁਲਾਂਕਣ ਕੀਤਾ ਗਿਆ ਹੈ। ਰਾਸਮੁਸੇਨ ਕਹਿੰਦੇ ਹਨ, "ਮੈਂ ਹੈਰਾਨ ਸੀ ਕਿ ਇੱਕੋ ਉਮਰ ਦੇ ਲੋਕਾਂ ਵਿੱਚ ਤੁਰਨ ਦੀ ਗਤੀ ਵਿੱਚ ਕਿੰਨਾ ਫਰਕ ਸੀ।"

ਉਨ੍ਹਾਂ ਕਿਹਾ, "ਤੁਸੀਂ ਇਹੀ ਉਮੀਦ ਕਰਦੇ ਹੋ ਕਿ 45 ਸਾਲ ਦੀ ਉਮਰ ਵਿੱਚ ਹਰ ਕੋਈ ਲਗਭਗ ਵਿਚਕਾਰਲੀ ਸਥਿਤੀ 'ਚ ਹੋਵੇਗਾ, ਪਰ ਕੁਝ ਸਿਹਤਮੰਦ ਲੋਕ ਤਾਂ 20 ਸਾਲ ਦੇ ਬੱਚਿਆਂ ਵਾਂਗ ਤੇਜ਼ੀ ਨਾਲ ਤੁਰਦੇ ਸਨ, ਜਦਕਿ ਦੂਸਰੇ ਬਹੁਤ ਸਾਰੇ ਲੋਕ ਅਜਿਹੇ ਸਨ ਜੋ ਬਜ਼ੁਰਗਾਂ ਵਾਂਗ ਹੌਲੀ-ਹੌਲੀ ਤੁਰਦੇ ਸਨ।" ਇਸ ਅਧਿਐਨ ਵਿੱਚ ਪਾਇਆ ਗਿਆ ਕਿ ਹੌਲੀ ਤੁਰਨ ਦੀ ਗਤੀ ਵਾਲੇ 45 ਸਾਲ ਦੇ ਬਜ਼ੁਰਗਾਂ ਨੇ "ਤੇਜ਼ ਬੁਢਾਪੇ" ਦੇ ਸੰਕੇਤ ਦਿਖਾਏ, ਉਨ੍ਹਾਂ ਦੇ ਫੇਫੜੇ, ਦੰਦ ਅਤੇ ਇਮਿਊਨ ਸਿਸਟਮ ਤੇਜ਼ ਤੁਰਨ ਵਾਲਿਆਂ ਦੇ ਮੁਕਾਬਲੇ ਮਾੜੀ ਸਥਿਤੀ ਵਿੱਚ ਸਨ। ਉਨ੍ਹਾਂ ਨੂੰ ਅਜਿਹੀਆਂ ਦਿੱਕਤਾਂ ਵੀ ਸਨ ਜੋ ਬੁਢਾਪੇ ਦੀ ਤੇਜ਼ ਦਰ ਨਾਲ ਜੁੜੀਆਂ ਹੋਈਆਂ ਸਨ, ਜਿਵੇਂ ਕਿ ਹਾਈ ਬਲੱਡ ਪ੍ਰੈਸ਼ਰ, ਉੱਚ ਕੋਲੇਸਟ੍ਰੋਲ, ਅਤੇ ਘੱਟ ਕਾਰਡੀ ਰੇਸਪੀਰੇਟਰੀ ਫਿਟਨੈਸ (ਭਾਵ ਦਿਲ, ਫੇਫੜੇ ਅਤੇ ਨਾੜੀਆਂ ਦੀ ਸਿਹਤ)।

ਅਧਿਐਨ ਦੌਰਾਨ ਮਾਹਿਰਾਂ ਨੇ ਪਾਇਆ ਕਿ ਹੌਲੀ ਤੁਰਨ ਵਾਲਿਆਂ ਵਿੱਚ ਮਾੜੀ ਸਰੀਰਕ ਸਿਹਤ ਦੇ ਹੋਰ ਸੰਕੇਤ ਵੀ ਸਨ, ਜਿਵੇਂ ਕਿ ਹੱਥਾਂ ਦੀ ਪਕੜ ਦੀ ਤਾਕਤ ਵਿੱਚ ਕਮੀ ਅਤੇ ਕੁਰਸੀ ਤੋਂ ਉੱਠਣ ਵਿੱਚ ਜ਼ਿਆਦਾ ਮੁਸ਼ਕਲ। ਰਾਸਮੁਸੇਨ ਕਹਿੰਦੇ ਹਨ, "ਮੈਨੂੰ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ 45 ਸਾਲ ਦੀ ਉਮਰ ਵਿੱਚ ਲੋਕਾਂ ਦੀ ਤੁਰਨ ਦੀ ਗਤੀ ਅਤੇ ਬਚਪਨ ਤੋਂ ਉਨ੍ਹਾਂ ਦੀਆਂ ਬੋਧਾਤਮਕ ਯੋਗਤਾਵਾਂ ਵਿਚਕਾਰ ਇੱਕ ਸਬੰਧ ਸੀ।" "ਇਹ ਸੁਝਾਅ ਦਿੰਦਾ ਹੈ ਕਿ ਤੁਰਨ ਦੀ ਗਤੀ ਸਿਰਫ ਬੁਢਾਪੇ ਦੀ ਨਿਸ਼ਾਨੀ ਨਹੀਂ ਹੈ, ਸਗੋਂ ਜੀਵਨ ਭਰ ਦਿਮਾਗ ਦੀ ਸਿਹਤ ਬਾਰੇ ਝਾਤ ਮਾਰਨ ਦਾ ਰਸਤਾ ਵੀ ਹੈ।"

ਉਹ ਪਾਠਕ ਜੋ ਆਪਣੇ ਆਪ ਨੂੰ ਹੌਲੀ ਤੁਰਨ ਵਾਲਿਆਂ ਵਜੋਂ ਸ਼੍ਰੇਣੀਬੱਧ ਕਰਦੇ ਹਨ, ਉਨ੍ਹਾਂ ਨੂੰ ਬਹੁਤ ਜ਼ਿਆਦਾ ਨਿਰਾਸ਼ ਹੋਣ ਦੀ ਲੋੜ ਨਹੀਂ ਹੈ। ਕਿਉਂਕਿ ਸਾਡੀ ਤੁਰਨ ਦੀ ਗਤੀ ਨੂੰ ਬਿਹਤਰ ਬਣਾਉਣ ਲਈ ਅਸੀਂ ਬਹੁਤ ਸਾਰੀਆਂ ਚੀਜ਼ਾਂ ਕਰ ਸਕਦੇ ਹਾਂ।

ਡਿਏਲੀ-ਕਨਰਾਈਟ, ਕੈਂਸਰ ਦੇ ਮਰੀਜ਼ਾਂ ਦੀ ਮਦਦ ਕਰਨ ਲਈ ਖੋਜ ਕਰ ਰਹੇ ਹਨ ਅਤੇ ਇਸ ਖੋਜ ਦੇ ਹਿੱਸੇ ਵਜੋਂ ਉਹ ਕਸਰਤ ਦੇ ਨਿਯਮ ਵਿਕਸਤ ਕਰ ਰਹੇ ਹਨ ਤਾਂ ਜੋ ਕੀਮੋਥੈਰੇਪੀ ਤੋਂ ਠੀਕ ਹੋ ਰਹੇ ਲੋਕਾਂ ਨੂੰ ਆਪਣੀ ਤਾਕਤ ਮੁੜ ਪ੍ਰਾਪਤ ਕਰਨ ਵਿੱਚ ਮਦਦ ਮਿਲ ਸਕੇ। ਇਸ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਹਰ ਤਿੰਨ ਤੋਂ ਚਾਰ ਹਫ਼ਤਿਆਂ ਵਿੱਚ ਆਪਣੇ ਤੁਰਨ ਦੀ ਮਿਆਦ ਅਤੇ ਤੀਬਰਤਾ ਨੂੰ ਵਧਾਉਣ।

ਕੁਝ ਸਧਾਰਨ ਚੀਜ਼ਾਂ ਵੀ ਹਨ ਜੋ ਲੋਕ ਕਰ ਸਕਦੇ ਹਨ। ਡਿਏਲੀ-ਕਨਰਾਈਟ ਕਹਿੰਦੇ ਹਨ, "ਨਿਯਮਿਤ ਤੌਰ 'ਤੇ ਤੁਰਨ ਦੇ ਹਰ ਮੌਕੇ ਦਾ ਫਾਇਦਾ ਉਠਾ , ਕਿਉਂਕਿ ਸਰੀਰਕ ਤੌਰ 'ਤੇ ਕਿਰਿਆਸ਼ੀਲ ਰਹਿਣਾ ਬਹੁਤ ਮਹੱਤਵਪੂਰਨ ਹੈ।"

ਉਨ੍ਹਾਂ ਦੇ ਸੁਝਾਵਾਂ ਵਿੱਚ - ਘਰ ਤੋਂ ਦੂਰ ਵਾਹਨ ਪਾਰਕ ਕਰਨਾ, ਦੋਸਤਾਂ ਨੂੰ ਮਿਲਣ ਲਈ ਜਾਂ ਉਨ੍ਹਾਂ ਨਾਲ ਸੈਰ 'ਤੇ ਜਾਣਾ, ਜਾਂ ਆਪਣੇ ਪਾਲਤੂ ਜਾਨਵਰ ਨੂੰ ਸਥਾਨਕ ਪਾਰਕ ਵਿੱਚ ਲੈ ਜਾਣਾ ਸ਼ਾਮਲ ਹੈ। ਉਹ ਕਹਿੰਦੇ ਹਨ, "ਸੈਰ ਕਰਨ ਲਈ ਸਮਾਂ ਕੱਢਣਾ ਜਾਂ ਬ੍ਰੇਕ ਲੈਣਾ ਮਹੱਤਵਪੂਰਨ ਹੈ, ਖਾਸ ਕਰਕੇ ਉਨ੍ਹਾਂ ਲੋਕਾਂ ਲਈ ਜੋ ਜ਼ਿਆਦਾਤਰ ਬੈਠਣ ਵਾਲੀਆਂ ਨੌਕਰੀਆਂ ਕਰਦੇ ਹਨ।" ਭਾਵੇਂ ਇਹ ਪੰਜ ਮਿੰਟ ਦਾ ਬਾਥਰੂਮ ਬ੍ਰੇਕ ਹੋਵੇ ਜਾਂ ਆਲੇ-ਦੁਆਲੇ ਪੰਜ ਮਿੰਟ ਦੀ ਤੇਜ਼ ਸੈਰ ਹੋਵੇ, ਬੈਠੇ ਰਹਿਣ ਦੇ ਉਸ ਸਿਲਸਿਲੇ ਨੂੰ ਤੋੜਨਾ ਬਹੁਤ ਜ਼ਰੂਰੀ ਹੈ।

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545


## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

## AAA

AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ

510-755-2132

593 Industrial PKWY West
Hayward, CA 94544

ਤੁਸੀਂ ਆਪਣੇ ਬਿਜਨਸ ਦਾ ਪ੍ਰਚਾਰ ਕਰਨ ਲਈ ਸਾਨੂੰ ਇਸ਼ਤਿਹਾਰ ਭੇਜ ਸਕਦੇ ਹੋ।

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

# ਅਮਰੀਕਾ ਵਿੱਚ ਦੇਸ਼ ਨਿਕਾਲੇ ਦੇ ਡਰ ਤੋਂ ਖੇਤਾਂ 'ਚ ਲੁਕ ਰਹੇ ਮਜ਼ਦੂਰ

ਕੁਝ ਔਰਤਾਂ ਫਲਾਂ ਦੀਆਂ ਝਾੜੀਆਂ ਦੀਆਂ ਲੰਬੀਆਂ ਕਤਾਰਾਂ ਵਿਚਕਾਰ ਲੁਕ ਕੇ ਬੇਚੈਨ ਬੈਠੀਆਂ ਹਨ। ਟੋਪੀ ਅਤੇ ਜਾਮਨੀ ਰੰਗ ਦੇ ਰੁਮਾਲ ਨਾਲ ਮੂੰਹ ਬੰਨ੍ਹ ਕੇ ਬੈਠੀ ਇੱਕ ਖੇਤ ਮਜ਼ਦੂਰ ਔਰਤ ਨੇ ਸਾਨੂੰ ਡਰਦੇ ਹੋਏ ਪੁੱਛਿਆ "ਕੀ ਤੁਸੀਂ ਆਈਸੀਈ ਤੋਂ ਹੋ?" ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸੀਈ) ਪਿਛਲੇ ਹਫ਼ਤੇ ਤੋਂ ਨੇੜਲੇ ਖੇਤਾਂ ਵਿੱਚ ਛਾਪੇ ਮਾਰ ਰਿਹਾ ਹੈ ਅਤੇ ਕਾਮਿਆਂ ਨੂੰ ਗ੍ਰਿਫ਼ਤਾਰ ਕਰ ਰਿਹਾ ਹੈ। ਅਸੀਂ ਇਨ੍ਹਾਂ ਕਾਮਿਆਂ ਨੂੰ ਭਰੋਸਾ ਦਿਵਾਇਆ ਕਿ ਅਸੀਂ ਆਈਸੀਈ ਦੇ ਸਾਥੀ ਨਹੀਂ ਹਾਂ। ਇਸ ਤੋਂ ਬਾਅਦ ਉਹ ਆਪਣੀ ਪਿੱਠ ਸਿੱਧੀ ਕਰਦੇ ਹੋਏ ਉੱਠ ਖੜ੍ਹੇ ਹੋਏ। ਉਹ ਪੁੱਛਦੀ ਹੈ, "ਕੀ ਤੁਸੀਂ ਕੋਈ ਆਈਸੀਈ ਵੈਨ ਦੇਖੀ ਹੈ? ਕੀ ਉੱਥੇ ਗਸ਼ਤ ਕਰਦੀਆਂ ਕਾਰਾਂ ਹਨ?" ਉਹ ਅਜੇ ਵੀ ਸਾਡੇ 'ਤੇ ਭਰੋਸਾ ਕਰਨ ਲਈ ਤਿਆਰ ਨਹੀਂ ਹਨ। ਇਹ ਔਰਤ ਮੈਕਸੀਕੋ ਤੋਂ ਬਿਨਾਂ ਕਿਸੇ ਦਸਤਾਵੇਜ਼ਾਂ ਤੋਂ ਅਮਰੀਕਾ ਆਈ ਹੈ ਅਤੇ ਦੋ ਸਾਲ ਪਹਿਲਾਂ ਅਮਰੀਕਾ ਆਉਣ ਤੋਂ ਬਾਅਦ ਉਹ ਕੈਲੀਫੋਰਨੀਆ ਦੇ ਔਕਸਨਾਰਡ ਵਿੱਚ ਬੇਰੀਆ ਤੋੜਨ ਦਾ ਕੰਮ ਕਰ ਰਹੀ ਹੈ। ਇਹ ਇੱਕ ਅਜਿਹਾ ਸ਼ਹਿਰ ਹੈ ਜੋ "ਦੁਨੀਆ ਦੀ ਸਟ੍ਰਾਬੇਰੀ ਰਾਜਧਾਨੀ" ਹੋਣ ਦਾ ਦਾਅਵਾ ਕਰਦਾ ਹੈ। ਜਦੋਂ ਬੁੱਧਵਾਰ ਨੂੰ ਉਨ੍ਹਾਂ ਦੇ ਕੰਮ ਦੀ ਸ਼ਿਫਟ ਖਤਮ ਹੋਈ ਤਾਂ ਉਹ ਔਰਤ ਅਤੇ ਉਹਨਾਂ ਦੇ ਸਾਥੀ ਖੇਤਾਂ ਵਿੱਚ ਲੁਕ ਗਏ। ਉਹ ਉਥੇ ਆਪਣੇ ਇੱਕ ਦੋਸਤ ਦੀ ਉਡੀਕ ਕਰ ਰਹੇ ਸਨ, ਜਿਸ ਨੇ ਉਨ੍ਹਾਂ ਨੂੰ ਉਥੋਂ ਚੁੱਕਣਾ ਸੀ। ਉਨ੍ਹਾਂ ਲਈ ਇਹ ਯਕੀਨੀ ਨਹੀਂ ਸੀ ਕਿ ਪਾਰਕਿੰਗ ਵਿੱਚ ਜਾਣਾ ਸੁਰੱਖਿਅਤ ਹੈ ਜਾਂ ਨਹੀਂ। ਸਥਾਨਕ ਕਾਰਕੁਨਾਂ ਦਾ ਕਹਿਣਾ ਹੈ ਕਿ ਪਿਛਲੇ ਦਿਨ ਆਈਸੀਈ ਏਜੰਟਾਂ ਨੇ ਆਕਸਨਾਰਡ ਖੇਤਰ ਵਿੱਚ ਨੌਂ ਫਾਰਮਾਂ ਦਾ ਦੌਰਾ ਕੀਤਾ ਸੀ ਪਰ ਬਿਨਾਂ ਸਰਚ ਵਾਰੰਟ ਦੇ ਉਨ੍ਹਾਂ ਨੂੰ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਇਸ ਦੇ ਉਲਟ ਉਨ੍ਹਾਂ ਨੇ ਨੇੜਲੀਆਂ ਗਲੀਆਂ ਤੋਂ ਲੋਕਾਂ ਨੂੰ ਚੁੱਕਿਆ ਅਤੇ 35 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ।

**ਡਰ ਹੈ ਕਿ ਉਹ ਸਾਨੂੰ ਫੜ ਲੈਣਗੇ**

ਇਹ ਛਾਪੇਮਾਰੀ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਪ੍ਰਤੀ ਦਿਨ 3,000 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਟੀਚੇ ਦਾ ਹਿੱਸਾ ਹੈ। ਚੋਣ ਪ੍ਰਚਾਰ ਦੌਰਾਨ ਉਹਨਾਂ ਨੇ ਹਿੰਸਕ ਅਪਰਾਧਾਂ ਦੇ ਦੋਸ਼ੀ ਗੈਰ-ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਸਹੁੰ ਖਾਧੀ ਸੀ। ਇਸ ਵਾਅਦੇ ਨੂੰ ਵਿਆਪਕ ਸਮਰਥਨ ਪ੍ਰਾਪਤ ਹੋਇਆ, ਇੱਥੋਂ ਤੱਕ ਕਿ ਕੁਝ ਹਿਸਪੈਨਿਕਾਂ ਵੱਲੋਂ ਵੀ ਸਮਰਥਨ ਦਿੱਤਾ ਗਿਆ। ਪਰ ਲਾਸ ਏਂਜਲਸ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਇਸ ਸਬੰਧੀ ਸੜਕਾਂ 'ਤੇ ਵਿਰੋਧ ਪ੍ਰਦਰਸ਼ਨ ਹੋਏ, ਜੋ ਕਈ ਵਾਰ ਹਿੰਸਕ ਵੀ ਹੋ ਗਏ। ਇਸ ਨਾਲ ਨਜਿੱਠਣ ਲਈ ਉਨ੍ਹਾਂ ਨੂੰ ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਵਿੱਚ ਵਿਵਾਦਿਤ ਰੂਪ ਨਾਲ ਫੌਜ ਭੇਜਣੀ ਪਈ।

ਇੱਕ ਔਰਤ ਨੇ ਦੱਸਿਆ, "ਉਹ ਸਾਡੇ ਨਾਲ ਅਪਰਾਧੀਆਂ ਵਾਂਗ ਵਿਵਹਾਰ ਕਰਦੇ ਹਨ ਪਰ ਅਸੀਂ ਇੱਥੇ ਸਿਰਫ਼ ਕੰਮ ਕਰਨ ਅਤੇ ਬਿਹਤਰ ਜ਼ਿੰਦਗੀ ਜਿਉਣ ਲਈ ਆਏ ਸੀ।" ਇਸ ਔਰਤ ਨੇ ਦੋ ਸਾਲ ਪਹਿਲਾਂ ਆਪਣੇ ਬੱਚਿਆਂ ਨੂੰ ਮੈਕਸੀਕੋ ਛੱਡ ਦਿੱਤਾ ਸੀ ਅਤੇ ਹੁਣ ਉਹ ਅਗਲੇ ਸਾਲ ਉਨ੍ਹਾਂ ਕੋਲ ਵਾਪਸ ਆਉਣ ਦੀ ਉਮੀਦ ਕਰ ਰਹੀ ਹੈ। "ਅਸੀਂ ਹੁਣ ਘਰੋਂ ਬਾਹਰ ਨਹੀਂ ਜਾਣਾ ਚਾਹੁੰਦੇ। ਅਸੀਂ ਦੁਕਾਨ 'ਤੇ ਨਹੀਂ ਜਾਣਾ ਚਾਹੁੰਦੇ। ਸਾਨੂੰ ਡਰ ਹੈ ਕਿ ਉਹ ਸਾਨੂੰ ਫੜ੍ਹ ਲੈਣਗੇ।"

**ਖੇਤੀਬਾੜੀ ਖੇਤਰ ਵਿੱਚ ਗੈਰ-ਕਾਨੂੰਨੀ ਪਰਵਾਸੀਆਂ ਦਾ ਪ੍ਰਭਾਵ**

ਕੈਲੀਫੋਰਨੀਆ ਦੇ ਸੈਂਟਰਲ ਕੋਸਟ ਖੇਤਰ ਦੇ ਇੱਕ ਕਮਿਊਨਿਟੀ ਸੰਗਠਨ ਲੂਕਾਸ ਜ਼ੁਕਰ ਦਾ ਕਹਿਣਾ ਹੈ ਕਿ ਕੈਲੀਫੋਰਨੀਆ ਦੇ ਖੇਤੀਬਾੜੀ ਪ੍ਰਧਾਨ ਖੇਤਰ ਵਿੱਚ ਪਿਛਲੇ 15 ਸਾਲਾਂ ਵਿੱਚ ਕੰਮ ਵਾਲੀਆਂ ਥਾਵਾਂ 'ਤੇ ਵੱਡੇ ਪੱਧਰ 'ਤੇ ਛਾਪੇਮਾਰੀ ਨਹੀਂ ਦੇਖੀ ਗਈ ਹੈ। ਪਰ ਪਿਛਲੇ ਹਫ਼ਤੇ ਅਜਿਹਾ ਲੱਗਦਾ ਹੈ ਕਿ ਇਸ ਵਿੱਚ ਬਦਲਾਅ ਆਇਆ ਹੈ। ਉਹ ਕਹਿੰਦੇ ਹਨ, "ਉਹ ਔਕਸਨਾਰਡ ਵਰਗੇ ਗੈਰ ਕਾਨੂੰਨੀ ਪ੍ਰਵਾਸੀ ਭਾਈਚਾਰਿਆਂ ਵਿੱਚ ਅੰਨ੍ਹੇਵਾਹ ਘੁਸਪੈਠ ਕਰ ਰਹੇ ਹਨ ਅਤੇ ਆਪਣੇ ਰਾਜਨੀਤਿਕ ਤੌਰ ਤੋਂ ਪ੍ਰੇਰਿਤ ਕੋਟੇ ਨੂੰ ਪੂਰਾ ਕਰਨ ਲਈ ਕਿਸੇ ਵੀ ਵਿਅਕਤੀ ਦੀ ਭਾਲ ਕਰ ਰਹੇ ਹਨ।"



ਅਮਰੀਕੀ ਖੇਤੀਬਾੜੀ ਵਿਭਾਗ ਦੀ 2022 ਦੀ ਰਿਪੋਰਟ ਦੇ ਅਨੁਸਾਰ 40% ਤੋਂ ਵੱਧ ਅਮਰੀਕੀ ਖੇਤ ਮਜ਼ਦੂਰ ਬਿਨ੍ਹਾਂ ਦਸਤਾਵੇਜ਼ਾਂ ਵਾਲੇ ਗੈਰ ਕਾਨੂੰਨੀ ਪ੍ਰਵਾਸੀ ਹਨ। ਕੈਲੀਫੋਰਨੀਆ ਯੂਨੀਵਰਸਿਟੀ, ਮਰਸਡ ਦੇ ਅਨੁਸਾਰ ਕੈਲੀਫੋਰਨੀਆ ਵਿੱਚ 75% ਤੋਂ ਵੱਧ ਲੋਕ ਬਿਨਾਂ ਦਸਤਾਵੇਜ਼ਾਂ ਦੇ ਹਨ। ਇਸ ਮਹੀਨੇ ਕੈਲੀਫੋਰਨੀਆ ਅਤੇ ਦੇਸ਼ ਭਰ ਵਿੱਚ ਖੇਤੀਬਾੜੀ ਉਦਯੋਗ 'ਤੇ ਨਿਰਭਰ ਖੇਤਾਂ ਅਤੇ ਕਾਰੋਬਾਰਾਂ 'ਤੇ ਛਾਪੇਮਾਰੀ ਵਧੀ ਹੈ। ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਇਹ ਖਦਸ਼ਾ ਵੱਧ ਗਿਆ ਕਿ ਜੇਕਰ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਜਾਂ ਕੰਮ 'ਤੇ ਆਉਣ ਦੇ ਡਰੋਂ ਉਨ੍ਹਾਂ ਨੂੰ ਲੁਕਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਅਮਰੀਕਾ ਵਿੱਚ ਭੋਜਨ ਸਪਲਾਈ ਵਿੱਚ ਕਮੀ ਆ ਸਕਦੀ ਹੈ।

ਵ੍ਹਾਈਟ ਹਾਊਸ 'ਤੇ ਵੀ ਇਸਦਾ ਅਸਰ ਦਿਖਾਈ ਦੇ ਰਿਹਾ ਹੈ। ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦਾ ਵਾਅਦਾ ਕਰਨ ਤੋਂ ਬਾਅਦ ਚੋਣ ਜਿੱਤਣ ਦੇ ਬਾਵਜੂਦ ਟਰੰਪ ਨੇ ਵੀਰਵਾਰ ਨੂੰ ਸਵੀਕਾਰ ਕੀਤਾ ਕਿ ਉਨ੍ਹਾਂ ਦੀ ਸਖ਼ਤੀ ਖੇਤੀਬਾੜੀ ਸੈਕਟਰ 'ਤੇ ਮੁਸ਼ਕਲਾਂ ਦਾ ਕਾਰਨ ਬਣ ਰਹੀ ਹੈ।

"ਸਾਡੇ ਕਿਸਾਨਾਂ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਤੁਸੀਂ ਜਾਣਦੇ ਹੋ, ਉਨ੍ਹਾਂ ਕੋਲ ਬਹੁਤ ਵਧੀਆ ਕਰਮਚਾਰੀ ਹਨ। ਉਨ੍ਹਾਂ ਨੇ 20 ਸਾਲਾਂ ਤੋਂ ਉਨ੍ਹਾਂ ਲਈ ਕੰਮ ਕੀਤਾ ਹੈ। ਉਹ ਨਾਗਰਿਕ ਨਹੀਂ ਹਨ ਪਰ ਉਹਨਾਂ ਨੇ ਆਪਣੇ ਆਪ ਨੂੰ ਮਹਾਨ ਸਾਬਤ ਕੀਤਾ ਹੈ।" ਅਪ੍ਰੈਲ ਵਿੱਚ, ਉਹਨਾਂ ਨੇ ਕਿਹਾ ਸੀ ਕਿ ਕੁਝ ਪ੍ਰਵਾਸੀਆਂ ਨੂੰ ਅਮਰੀਕਾ ਵਿੱਚ ਕੰਮ ਕਰਨਾ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਬਸ਼ਰਤੇ ਉਨ੍ਹਾਂ ਕੋਲ ਆਪਣੇ ਮਾਲਕ ਤੋਂ ਰਸਮੀ ਸਿਫਾਰਸ਼ ਹੋਵੇ ਅਤੇ ਉਹ ਪਹਿਲਾਂ ਅਮਰੀਕਾ ਛੱਡ ਦੇਣ।

**ਕਾਰੋਬਾਰਾਂ 'ਤੇ ਪੈ ਰਿਹਾ ਪ੍ਰਭਾਵ**

ਮੰਗਲਵਾਰ ਨੂੰ ਲਾਸ ਏਂਜਲਸ ਦੇ ਡਾਊਨਟਾਊਨ ਤੋਂ 60 ਮੀਲ (100 ਕਿਲੋਮੀਟਰ) ਪੂਰਬ ਵਿੱਚ ਔਕਸਨਾਰਡ ਨਗਰ ਪਾਲਿਕਾ ਵਿੱਚ ਇੱਕ ਛਾਪੇਮਾਰੀ ਦਾ ਨਤੀਜਾ ਇੱਕ ਸਥਾਨਕ ਫੁੱਲ ਵਪਾਰੀ ਦੁਆਰਾ ਇੰਸਟਾਗ੍ਰਾਮ 'ਤੇ ਪੋਸਟ ਕੀਤੀ ਗਈ ਇੱਕ ਵੀਡੀ ਵਿੱਚ ਦੇਖਿਆ ਜਾ ਸਕਦਾ ਹੈ। ਇਸ ਛੋਟੀ ਜਿਹੀ ਕਲਿੱਪ ਵਿੱਚ ਇੱਕ ਆਦਮੀ ਨੂੰ ਭਾਰੀ ਧੁੰਦ ਦੇ ਵਿਚਕਾਰ ਫਸਲਾਂ ਦੇ ਇੱਕ ਵਿਸ਼ਾਲ ਖੇਤ ਵਿੱਚੋਂ ਭੱਜਦੇ ਹੋਏ ਦਿਖਾਇਆ ਗਿਆ ਹੈ, ਜਦੋਂਕਿ ਏਜੰਟ ਪੈਦਲ ਅਤੇ ਟਰੱਕਾਂ ਵਿੱਚ ਉਸਦਾ ਪਿੱਛਾ ਕਰ ਰਹੇ ਹਨ। ਫਿਰ ਉਸ ਨੂੰ ਪੌਦਿਆਂ ਦੀਆਂ ਕਤਾਰਾਂ ਵਿਚਕਾਰ ਜ਼ਮੀਨ 'ਤੇ ਡਿੱਗਦਾ ਦੇਖਿਆ ਜਾ ਸਕਦਾ ਹੈ, ਜਦੋਂਕਿ ਏਜੰਟ ਉਸਨੂੰ ਗ੍ਰਿਫ਼ਤਾਰ ਕਰਨ ਲਈ ਅੱਗੇ ਵੱਧ ਰਹੇ ਹਨ।

ਪੱਤਰਕਾਰਾਂ ਨੇ ਦੇਖਿਆ ਕਿ ਇੱਕ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ (ਸੀਬੀਪੀ) ਦਾ ਟਰੱਕ ਇੱਕ ਜੈਵਿਕ ਉਤਪਾਦਾਂ ਦੀ ਟਰੱਕਿੰਗ ਕੰਪਨੀ ਦੇ ਬਾਹਰ ਖੜ੍ਹਾ ਸੀ। ਇੱਕ ਸੁਰੱਖਿਆ ਗਾਰਡ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਦੌਰਾ ਇਮੀਗ੍ਰੇਸ਼ਨ ਨਾਲ ਸਬੰਧਤ ਨਹੀਂ ਸੀ, ਉਹਨਾਂ ਨੇ ਕਿਹਾ, "ਇਹ ਆਈਸੀਈ ਨਹੀਂ ਹੈ। ਅਸੀਂ ਆਈਸੀਈ ਨੂੰ ਕਦੇ ਵੀ ਇੱਥੇ ਨਹੀਂ ਆਉਣ ਦੇਵਾਂਗੇ।" ਕਈ ਟਰੈਕਟਰ ਅਤੇ ਟਰੱਕ ਕਈ ਏਕੜ ਖੇਤ ਦੇ ਆਲੇ-ਦੁਆਲੇ ਬੇਕਾਰ ਪਏ ਸਨ, ਕਿਉਂਕਿ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਨੇ ਘਰ ਰਹਿਣ ਦਾ ਫੈਸਲਾ ਕਰ ਲਿਆ ਸੀ। ਇਸਦਾ ਪ੍ਰਭਾਵ ਹੋਰ ਕਾਰੋਬਾਰਾਂ 'ਤੇ ਵੀ ਪੈ ਰਿਹਾ ਹੈ। ਆਪਣੇ ਪਰਿਵਾਰ ਦੇ ਮੈਕਸੀਕਨ ਰੈਸਟੋਰੈਂਟ ਤੋਂ ਰਾਕੇਲ ਪੇਰੇਜ਼ ਨੇ ਨਕਾਬਪੋਸ਼ ਸੀ।ਬੀ।ਪੀ। ਏਜੰਟਾਂ ਨੂੰ ਸੜਕ ਤੋਂ ਉਸ ਪਾਰ ਸਥਿਤ ਬੋਸਕੋਵਿਚ ਫਾਰਮਜ਼ ਨਾਮ ਦੀ ਸਬਜ਼ੀ ਅਤੇ ਜੜੀ ਬੂਟੀ ਦੀ ਪੈਕਿੰਗ ਕਰਨ ਵਾਲੀ ਥਾਂ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਦੇਖਿਆ। ਇਸ ਦਾ ਅਸਰ ਉਹਨਾਂ ਦੇ ਕਾਰੋਬਾਰ ਉਪਰ ਪਿਆ। ਹੁਣ ਕਾਸਾ ਗ੍ਰਾਂਡੇ ਕੈਫੇ ਵਿੱਚ ਆਮ ਤੌਰ 'ਤੇ ਦੁਪਹਿਰ ਦੇ ਖਾਣੇ ਦੇ ਸਮੇਂ ਸਿਰਫ਼ ਇੱਕ ਗਾਹਕ ਆ ਰਿਹਾ ਹੈ ਕਿਉਂਕਿ ਖੇਤ ਮਜ਼ਦੂਰ ਘਰ ਰਹਿ ਰਹੇ ਹਨ। ਉਹਨਾਂ ਦਾ ਅੰਦਾਜ਼ਾ ਹੈ ਕਿ ਉਸਦੇ ਆਮ ਗਾਹਕਾਂ ਵਿੱਚੋਂ ਘੱਟੋ-ਘੱਟ ਅੱਧੇ ਗੈਰ-ਦਸਤਾਵੇਜ਼ੀ ਹਨ। ਉਹਨਾਂ ਦੀ ਮਾਂ ਪੌਲਾ ਪੇਰੇਜ਼ ਨੇ ਕਿਹਾ, "ਅੱਜ ਕੋਈ ਨਹੀਂ ਆਇਆ, ਅਸੀਂ ਸਾਰੇ ਪਰੇਸ਼ਾਨ ਹਾਂ।"

**ਕਾਨੂੰਨੀ ਤੌਰ 'ਤੇ ਰਹਿਣ ਦੇ ਬਹੁਤੇ ਰਸਤੇ ਨਹੀਂ ਬਚੇ**

ਰਾਕੇਲ ਕਹਿੰਦੇ ਹਨ ਕਿ ਉਹ ਹੁਣ ਰੈਸਟੋਰੈਂਟ ਦੇ ਭਵਿੱਖ ਬਾਰੇ ਜ਼ਿਆਦਾ ਚਿੰਤਤ ਹੈ, ਜਿੱਥੇ ਚਿਲਾਕਿਲੇਸ, ਫਲਾਨ ਅਤੇ ਹੋਰ ਮੈਕਸੀਕਨ ਪਕਵਾਨ ਪਰੋਸੇ ਜਾਂਦੇ ਹਨ। ਜਦਕਿ ਕੋਵਿਡ ਦੌਰਾਨ ਉਹ ਚਿੰਤਤ ਨਹੀਂ ਸਨ, ਜਦੋਂ ਉਹਨਾਂ ਦੇ ਗਾਹਕ ਆਮ ਵਾਂਗ ਕਾਰੋਬਾਰ ਜਾਰੀ ਰੱਖਦੇ ਸਨ ਅਤੇ ਦੇਸ਼ ਨੂੰ ਤਾਜ਼ੇ ਭੋਜਨ ਦੀ ਸਪਲਾਈ ਦਿੱਤੀ ਜਾਂਦੀ ਸੀ।

ਛਾਪੇਮਾਰੀ ਬਾਰੇ ਉਹ ਕਹਿੰਦੇ ਹਨ, "ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ ਕਿ ਇਸਦਾ ਪ੍ਰਭਾਵ ਕਿੰਨਾ ਮਾੜਾ ਹੋਣ ਵਾਲਾ ਹੈ।" ਉਨ੍ਹਾਂ ਦੇ ਆਲੇ-ਦੁਆਲੇ ਦੀਆਂ ਹੋਰ ਕੰਪਨੀਆਂ ਜੋ ਖੇਤੀਬਾੜੀ 'ਤੇ ਨਿਰਭਰ ਹਨ, ਪਹਿਲਾਂ ਹੀ ਪ੍ਰਭਾਵਿਤ ਹੋ ਚੁੱਕੀਆਂ ਹਨ। ਇੱਕ ਨੇੜਲਾ ਕਾਰੋਬਾਰ ਜੋ ਲੱਕੜ ਦੇ ਪੈਲੇਟ ਖਰੀਦਦਾ ਅਤੇ ਵੇਚਦਾ ਹੈ, ਉਹ ਬੰਦ ਹੋ ਗਿਆ ਹੈ ਅਤੇ ਇੱਕ ਸਥਾਨਕ ਕਾਰ ਮਕੈਨਿਕ ਵੀ ਬੰਦ ਹੈ। "ਜੇਕਰ ਸਟ੍ਰਾਬੇਰੀ ਜਾਂ ਸਬਜ਼ੀਆਂ ਨਹੀਂ ਤੋੜੀਆਂ ਜਾਂਦੀਆਂ ਤਾਂ ਇਸਦਾ ਮਤਲਬ ਹੈ ਕਿ ਪੈਕਿੰਗ ਹਾਊਸ ਵਿੱਚ ਕੁਝ ਵੀ ਨਹੀਂ ਆਵੇਗਾ। ਇਸਦਾ ਮਤਲਬ ਹੈ ਕਿ ਸਮਾਨ ਲਿਜਾਣ ਲਈ ਕੋਈ ਟਰੱਕ ਨਹੀਂ ਹੋਣਗੇ।"

ਸੜਕ ਕਿਨਾਰੇ ਆਪਣੇ ਟਰੱਕ ਉੱਤੇ ਸਟ੍ਰਾਬੇਰੀ ਵੇਚ ਰਹੇ ਇੱਕ ਪ੍ਰਵਾਸੀ ਦਾ ਕਹਿਣਾ ਹੈ ਕਿ ਉਹਨਾਂ ਦੇ ਕਾਰੋਬਾਰ ਅਤੇ ਸੰਯੁਕਤ ਰਾਜ ਅਮਰੀਕਾ ਦਾ ਕਾਨੂੰਨੀ ਨਿਵਾਸੀ ਬਣਨ ਦੀਆਂ ਉਮੀਦਾਂ ਦੋਵਾਂ 'ਤੇ ਛਾਪਿਆਂ ਦਾ ਪਹਿਲਾਂ ਹੀ ਵਿਨਾਸ਼ਕਾਰੀ ਪ੍ਰਭਾਵ ਪਿਆ ਹੈ। ਆਸਕਰ ਕਹਿੰਦੇ ਹਨ, "ਘੱਟ ਲੋਕ ਯਾਤਰਾ ਕਰ ਰਹੇ ਹਨ ਅਤੇ ਉਹ ਮੇਰੇ ਤੋਂ ਘੱਟ ਖਰੀਦਦਾਰੀ ਕਰਦੇ ਹਨ।"

ਆਸਕਰ ਮੈਕਸੀਕੋ ਦੇ ਤਲਾਕਸਕਾਲਾ ਸੂਬੇ ਤੋਂ ਆਉਂਦੇ ਹਨ ਅਤੇ ਭਾਵੇਂ ਉਹ ਬਿਨਾਂ ਦਸਤਾਵੇਜ਼ਾਂ ਦੇ ਹੈ ਪਰ ਉਹਨਾਂ ਦੇ ਬੱਚੇ ਸੰਯੁਕਤ ਰਾਜ ਵਿੱਚ ਪੈਦਾ ਹੋਏ ਸਨ। ਉਹ ਕਹਿੰਦੇ ਹਨ, "ਮੈਨੂੰ ਡਰ ਲੱਗਦਾ ਹੈ, ਪਰ ਮੈਂ ਕੰਮ 'ਤੇ ਜਾਣਾ ਨਹੀਂ ਰੋਕ ਸਕਦਾ। ਮੈਂ ਆਪਣੇ ਪਰਿਵਾਰ ਦਾ ਪੇਟ ਭਰਨਾ ਹੈ।" ਆਸਕਰ ਦਾ ਕਹਿਣਾ ਹੈ ਕਿ ਉਹ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਅੰਤਿਮ ਰੂਪ ਦੇਣ ਲਈ ਕੰਮ ਕਰ ਰਹੇ ਹਨ ਪਰ ਹੁਣ ਆਈਸੀਈ ਏਜੰਟ ਕਾਗਜ਼ੀ ਕਾਰਵਾਈ ਦਾਇਰ ਕਰਨ ਵਾਲੇ ਪ੍ਰਵਾਸੀਆਂ ਦੀ ਅਦਾਲਤਾਂ ਦੇ ਬਾਹਰ ਉਡੀਕ ਕਰ ਰਹੇ ਹਨ ਇਸ ਲਈ ਉਹਨਾਂ ਨੂੰ ਯਕੀਨ ਨਹੀਂ ਹੈ ਕਿ ਅੱਗੇ ਕੀ ਕਰਨਾ ਹੈ।

# ਆਖਰ ਅਹਿਮਦਾਬਾਦ 'ਚ ਏਅਰ ਇੰਡੀਆ ਦੀ ਉਡਾਣ ਹਾਦਸਾਗ੍ਰਸਤ ਕਿਉਂ ਹੋਈ

ਅਹਿਮਦਾਬਾਦ ਤੋਂ ਲੰਡਨ ਜਾ ਰਹੀ ਏਅਰ ਇੰਡੀਆ ਦੀ ਉਡਾਣ ਏਆਈ 171 ਟੇਕ ਆਫ ਹੋਣ ਤੋਂ ਕੁਝ ਸਕਿੰਟਾਂ 'ਚ ਹੀ ਹਾਦਸਾਗ੍ਰਸਤ ਹੋ ਗਈ। ਜਹਾਜ਼ 'ਚ ਯਾਤਰੀਆਂ ਤੇ ਚਾਲਕ ਦਲ ਨੂੰ ਮਿਲਾ ਕੇ ਕੁੱਲ 242 ਲੋਕ ਸਵਾਰ ਸਨ, ਜਿਨ੍ਹਾਂ 'ਚੋਂ ਸਿਰਫ਼ ਇਕ ਹੀ ਯਾਤਰੀ ਬਚ ਸਕਿਆ। ਜਹਾਜ਼ ਦੇ ਰਿਹਾਇਸ਼ੀ ਇਲਾਕੇ 'ਚ ਡਿੱਗਣ ਕਾਰਨ ਕਈ ਹੋਰ ਲੋਕ ਉਸ ਦੀ ਲਪੇਟ 'ਚ ਆ ਗਏ। ਇਹ ਸਭ ਤੋਂ ਖ਼ਤਰਨਾਕ ਜਹਾਜ਼ ਹਾਦਸਿਆਂ 'ਚੋਂ ਇਕ ਹੈ।

ਕਿਉਂਕਿ ਮਰਨ ਵਾਲਿਆਂ 'ਚ ਭਾਰਤ ਤੋਂ ਇਲਾਵਾ, ਬ੍ਰਿਟਿਸ਼, ਪੁਰਤਗਾਲੀ ਤੇ ਕੈਨੇਡੀਅਨ ਨਾਗਰਿਕ ਵੀ ਸ਼ਾਮਲ ਹਨ, ਇਸ ਲਈ ਜਾਂਚ-ਪੜਤਾਲ ਦਾ ਘੇਰਾ ਵੱਡਾ ਹੋਣ ਵਾਲਾ ਹੈ। ਯੂਨਾਈਟਿਡ ਕਿੰਗਡਮ ਸਿਵਿਲ ਏਵੀਏਸ਼ਨ ਅਥਾਰਟੀ, ਫੈਡਰਲ ਏਵੀਏਸ਼ਨ, ਐਡਮਿਨੀਸਟ੍ਰੇਸ਼ਨ, ਯੂਰਪੀਅਨ ਏਵੀਏਸ਼ਨ ਸੇਫਟੀ ਏਜੰਸੀ, ਟਰਾਂਸਪੋਰਟ ਕੈਨੇਡਾ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਭਾਵ ਐੱਨਟੀਐੱਸਬੀ ਵਰਗੀਆਂ ਏਜੰਸੀਆਂ ਇਸ ਹਾਦਸੇ ਦੀ ਜਾਂਚ 'ਚ ਸਰਗਰਮ ਦਿਖਾਈ ਦੇਣਗੀਆਂ। ਜਹਾਜ਼ ਨਿਰਮਾਤਾ ਬੋਇੰਗ, ਡੀਜੀਸੀਏ ਤੇ ਏਵੀਏਸ਼ਨ ਇਨਵੈਸਟੀਗੇਸ਼ਨ ਬਿਊਰੋ ਦੀ ਵੀ ਇਸ 'ਚ ਭੂਮਿਕਾ ਰਹੇਗੀ। ਕਿਉਂਕਿ ਇਹ ਬੋਇੰਗ ਦਾ ਜਹਾਜ਼ 787-8 ਡਰੀਮਲਾਈਨਰ ਲੜੀ ਦਾ ਪਹਿਲਾ ਅਜਿਹਾ ਜਹਾਜ਼ ਹੈ, ਜੋ ਹਵਾ 'ਚ ਹਾਦਸੇ ਦਾ ਸ਼ਿਕਾਰ ਹੋਇਆ, ਇਸ ਲਈ ਉਸ ਦੀ ਜਾਂਚ ਦੇ ਸਿੱਟੇ 'ਤੇ ਵੀ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਰਹਿਣਗੀਆਂ।

ਸਰਕਾਰੀ ਮਾਲਕੀ ਤੋਂ ਹੁਣ ਟਾਟਾ ਸਮੂਹ ਦੇ ਕੰਟਰੋਲ 'ਚ ਆਉਣ ਤੋਂ ਬਾਅਦ ਏਅਰ ਇੰਡੀਆ ਦੇ ਕਿਸੇ ਜਹਾਜ਼ ਦੇ ਨਾਲ ਪਹਿਲੀ ਵਾਰ ਅਜਿਹਾ ਹਾਦਸਾ ਹੋਇਆ ਹੈ। ਲਗਾਤਾਰ ਘਾਟਾ ਉਠਾਉਣ, ਸੇਵਾ, ਗੁਣਵੱਤਾ ਅਤੇ ਮਾਪਦੰਡਾਂ ਦੇ ਨਾਲ ਸਮਝੌਤੇ ਤੇ ਮੁਲਾਜ਼ਮ ਸੰਘਾਂ ਦੇ ਖ਼ਰਾਬ ਵਤੀਰੇ ਦੇ ਕਾਰਨ ਲੋਕ ਸਰਕਾਰ ਤੋਂ ਨਿਰੰਤਰ ਸਵਾਲ ਕਰਦੇ ਆ ਰਹੇ ਸਨ ਕਿ ਉਹ ਇਸ ਦਾ ਭਾਰ ਕਿਉਂ ਚੁੱਕ ਰਹੀ ਹੈ। ਇਸ ਸਭ ਦੇ ਬਾਵਜੂਦ ਤੱਥ ਇਹ ਹੈ ਕਿ ਸਰਕਾਰੀ ਮਾਲਕੀ ਦੌਰਾਨ ਏਅਰ ਇੰਡੀਆ ਕਿਸੇ ਹਾਦਸੇ ਦਾ ਸ਼ਿਕਾਰ ਨਹੀਂ ਹੋਈ, ਸਿਵਾਏ ਤਦ ਦੇ, ਜਦ ਜੂਨ 1985 'ਚ ਉਸ ਦਾ ਜਹਾਜ਼-ਕਨਿਸ਼ਕ ਵਿਸ਼ਵ ਪੱਧਰੀ ਅੱਤਵਾਦ ਦਾ ਸ਼ਿਕਾਰ ਬਣਿਆ ਸੀ। ਕੈਨੇਡਾ ਤੋਂ ਭਾਰਤ ਆ ਰਹੀ ਏਅਰ ਇੰਡੀਆ ਦੀ ਫਲਾਈਟ 182 ਨੂੰ ਅੱਤਵਾਦੀਆਂ ਨੇ ਬੰਬ ਧਮਾਕਾ ਕਰ ਕੇ ਅਸਮਾਨ 'ਚ ਹੀ ਉਡਾ ਦਿੱਤਾ ਸੀ। ਜਹਾਜ਼ 'ਚ ਧਮਾਕੇ ਦੇ ਕਾਰਨ ਉਸ 'ਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ। ਜਹਾਜ਼ ਦਾ ਮਲਬਾ ਆਇਰਲੈਂਡ ਦੇ ਨੇੜੇ ਅਟਲਾਂਟਿਕ ਮਹਾਸਾਗਰ 'ਚ ਡਿੱਗਾ ਸੀ।



ਉਮੀਦ ਇਹ ਸੀ ਕਿ ਨਿੱਜੀ ਮਾਲਕੀ 'ਚ ਏਅਰ ਇੰਡੀਆ ਦਾ ਪ੍ਰਦਰਸ਼ਨ ਹੋਰ ਸੁਧਰੇਗਾ, ਪਰ ਹਕੀਕਤ ਇਹ ਹੈ ਕਿ ਨਿੱਜੀ ਕੰਪਨੀ ਬਣਨ ਤੋਂ ਬਾਅਦ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ 'ਚ ਏਅਰ ਇੰਡੀਆ ਸਭ ਤੋਂ ਉੱਪਰ ਰਹੀ ਹੈ ਤੇ ਉਸ ਨੂੰ ਡੀਜੀਸੀਏ ਵੱਲੋਂ ਲਗਾਇਆ ਗਿਆ ਵਿੱਤੀ ਹਰਜਾਨਾ ਭਰਨਾ ਪਿਆ। ਇਹ ਸਥਿਤੀ ਸਿਖਲਾਈ ਦੀ ਗੁਣਵੱਤਾ 'ਚ ਕਮੀ, ਚਾਲਕ ਦਲ ਦੀ ਯੋਗਤਾ 'ਚ ਥੁੜ੍ਹ, ਦੇਖਭਾਲ ਨਾਲ ਜੁੜੀਆਂ ਲਾਪਰਵਾਹੀਆਂ ਤੇ ਖ਼ਰਾਬ ਗੁਣਵੱਤਾ ਕੰਟਰੋਲ ਦੇ ਕਾਰਨ ਪੈਦਾ ਹੋਈ। ਏਅਰ ਇੰਡੀਆ ਦੇ ਬੇੜੇ 'ਚ 95 ਫ਼ੀਸਦੀ ਜਹਾਜ਼ ਔਸਤਨ 18 ਤੋਂ 20 ਸਾਲ ਪੁਰਾਣੇ ਹਨ ਤਾਂ ਦੇਰ-ਸਵੇਰ ਭਰੋਸੇਯੋਗਤਾ ਤੇ ਗੁਣਵੱਤਾ ਦੇ ਮੋਰਚੇ 'ਤੇ ਗਿਰਾਵਟ ਦੇ ਸੰਕੇਤ ਮਿਲਣੇ ਹੀ ਸਨ।

ਅਹਿਮਦਾਬਾਦ 'ਚ ਸਾਨੂੰ ਇਹੀ ਦੇਖਣ ਨੂੰ ਮਿਲਿਆ। ਸਵਾਲ ਉੱਠ ਰਹੇ ਹਨ ਕਿ ਕੀ ਇਸ ਜਹਾਜ਼ ਹਾਦਸੇ ਦੀ ਗੰਭੀਰਤਾ ਨੂੰ ਘੱਟ ਕੀਤਾ ਜਾ ਸਕਦਾ ਸੀ? ਲਗਦਾ ਹੈ ਕਿ ਜਹਾਜ਼ ਨੂੰ ਇੰਜਣ ਤੋਂ ਜ਼ਰੂਰਤ ਮੁਤਾਬਕ ਪਾਵਰ ਨਹੀਂ ਮਿਲ ਸਕੀ, ਜਿਸ ਨਾਲ ਉਹ ਪੂਰੀ ਉਡਾਣ ਨਹੀਂ ਭਰ ਸਕਿਆ ਜਾਂ ਉਡਾਣ ਜਾਰੀ ਨਹੀਂ ਰੱਖ ਸਕਿਆ। ਇਹੀ ਪਹਿਲੂ ਬਹੁਰਾਸ਼ਟਰੀ ਜਾਂਚ ਕਰਨ ਵਾਲਿਆਂ ਲਈ ਮੂਲ ਮੁੱਦਾ ਹੋਣਾ ਚਾਹੀਦਾ ਹੈ, ਕਿਉਂਕਿ ਇੰਜਣ ਮੇਂਟੇਨੇਂਸ, ਡਿਜੀਟਲ ਇੰਜਣ ਕੰਟਰੋਲ ਸਿਸਟਮ ਤੋਂ ਲੈ ਕੇ 600 ਫੁੱਟ 'ਤੇ ਇਕਦਮ ਪਾਵਰ ਸਪਲਾਈ ਖ਼ਤਮ ਹੋਣ ਦੀ ਜਾਂਚ ਕੀਤੀ ਜਾਵੇਗੀ। ਹਾਦਸੇ ਦੀ ਪੜਤਾਲ ਦੇ ਨਾਲ ਹੀ ਜਵਾਬਦੇਹੀ ਯਕੀਨੀ ਬਣਾਈ ਜਾਣੀ ਵੀ ਜ਼ਰੂਰੀ ਹੈ। ਹੁਣ ਏਅਰ

**(ਬਾਕੀ ਅਗਲੇ ਸਫੇ 'ਤੇ)**

# ਖ਼ਤਰਨਾਕ ਮੋੜ ’ਤੇ ਪੁੱਜੀ ਇਜ਼ਰਾਈਲ ਅਤੇ ਈਰਾਨ ਦੀ ਜੰਗ

ਮੁਖ਼ਤਾਰ ਗਿੱਲ

ਇਜ਼ਰਾਈਲ ਨੇ ਸ਼ੁੱਕਰਵਾਰ ਤੜਕੇ ‘ਆਪ੍ਰੇਸ਼ਨ ਰਾਈਜ਼ਿੰਗ ਲਾਈਨ’ ਤਹਿਤ ਈਰਾਨ ਦੇ ਫ਼ੌਜੀ ਤੇ ਪਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਸਵੇਰੇ ਪੰਜ ਵਜੇ ਇਜ਼ਰਾਈਲ ਦੇ 500 ਫਾਈਟਰ ਜੈੱਟ ਈਰਾਨ ਦੇ ਅੰਦਰ ਵੜ ਗਏ ਤੇ ਦੋ ਵਾਰ ਉਸ ਦੇ 100 ਪਰਮਾਣੂ ਟਿਕਾਣਿਆਂ ’ਤੇ ਤਾਬੜਤੋੜ ਬੰਬਾਰੀ ਕੀਤੀ। ਛੇ ਸ਼ਹਿਰਾਂ ਉੱਤੇ ਵੀ ਹਮਲਾ ਕੀਤਾ ਜਿਸ ਕਰਕੇ 138 ਤੋਂ ਵੱਧ ਈਰਾਨੀਆਂ ਦੀ ਮੌਤ ਹੋ ਗਈ। ਇਜ਼ਰਾਈਲ ਨੇ ਈਰਾਨ ਦੀ ਸਭ ਤੋਂ ਅਹਿਮ ਨਾਤਾਂਜ਼ ਅੰਡਰਗਰਾਊਂਡ ਲੈਬ ਸਹਿਤ ਤਿੰਨ ਅਹਿਮ ਨਿਊਕਲੀਅਰ ਸਾਈਟਾਂ ਨੂੰ ਨਸ਼ਟ ਕਰ ਦਿੱਤਾ। ਪੰਤਾਲੀ ਸਾਲ ਪਿੱਛੋਂ ਇਸ ਸਭ ਤੋਂ ਵੱਡੇ ਹਮਲੇ ’ਚ ਈਰਾਨੀ ਆਰਮੀ ਚੀਫ ਮੁਹੰਮਦ ਬਘੇਰੀ, ਰੈਵੋਲਿਊਸ਼ਨਰੀ ਗਾਰਡ ਦੇ ਕਮਾਂਡਰ ਹੁਸੈਨ ਸਲਾਮੀ, ਬੈਲੇਸਟਿਕ ਮਿਜ਼ਾਈਲ ਪ੍ਰੋਗਰਾਮ ਦੇ ਚੀਫ ਅਮਿਰ ਅਲੀ ਹਾਜ਼ੀਦਾਹ ਤੋਂ ਇਲਾਵਾ ਦੋ ਪ੍ਰਮੁੱਖ ਪ੍ਰਮਾਣੂ ਵਿਗਿਆਨਕ ਮੇਹਦੀ ਤੇਹਰਾਂਚੀ ਅਤੇ ਫਰਦੂਨ ਅੱਬਾਸੀ ਵੀ ਮਾਰੇ ਗਏ।

ਹਮਲੇ ਵਿਚ ਈਰਾਨ ਦੇ 20 ਟਾਪ ਕਮਾਂਡਰ ਅਤੇ ਪਰਮਾਣੂ ਵਿਗਿਆਨਕ ਮਾਰੇ ਗਏ। ਈਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਖਮੇਨੀ ਨੇ ਜਨਰਲ ਮੁਹੰਮਦ ਬਘੇਰੀ ਦੀ ਥਾਂ ਜਨਰਲ ਅਬਦੁਲ ਰਹੀਮ ਮੋਸਾਵੀ ਨੂੰ ਹਥਿਆਰਬੰਦ ਸੈਨਾ ਦਾ ਨਵਾਂ ਮੁਖੀ ਅਤੇ ਜਨਰਲ ਸਲਾਮੀ ਦੀ ਥਾਂ ’ਤੇ ਮੁਹੰਮਦ ਪਾਕਪੌਰ ਨੂੰ ਨੀਮ ਫ਼ੌਜੀ ਬਲ ਰੈਵੋਲਿਊਸ਼ਨਰੀ ਗਾਰਡ ਦੀ ਅਗਵਾਈ ਲਈ ਚੁਣਿਆ ਹੈ। ਇਜ਼ਰਾਈਲ ਦੇ ਲੜਾਕੂ ਜਹਾਜ਼ਾਂ ਨੇ ਈਰਾਨ ’ਚ 1500 ਕਿੱਲੋਮੀਟਰ ਅੰਦਰ ਜਾ ਕੇ ਹਮਲਾ ਕੀਤਾ। ਇਜ਼ਰਾਈਲ ਦੇ ਇਨ੍ਹਾਂ ਹਮਲਿਆਂ ਕਾਰਨ ਲੋਕਾਂ ’ਚ ਦਹਿਸ਼ਤ ਤੇ ਗੁੱਸਾ ਹੈ।

ਈਰਾਨ ਦੀਆਂ ਸੜਕਾਂ ’ਤੇ ਹਜ਼ਾਰਾਂ ਲੋਕਾਂ ਨੇ ਸੜਕਾਂ ’ਤੇ ਉਤਰ ਕੇ ਇਜ਼ਰਾਈਲ ਖ਼ਿਲਾਫ਼ ਮੁਜ਼ਾਹਰੇ ਕੀਤੇ। ਉਹ ਬੋਲੇ, ‘ਇਜ਼ਰਾਈਲ ਦੇ ਹਮਲੇ ਦਾ ਬਦਲਾ ਲ ’। ਈਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਖਮੇਨੀ ਨੇ ਕਿਹਾ ਕਿ ਉਸ ਦੇ ਦੇਸ਼ ’ਤੇ ਹਮਲੇ ਲਈ ਇਜ਼ਰਾਈਲ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਈਰਾਨ ਦੀ ਸਰਕਾਰੀ ਏਜੰਸੀ ‘ਆਈਆਰਐੱਨਏ’ ਨੇ ਪੁਸ਼ਟੀ ਕੀਤੀ ਕਿ ਹਮਲੇ ’ਚ ਸੈਨਾ ਦੇ ਸਿਖਰਲੇ ਅਧਿਕਾਰੀ ਅਤੇ ਵਿਗਿਆਨੀ ਮਾਰੇ ਗਏ ਹਨ। ਖਮੇਨੀ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ’ਤੇ ਹੋਏ ਇਸ ਹਮਲੇ ’ਚ ‘ਇਜ਼ਰਾਈਲ ਦੇ ਖ਼ੂਨ ਨਾਲ ਲਿਬੜੇ ਹੱਥ ਸ਼ਾਮਲ ਹਨ’। ਉਨ੍ਹਾਂ ਕਿਹਾ ਕਿ ਇਜ਼ਰਾਈਲ ਨੇ ਰਿਹਾਇਸ਼ੀ ਇਲਾਕਿਆਂ ’ਤੇ ਹਮਲੇ ਕਰ ਕੇ ਆਪਣੇ ਮਾੜੇ ਇਰਾਦੇ ਜ਼ਾਹਰ ਕੀਤੇ ਹਨ। ਈਰਾਨ ਨੇ ਵੀ ਜਵਾਬੀ ਹਮਲੇ ’ਚ 150 ਮਿਜ਼ਾਈਲਾਂ ਤੇ 100 ਡ੍ਰੋਨ ਦਾਗ਼ੇ। ਈਰਾਨ ਮੁਤਾਬਕ ਉਸ ਦੀਆਂ ਮਿਜ਼ਾਈਲਾਂ ਇਜ਼ਰਾਈਲ ਦੇ ਰੱਖਿਆ ਮੰਤਰਾਲੇ ’ਤੇ ਡਿੱਗੀਆਂ। ਛੇ ਤਾਂ ਰਾਜਧਾਨੀ ਤਲ-ਅਵੀਵ ’ਤੇ ਡਿੱਗੀਆਂ ਜਿਸ ਕਾਰਨ 6 ਲੋਕਾਂ ਦੀ ਮੌਤ ਹੋ ਗਈ। ਮੌਸਾਦ ਏਜੰਟਾਂ ਨੇ ਤਹਿਰਾਨ ਦੇ ਅੰਦਰ ਹੀ ਇਕ ਛੁਪੀ ਹੋਈ ਡ੍ਰੋਨ ਨਿਰਮਾਣ/ਸਟਾਕਿੰਗ ਸਾਈਟ ਸਥਾਪਤ ਕੀਤੀ ਜਿੱਥੇ ਉਨ੍ਹਾਂ ਛੋਟੇ-ਛੋਟੇ ਵਿਸਫੋਟਕ ਡ੍ਰੋਨ ਬਣਾਏ ਅਤੇ ਕਈ ਮਹੀਨਿਆਂ ਤੱਕ ਛੁਪਾ ਕੇ ਰੱਖੇ।

ਮੌਸਾਦ ਨੇ ਈਰਾਨ ਵਿਚ ਰਣਨੀਤਕ ਰੂਪ ’ਚ ਜ਼ਰੂਰੀ ਇਲਾਕਿਆਂ ਜਿਵੇਂ ਏਅਰ ਡਿਫੈਂਸਿੰਗ ਸੈਂਟਰ, ਸੇਮ ਬੈਟਰੀਆਂ, ਅਤੇ ਮਿਜ਼ਾਈਲ ਲਾਂਚਰ ਬੇਸ ਦੇ ਨਜ਼ਦੀਕ ਡ੍ਰੋਨ ਅਤੇ ਗਾਈਡਿਡ ਮਿਜ਼ਾਈਲਾਂ ਨੂੰ ਡਿਸਪਲੇ ਕੀਤਾ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਪਰਮਾਣੂ ਸਮਝੌਤਾ ਕਰਨ ਲਈ ਈਰਾਨ ਨੂੰ 60 ਦਿਨਾਂ ਦਾ ਸਮਾਂ ਦਿੱਤਾ ਸੀ, ਅੱਜ 61 ਵਾਂ ਦਿਨ ਸੀ ਤੇ ਇਜ਼ਰਾਈਲ ਨੇ ਉਸ ’ਤੇ ਹਮਲਾ ਕਰ ਦਿੱਤਾ।



ਹੁਣ ਈਰਾਨ ਨੂੰ ਸਮਝੌਤਾ ਕਰਨ ਲਈ ਦੂਜਾ ਮੌਕਾ ਦੇ ਰਹੇ ਹਾਂ। ਉਹ ਇਸ ਦਾ ਫ਼ਾਇਦਾ ਚੁੱਕੇ ਕਿਉਂਕਿ ਇਜ਼ਰਾਈਲ ਦਾ ਦੂਜਾ ਹਮਲਾ ਹੋਰ ਵੀ ਭਿਆਨਕ ਹੋਵੇਗਾ। ਈਰਾਨ ਦੇ ਰਣਨੀਤਕ ਭਾਈਵਾਲ ਰੂਸ ਨੇ ਈਰਾਨ ’ਤੇ ਇਜ਼ਰਾਈਲ ਦੇ ਹਮਲੇ ਨੂੰ ਉਕਸਾਵੇ ਵਾਲਾ ਤੇ ਨਾਜਾਇਜ਼ ਦੱਸਿਆ। ਰੂਸ ਈਰਾਨ ਦੇ ਸ਼ਾਂਤੀਪੂਰਵਕ ਮਕਸਦਾਂ ਲਈ ਚੱਲ ਰਹੇ ਪਰਮਾਣੂ ਪ੍ਰੋਗਰਾਮ ਵਿਚ ਸਹਿਯੋਗ ਕਰ ਰਿਹਾ ਹੈ। ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਦੋਵਾਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ ਅਤੇ ਨਾਲ ਹੀ ਅਮਰੀਕਾ ਤੇ ਈਰਾਨ ਵਿਚਾਲੇ ਪਰਮਾਣੂ ਸਮਝੌਤੇ ਲਈ ਸਹਿਯੋਗ ਕਰਨ ਦੀ ਤਜਵੀਜ਼ ਵੀ ਰੱਖੀ ਹੈ। ਵੱਡੀ ਗੱਲ ਇਹ ਹੈ ਕਿ ਜਨਰਲ ਸੁਲੇਮਾਨੀ ਦੀ ਮੌਤ ਤੋਂ ਈਰਾਨ ਉੱਭਰ ਨਹੀਂ ਸਕਿਆ ਹੈ। ਸੰਨ 2020 ’ਚ ਈਰਾਨ ਦੇ ਸਭ ਤੋਂ ਪ੍ਰਭਾਵਸ਼ਾਲੀ ਫ਼ੌਜੀ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਤੋਂ ਬਾਅਦ ਈਰਾਨੀ ਸੈਨਾ ਅਤੇ ਪਰਮਾਣੂ ਪ੍ਰੋਗਰਾਮ ਸੰਭਲ ਨਹੀਂ ਸਕਿਆ। ਪੰਜਾਂ ਸਾਲਾਂ ’ਚ ਈਰਾਨ ਦੇ 9 ਫ਼ੌਜੀ ਕਮਾਂਡਰ ਅਤੇ 7 ਪਰਮਾਣੂ ਵਿਗਿਆਨਕ ਮਾਰੇ ਜਾ ਚੁੱਕੇ ਹਨ।

ਕਈ ਅਰਬ ਦੇਸ਼ ਅਮਰੀਕਾ ਤੇ ਇਜ਼ਰਾਈਲ ਦੀ ਮਦਦ ਕਰ ਰਹੇ ਹਨ ਪਰ ਸੀਰੀਆ ਨੇ ਈਰਾਨ ਦੇ ਸਵੈ-ਰੱਖਿਆ ਦੇ ਹੱਕ ਦਾ ਸਮਰਥਨ ਕੀਤਾ ਤੇ ਇਜ਼ਰਾਈਲ ਦੇ ਹਮਲੇ ਖ਼ਿਲਾਫ਼ ਆਪਣੀ ਨੈਤਿਕ ਤੇ ਸਿਆਸੀ ਇਕਜੁੱਟਤਾ ਜਤਾਈ। ਸਾਊਦੀ ਅਰਬ ਤੇ ਮਿਸਰ ਨੇ ਕੂਟਨੀਤਕ ਪੱਧਰ ’ਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਹਾਲਾਂਕਿ ਖ਼ਬਰ ਹੈ ਕਿ ਸਾਊਦੀ ਅਰਬ ਗੁਪਤ ਰੂਪ ’ਚ ਇਜ਼ਰਾਈਲ-ਅਮਰੀਕਾ ਰੱਖਿਆ ਗਤੀਵਿਧੀਆਂ ’ਚ ਸਹਿਯੋਗ ਵੀ ਕਰ ਰਿਹਾ ਹੈ। ਜਾਰਡਨ ਨੇ ਸੰਜਮ ਵਰਤਣ ਦੀ ਗੱਲ ਆਖੀ ਪਰ ਅਮਰੀਕਾ ਦੇ ਸਹਿਯੋਗ ਨਾਲ ਇਜ਼ਰਾਈਲ ਨੂੰ ਹਵਾਈ ਬਚਾਅ-ਤੰਤਰ ਉਪਲਭਧ ਕਰਵਾਇਆ। ਅਮਰੀਕੀ ਵਿਦੇਸ਼ ਮੰਤਰੀ ਰੂਬੀ ਨੇ ਕਿਹਾ ਕਿ ਇਜ਼ਰਾਈਲ ਨੇ ਈਰਾਨ ਵਿਰੁੱਧ ਇਕਪਾਸੜ ਕਾਰਵਾਈ ਕੀਤੀ ਹੈ ਤੇ ਇਜ਼ਰਾਈਲ ਨੇ ਅਮਰੀਕਾ ਨੂੰ ਕਿਹਾ ਹੈ ਕਿ ਇਹ ਹਮਲੇ ਉਸ ਦੀ ਆਤਮ-ਰੱਖਿਆ ਲਈ ਜ਼ਰੂਰੀ ਹਨ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ ’ਚ ਰੂਬੀ ਨੇ ਕਿਹਾ, ‘ਅਸੀਂ ਈਰਾਨ ਖ਼ਿਲਾਫ਼ ਹਮਲਿਆਂ ’ਚ ਸ਼ਾਮਲ ਨਹੀਂ ਹਾਂ’। ਰਾਸ਼ਟਰਪਤੀ ਡੋਨਾਲਡ ਟਰੰਪ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੋਵੇਗੀ ਕਿ ਇਨ੍ਹਾਂ ਇਲਾਕਿਆਂ (ਦੇਸ਼ਾਂ) ਵਿਚ ਤਾਇਨਾਤ ਅਮਰੀਕੀ ਦੂਤਘਰਾਂ ਦੇ ਅਮਲੇ ਤੇ ਫ਼ੌਜ ਦੀ ਰੱਖਿਆ ਕਿਵੇਂ ਕੀਤੀ ਜਾਵੇ। ਇਸ ਮੁਸੀਬਤ ਤੋਂ ਅਮਰੀਕਾ ਆਪਣੇ-ਆਪ ਨੂੰ ਜਿੰਨਾ ਸੰਭਵ ਹੋਵੇ, ਦੂਰ ਹੀ ਰੱਖੇ। ਪਰ ਇਜ਼ਰਾਈਲ ਦੇ ਵਧਦੇ ਖ਼ਤਰਨਾਕ ਮਨਸੂਬਿਆਂ ਦਾ ਪ੍ਰਮੁੱਖ ਕਾਰਨ ਈਰਾਨ ਦਾ ਅੜੀਅਲ ਰੁਖ਼ ਹੈ। ਧਰ ਨੇਤਨਯਾਹੂ ਤੇ ਟਰੰਪ ਨੇ ਬੀਤੇ ’ਚ ਕਈ ਵੱਡੀਆਂ ਗ਼ਲਤੀਆਂ ਕੀਤੀਆਂ ਸਨ। ਨੇਤਨਯਾਹੂ ਦੀ ਮਜ਼ਬੂਤ ਹਮਾਇਤ ਦੇ ਚੱਲਦਿਆਂ ਟਰੰਪ ਨੇ 2018 ਵਿਚ ਬਾਮਾ ਦੁਆਰਾ ਕੀਤੇ ਪਰਮਾਣੂ ਸਮਝੌਤੇ ਤੋਂ ਖ਼ੁਦ ਨੂੰ ਵੱਖ ਕਰ ਲਿਆ ਸੀ ਜਿਸ ਵਿਚ ਕਾਫ਼ੀ ਹੱਦ ਤੱਕ ਈਰਾਨ ਦੇ ਪਰਮਾਣੂ ਪ੍ਰੋਗਰਾਮ ’ਤੇ ਕੰਟਰੋਲ ਕਰ ਲਿਆ ਸੀ। ਪਰ ਟਰੰਪ ਨੂੰ ਉਮੀਦ ਸੀ ਕਿ ਇਸ ਤੋਂ ਬਾਅਦ ਈਰਾਨ ਗੋਡਿਆਂ ਭਾਰ ਚੱਲ ਕੇ ਉਸ ਕੋਲ ਆਵੇਗਾ ਅਤੇ ਹੋਰ ਰਿਆਇਤਾਂ ਮੰਗੇਗਾ ਪਰ ਈਰਾਨ ਇਸ ਦੇ ਉਲਟ ਯੂਰੇਨੀਅਮ ਇਕੱਠਾ ਕਰਨ ਅਤੇ ਐਟਮ ਬੰਬ ਬਣਾਉਣ ਦੇ ਨਜ਼ਦੀਕ ਪੁੱਜ ਚੁੱਕਾ ਸੀ। ਇਜ਼ਰਾਈਲ ਦੇ ਇਕ ਸਾਬਕਾ ਸੁਰੱਖਿਆ ਅਧਿਕਾਰੀ ਨੇ 2018 ਦੀ ਇਸ ਡੀਲ ਨੂੰ ਰੱਦ ਕਰਨ ਦੇ ਫ਼ੈਸਲੇ ਨੂੰ ਹਾਦਸਾ ਦੱਸਿਆ ਸੀ, ਉੱਥੇ ਹੀ ਦੂਸਰੇ ਨੇ ਇਸ ਨੂੰ ਇਤਿਹਾਸਕ ਭੁੱਲ ਕਿਹਾ ਸੀ। ਈਰਾਨ ’ਤੇ ਭਿਆਨਕ ਹਮਲੇ ਤੇ ਉਸ ਦੀ ਬਰਬਾਦੀ ਤੋਂ ਬਾਅਦ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕੌਮਾਂਤਰੀ ਹਮਾਇਤ ਹਾਸਲ ਕਰਨ ਦੀਆਂ ਕੂਟਨੀਤਕ ਕੋਸ਼ਿਸ਼ਾਂ ਤਹਿਤ ਕਈ ਆਲਮੀ ਆਗੂਆਂ ਨਾਲ ਗੱਲ ਕੀਤੀ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਲੰਘੀ ਰਾਤ ਤੋਂ ਹੁਣ ਤੱਕ ਨੇਤਨਯਾਹੂ ਨੇ ਜਰਮਨੀ ਦੇ ਚਾਂਸਲਰ ਫਰੈਡਰਿਕ ਮਰਜ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਂਕਰੋ ਸਮੇਤ ਕਈ ਆਲਮੀ ਆਗੂਆਂ ਨਾਲ ਗੱਲਬਾਤ ਕੀਤੀ।

ਇਸ ਵਿਚ ਕਿਹਾ ਗਿਆ ਕਿ ਉਹ ਅਮਰੀਕੀ ਰਾਸ਼ਟਰਪਤੀ ਟਰੰਪ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਵੀ ਗੱਲ ਕਰਨਗੇ। ਭਾਰਤ ਨੇ ਕਿਹਾ ਕਿ ਉਹ ਈਰਾਨ-ਇਜ਼ਰਾਈਲ ਵਿਚਾਲੇ ਬਣੇ ਹਾਲਾਤ ਤੋਂ ਬਹੁਤ ਫ਼ਿਕਰਮੰਦ ਹੈ ਤੇ ਉਹ ਸਥਿਤੀ ’ਤੇ ਨੇੜਿ ਂ ਨਜ਼ਰ ਰੱਖ ਰਿਹਾ ਹੈ। ਇਜ਼ਰਾਈਲ ਦੇ ਹਮਲੇ ਦੇ ਨਤੀਜੇ ਉਲਟ ਵੀ ਹੋ ਸਕਦੇ ਹਨ ਕਿਉਂਕਿ ਇਸ ਤਰ੍ਹਾਂ ਦੇ ਹਮਲੇ ਈਰਾਨ ਦੇ ਪਰਮਾਣੂ ਹਥਿਆਰਾਂ ਨੂੰ ਬਣਾਉਣ ਦੀ ਮੁਹਿੰਮ ਵਿਚ ਤੇਜ਼ੀ ਲਿਆ ਸਕਦੇ ਹਨ। ਇਸ ਤੋਂ ਇਲਾਵਾ ਈਰਾਨ ਵੀ ਇਜ਼ਰਾਈਲ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਲੱਗਾ ਹੈ। ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਕਸ਼ੀਦਗੀ ਬਲਦੀ ’ਤੇ ਘਿਉ ਪਾਉਣ ਦਾ ਕੰਮ ਕਰ ਰਹੀ ਹੈ।

ਮੌਜੂਦਾ ਸਥਿਤੀ ਵਿਚ ਮੱਧ-ਪੂਰਬੀ ਦੇਸ਼ਾਂ ’ਚ ਅਮਰੀਕੀ ਦੂਤਘਰ ਤੇ ਫ਼ੌਜੀ ਖ਼ਤਰੇ ’ਚ ਹੋਣਗੇ। ਅਮਰੀਕੀ ਰਾਸ਼ਟਰਪਤੀ ਦੀ ਇਸ ਨਵੀਂ ਪਾਰੀ ’ਚ ਅਜੇ ਟਰੰਪ ਨੇ ਜੰਗਾਂ ਵਿਚ ਉਲਝਣ ਤੋਂ ਟਾਲਾ ਹੀ ਵੱਟਿਆ ਹੈ। ਕੀ ਉਹ ਈਰਾਨ ਦੇ ਮਾਮਲੇ ਵਿਚ ਵੀ ਇਸੇ ਤਰ੍ਹਾਂ ਕਰਨਗੇ?

ਸਵਾਲ ਇਹ ਹੈ ਕਿ ਕੀ ਮੁਸਲਿਮ ਦੇਸ਼ ਇਰਾਕ, ਬਹਿਰੀਨ ਜਾਂ ਮੱਧ-ਪੂਰਬ ਵਿਚ ਕਿਧਰੇ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣਗੇ। ਅਸੀਂ ਮੱਧ-ਪੂਰਬ ਵਿਚ ਵਧਦੇ ਤਣਾਅ ਨੂੰ ਇਕ ਅਜਿਹੀ ਵੱਡੀ ਜੰਗ ਵੱਲ ਜਾਂਦਾ ਵੇਖ ਸਕਦੇ ਹਾਂ ਜਿਸ ਨੂੰ ਕੋਈ ਨਹੀਂ ਚਾਹੁੰਦਾ ਤੇ ਯੁੱਧ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ।

# ਆਖਰ ਅਹਿਮਦਾਬਾਦ ’ਚ ਏਅਰ ਇੰਡੀਆ ਦੀ ਉਡਾਣ ਹਾਦਸਾਗ੍ਰਸਤ ਕਿਉਂ ਹੋਈ

(ਸਫਾ 14 ਦੀ ਬਾਕੀ)

ਇੰਡੀਆ ਦੀ ਮਾਲਕੀ ਸਰਕਾਰੀ ਨਹੀਂ, ਬਲਕਿ ਟਾਟਾ ਸਮੂਹ ਤੇ ਸਿੰਗਾਪੁਰ ਏਅਰਲਾਈਨਜ਼ ਦੇ ਕੋਲ ਹੈ। ਇਹ ਮੈਨੇਜਮੈਂਟ ਨੂੰ ਹੋਰ ਜਵਾਬਦੇਹ ਬਣਾਏ ਜਾਣ ਦਾ ਇਕਦਮ ਸਹੀ ਸਮਾਂ ਹੈ। ਇਸ ’ਚ ਕਿਸੇ ਜੁਗਾੜ ਵਾਲੀ ਕੰਮ ਚਲਾਊ ਵਿਵਸਥਾ ਦੀ ਥਾਂ ਸਥਾਈ ਹੱਲ ’ਤੇ ਧਿਆਨ ਦਿੱਤਾ ਜਾਵੇ। ਜਾਂਚ ’ਚ ਚਾਹੇ ਜੋ ਨਤੀਜਾ ਨਿਕਲੇ, ਉਨ੍ਹਾਂ ’ਤੇ ਤਤਕਾਲ ਅਮਲ ਕਰਨਾ ਪਵੇਗਾ। ਇਨ੍ਹਾਂ ਨਤੀਜਿਆਂ ’ਤੇ ਵਿਸ਼ਵ ਨੂੰ ਵੀ ਧਿਆਨ ਦੇਣਾ ਪਵੇਗਾ।

ਜੇ ਦੇਖਭਾਲ ਨਾਲ ਜੁੜੀਆਂ ਕਮੀਆਂ ਜਾਂ ਖ਼ਰਾਬ ਮੇਂਟੇਨੇਂਸ ਢਾਂਚੇ ਦੀ ਗ਼ਲਤੀ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਤੁਰੰਤ ਸੁਧਾਰਿਆ ਜਾਵੇ। ਇਨ੍ਹਾਂ ਕਮੀਆਂ ਨੇ ਕੰਪਨੀ ਨੂੰ ਬਹੁਤ ਦੇਰ ਤੋਂ ਜਕੜਿਆ ਹੋਇਆ ਹੈ। ਜੇ ਜਹਾਜ਼ਾਂ ਦਾ ਬੇੜਾ ਪੁਰਾਣਾ ਪੈ ਰਿਹਾ ਹੈ ਤਾਂ ਉਸ ਨੂੰ ਬਦਲਿਆ ਜਾਵੇ। ਕੰਪਨੀ ਨਵੇਂ ਜਹਾਜ਼ਾਂ ਦੇ ਆਉਣ ਤੋਂ ਪਹਿਲਾਂ ਆਪਣਾ ਸਾਰਾ ਤੰਤਰ ਸੁਧਾਰੇ।

ਸਾਨੂੰ ਕਈ ਚੀਜ਼ਾਂ ਠੀਕ ਕਰਨੀਆਂ ਪੈਣਗੀਆਂ। ਭਾਰਤ ’ਚ ਦਿੱਲੀ, ਮੁੰਬਈ, ਬੈਂਗਲੁਰੂ, ਹੈਦਰਾਬਾਦ ਤੇ ਕੋਲਕਾਤਾ ਸਮੇਤ ਸਾਰੇ ਹੋਰ ਹਵਾਈ ਅੱਡਿਆਂ ਦੀ ਲੋਕੇਸ਼ਨ ਚਿੰਤਾ ਦਾ ਵਿਸ਼ਾ ਹੈ। ਐਮਰਜੈਂਸੀ ’ਚ ਜੋਖ਼ਮ ਬਹੁਤ ਵੱਧ ਜਾਂਦਾ ਹੈ। ਹਰ ਭਾਰਤੀ ਹਵਾਈ ਅੱਡਾ ਆਧੁਨਿਕ ਸ਼ਹਿਰੀਕਰਨ ਨਾਲ ਘਿਰਿਆ ਹੋਇਆ ਹੈ। ਉਨ੍ਹਾਂ ਦੇ ਆਲੇ-ਦੁਆਲੇ ਰਿਹਾਇਸ਼ੀ ਅਪਾਰਟਮੈਂਟ, ਦਫ਼ਤਰ, ਕਾਲਜ, ਹਸਪਤਾਲ ਤੇ ਮਾਲ ਆਦਿ ਹਨ।

ਇਸ ਕਾਰਨ ਹਵਾਈ ਅੱਡਿਆਂ ਦੇ ਆਲੇ-ਦੁਆਲੇ ਖਾਲੀ ਥਾਂ ਨਹੀਂ ਬਚੀ। ਐਮਰਜੈਂਸੀ ਲੈਂਡਿੰਗ ਦੀ ਸਥਿਤੀ ’ਚ ਖਾਲੀ ਪਈ ਜ਼ਮੀਨ ਕਾਰਨ ਜਹਾਜ਼ ਤੱਕ ਸਹਾਇਤਾ ਪਹੁੰਚਾਉਣ ’ਚ ਆਸਾਨੀ ਹੁੰਦੀ ਹੈ। ਜੇ ਹੇਠਲੀ ਉਡਾਣ ’ਚ ਇੰਜਣ ਫੇਲ੍ਹ ਹੋ ਜਾਵੇ ਤਾਂ ਪਾਇਲਟ ਜਹਾਜ਼ ਸੰਭਾਲ ਸਕਦਾ ਹੈ ਤੇ ਹਾਦਸੇ ਤੋਂ ਬਚਿਆ ਜਾ ਸਕਦਾ ਹੈ। ਅਜੇ ਤਾਂ ਅਜਿਹਾ ਹੋਣ ਦੀ ਬਿਲਕੁਲ ਵੀ ਸੰਭਾਵਨਾ ਨਹੀਂ ਹੈ। ਦੇਸ਼ ਨੂੰ ਆਪਣੇ ਸਾਰੇ ਹਵਾਈ ਅੱਡਿਆਂ ਦੀ ਲੋਕੇਸ਼ਨ ’ਤੇ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ। ਹਵਾਈ ਅੱਡਿਆਂ ਨੂੰ ਸੰਘਣੀਆਂ ਸ਼ਹਿਰੀ ਬਸਤੀਆਂ ਤੋਂ ਦੂਰ ਬਦਲਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਇਹ ਇਕ ਲੰਬੀ, ਹੌਲੀ ਤੇ ਦੁੱਖਦਾਈ ਪ੍ਰਕਿਰਿਆ ਹੋਵੇਗੀ, ਪਰ ਇਸ ਨੂੰ ਕਰਨਾ ਜ਼ਰੂਰੀ ਹੈ। ਇਸ ਬਾਰੇ ਹੁਣ ਤੋਂ ਹੀ ਯੋਜਨਾ ਬਣਾਉਣੀ ਚਾਹੀਦੀ ਹੈ ਤੇ ਉਸ ’ਤੇ ਜਲਦ ਤੋਂ ਜਲਦ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਦਸ ਰੈਗੂਲੇਟਰੀ ਸੰਸਥਾਵਾਂ, ਬੋਇੰਗ ਕੰਪਨੀ ਤੇ ਲਗਪਗ ਪੰਜ ਦੇਸ਼ਾਂ ਦੀਆਂ ਸਰਕਾਰਾਂ ਦੀ ਅਹਿਮਦਾਬਾਦ ਹਵਾਈ ਹਾਦਸੇ ’ਤੇ ਨਜ਼ਰ ਹੋਵੇਗੀ। ਇਹ ਹਵਾਈ ਹਾਦਸਾ ਅਹਿਮਦਾਬਾਦ ਭਾਵ ਗੁਜਰਾਤ ਦੇ ਦਿਲ ’ਚ ਹੋਇਆ ਹੈ। ਇਹ ਪੀਐੱਮ ਮੋਦੀ ਦਾ ਸੂਬਾ ਹੈ। ਮੈਨੂੰ ਲਗਦਾ ਹੈ ਕਿ ਸਾਨੂੰ ਨਿਰਪੱਖ ਅਤੇ ਸੁਤੰਤਰ ਜਾਂਚ ਤੇ ਕੋਰਟ ਆਫ ਇਨਕੁਆਇਰੀ ਦੇਖਣ ਨੂੰ ਮਿਲੇਗੀ। ਦੁਨੀਆ ਜਾਨਣਾ ਚਾਹੁੰਦੀ ਹੈ ਕਿ ਅਹਿਮਦਾਬਾਦ ’ਚ ਏਅਰ ਇੰਡੀਆ ਦੇ ਬੋਇੰਗ 787-8 ਡਰੀਮਲਾਈਨਰ ਜਹਾਜ਼ ਦੇ ਨਾਲ ਕੀ ਗ਼ਲਤ ਹੋਇਆ?

ਸਹੀ ਜਾਂਚ ਤੇ ਸਬੂਤ ਹੀ ਇਹ ਦੱਸਣ ਦੇ ਮੁੱਖ ਆਧਾਰ ਹੋਣਗੇ ਕਿ ਕੀ ਗ਼ਲਤ ਹੋਇਆ? ਜੋ ਲੋਕ ਇਸ ਹਾਦਸੇ ਲਈ ਜ਼ਿੰਮੇਵਾਰ ਹੋਣ, ਉਨ੍ਹਾਂ ਨੂੰ ਜਵਾਬਦੇਹ ਠਹਿਰਾਉਣ ਦੇ ਨਾਲ ਕਾਨੂੰਨੀ ਤੌਰ ’ਤੇ ਕਟਹਿਰੇ ’ਚ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਸਾਨੂੰ ਫਿਰ ਕਦੀ ਅਜਿਹੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਸੰਸਾਰ, ਭਾਰਤ, ਏਅਰ ਇੰਡੀਆ, ਹਵਾਈ ਅੱਡਿਆਂ ਤੇ ਸੁਰੱਖਿਆ ਰੈਗੂਲੇਟਰਾਂ ਕੋਲ ਬਹੁਤ ਕੰਮ ਹੈ।

ਉਮੀਦ ਹੈ ਕਿ ਭਾਰਤ ਸਰਕਾਰ ਤੇ ਪ੍ਰਧਾਨ ਮੰਤਰੀ ਮੋਦੀ ਸਖ਼ਤ ਕਦਮ ਚੁੱਕਣਗੇ ਤੇ ਦੁਨੀਆ ਲਈ ਮਿਸਾਲ ਬਣ ਸਕਣ ਵਾਲੇ ਮਾਪਦੰਡ ਸਥਾਪਿਤ ਕਰਨਗੇ।



# ਜ਼ਮੀਨਦੋਜ਼ ਪਰਮਾਣੂ ਬੰਕਰਾਂ ਨੂੰ ਤੋੜਨ ਵਾਲਾ ਅਮਰੀਕਾ ਦਾ ਤਾਕਤਵਰ ਬੰਬ

ਈਰਾਨ ਦੇ ਭੂਮੀਗਤ ਪ੍ਰਮਾਣੂ ਸਥਾਨਾਂ ਨੂੰ ਨਸ਼ਟ ਕਰਨ ਵਾਲੇ ਹਥਿਆਰਾਂ ਵਿੱਚੋਂ ਇੱਕ ਦੀ ਅਜੇ ਤੱਕ ਵਰਤੋਂ ਨਹੀਂ ਕੀਤੀ ਗਈ ਹੈ। ਇਹ ਜੀਬੀਯੂ-57 ਏ/ਬੀ ਮੈਸਿਵ ਆਰਡਨੈਂਸ ਪੈਨੇਟਰੇਟਰ (ਐੱਮ ਪੀ) ਹੈ। ਇਹ ਦੁਨੀਆਂ ਦਾ ਸਭ ਤੋਂ ਵੱਡਾ ਗੈਰ-ਪ੍ਰਮਾਣੂ "ਬੰਕਰ ਬਸਟਰ" ਬੰਬ ਹੈ। ਇਹ ਸਿਰਫ਼ ਸੰਯੁਕਤ ਰਾਜ ਅਮਰੀਕਾ ਕੋਲ ਉਪਲਬੱਧ ਹੈ ਅਤੇ ਹੁਣ ਤੱਕ ਇਹ ਇਜ਼ਰਾਈਲ ਦੀ ਪਹੁੰਚ ਤੋਂ ਬਾਹਰ ਹੈ। ਇਹ ਬੰਬ ਬਹੁਤ ਸਟੀਕ ਹੈ। ਇਸਦਾ ਭਾਰ 30,000 ਪੌਂਡ (13,600 ਕਿਲੋਗ੍ਰਾਮ) ਹੈ। ਇਹ ਸੰਭਾਵਤ ਤੌਰ 'ਤੇ ਈਰਾਨ ਦੇ ਭੂਮੀਗਤ ਫੋਰਡੋ ਪ੍ਰਮਾਣੂ ਕੰਪਲੈਕਸ ਨੂੰ ਤੋੜ ਸਕਦਾ ਹੈ। ਉਹ ਕੰਪਲੈਕਸ ਜੋ ਪਹਾੜ ਦੇ ਅੰਦਰ ਡੂੰਘਾ ਬਣਿਆ ਹੋਇਆ ਹੈ। ਹੁਣ ਤੱਕ, ਅਮਰੀਕਾ ਨੇ ਇਜ਼ਰਾਈਲ ਨੂੰ ਐੱਮ ਪੀ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਹੈ।

ਪਰ ਇਹ ਹਥਿਆਰ ਅਸਲ ਵਿੱਚ ਕੀ ਹੈ? ਇਸਦੀ ਵਰਤੋਂ ਲਈ ਕਿਹੜੀਆਂ ਚੁਣੌਤੀਆਂ ਹਨ? ਕੀ ਇਸਨੂੰ ਅਸਲ ਵਿੱਚ ਵਰਤਿਆ ਜਾ ਸਕਦਾ ਹੈ? ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਜੀਬੀਯੂ-57 ਏ/ਬੀ ਇੱਕ ਵੱਡਾ ਬੰਬ ਹੈ। ਇਹ ਬੰਕਰਾਂ ਅਤੇ ਸੁਰੰਗਾਂ ਨੂੰ ਤਬਾਹ ਕਰਨ ਲਈ ਬਣਾਇਆ ਗਿਆ ਹੈ ਜੋ ਡੂੰਘਾਈ ਵਿੱਚ ਹਨ ਅਤੇ ਬਹੁਤ ਮਜ਼ਬੂਤ ਹਨ।



ਬੰਬ ਛੇ ਮੀਟਰ ਲੰਬਾ ਹੈ। ਇਹ ਫਟਣ ਤੋਂ ਪਹਿਲਾਂ 200 ਫੁੱਟ (61 ਮੀਟਰ) ਜ਼ਮੀਨ ਹੇਠ ਜਾ ਸਕਦਾ ਹੈ। ਇਹਨਾਂ ਵਿੱਚੋਂ ਕਈ ਬੰਬ ਇੱਕ ਤੋਂ ਬਾਅਦ ਇੱਕ ਸੁੱਟੇ ਜਾ ਸਕਦੇ ਹਨ। ਹਰ ਇੱਕ ਡੂੰਘਾ ਟੋਆ ਬਣਾਉਂਦਾ ਹੈ, ਜਿਵੇਂ ਕਿ ਜ਼ਮੀਨ ਵਿੱਚ ਡ੍ਰਿਲ ਕੀਤਾ ਗਿਆ ਹੋਵੇ। ਹਾਲਾਂਕਿ, ਇਸ ਦੀ ਵਰਤੋਂ ਕਦੇ ਵੀ ਜੰਗ ਵਿੱਚ ਨਹੀਂ ਕੀਤੀ ਗਈ ਪਰ ਇਸ ਦਾ ਟੈਸਟ ਵ੍ਹਾਈਟ ਸੈਂਡਸ ਮਿਜ਼ਾਇਲ ਰੇਂਜ 'ਤੇ ਕੀਤਾ ਗਿਆ ਹੈ। ਇਹ ਨਿਊ ਮੈਕਸੀਕੋ ਵਿੱਚ ਇੱਕ ਅਮਰੀਕੀ ਫੌਜੀ ਟੈਸਟਿੰਗ ਸਾਈਟ ਹੈ। ਐੱਮ ਪੀ , ਮੈਸਿਵ ਆਰਡਨੈਂਸ ਏਅਰ ਬਲਾਸਟ (ਐੱਮ ਏਬੀ) ਬੰਬ ਨਾਲੋਂ ਮਜ਼ਬੂਤ ਹੈ। ਐੱਮਓਏਬੀ ਦਾ ਭਾਰ 21,600 ਪੌਂਡ (9,800 ਕਿਲੋਗ੍ਰਾਮ) ਹੈ ਅਤੇ ਇਸਨੂੰ "ਸਾਰੇ ਬੰਬਾਂ ਦੀ ਮਾਂ" ਵਜੋਂ ਜਾਣਿਆ ਜਾਂਦਾ ਹੈ। ਅਮਰੀਕਾ ਨੇ 2017 ਵਿੱਚ ਅਫਗਾਨਿਸਤਾਨ ਵਿੱਚ ਇਸ ਦੀ ਵਰਤੋਂ ਕੀਤੀ ਸੀ। ਯੂਕੇ ਦੇ ਬ੍ਰੈਡਫੋਰਡ ਯੂਨੀਵਰਸਿਟੀ ਵਿੱਚ ਪੀਸ ਸਟੱਡੀਈਜ਼ ਦੇ ਪ੍ਰੋਫੈਸਰ ਪਾਲ ਰੋਜਰਸ ਇਨ੍ਹਾਂ ਦੋਵਾਂ ਦੇ ਅੰਤਰ ਨੂੰ ਸਮਝਾਉਂਦੇ ਹਨ।

ਉਨ੍ਹਾਂ ਨੇ ਕਿਹਾ ਕਿ "ਅਮਰੀਕੀ ਹਵਾਈ ਫੌਜ ਨੇ ਐੱਮ ਏਬੀਦੇ ਆਕਾਰ ਦੇ ਹਥਿਆਰ ਤਿਆਰ ਕਰਨ ਲਈ ਕਾਫ਼ੀ ਮਿਹਨਤ ਕੀਤੀ। ਇੱਕ ਧਾਤ ਦੇ ਬਹੁਤ ਸਖ਼ਤ ਢਾਂਚੇ ਵਿੱਚ ਧਮਾਕਾਖੇਜ਼ ਚਾਰਜ ਲਗਾਇਆ ਗਿਆ ਅਤੇ ਨਤੀਜੇ ਵਜੋਂ ਜੋ ਬਣਿਆ ਉਸ ਨੂੰ ਜੀਬੀਯੂ-57 ਏ/ਬੀ ਯਾਨੀ ਮੈਸਿਵ ਆਰਡਨੈਂਸ ਪੈਨੇਟ੍ਰੇਟਰ (ਐੱਮ ਪੀ) ਦਾ ਨਾਮ ਦਿੱਤਾ ਗਿਆ। ਫ਼ਿਲਹਾਲ ਸਿਰਫ਼ ਇੱਕ ਹੀ ਜਹਾਜ਼ ਐੱਮ ਪੀ ਨੂੰ ਲੈ ਜਾ ਸਕਦਾ ਹੈ ਜਿਸ ਦਾ ਨਾਂ ਹੈ ਯੂਐੱਸ ਬੀ-2 ਸਪਿਰਿਟ। ਇਸ ਨੂੰ ਸਟੀਲਥ ਬੰਬਰ ਵੀ ਕਿਹਾ ਜਾਂਦਾ ਹੈ। ਨੌਰਥਰੋਪ ਗ੍ਰਮੈਨ ਇਸ ਜਹਾਜ਼ ਨੂੰ ਬਣਾਉਂਦਾ ਹੈ। ਇਹ ਅਮਰੀਕੀ ਹਵਾਈ ਫੌਜ ਕੋਲ ਮੌਜੂਦ ਸਭ ਤੋਂ ਉੱਨਤ ਜਹਾਜ਼ਾਂ ਵਿੱਚੋਂ ਇੱਕ ਹੈ। ਬੀ-2 40,000 ਪੌਂਡ (18,000 ਕਿਲੋਗ੍ਰਾਮ) ਤੱਕ ਦਾ ਭਾਰ ਚੁੱਕ ਸਕਦਾ ਹੈ। ਪਰ ਅਮਰੀਕੀ ਹਵਾਈ ਫੌਜ ਨੇ ਇਸ ਦਾ ਟੈਸਟ ਦੋ ਐੱਮ ਪੀ ਬੰਬਾਂ ਨਾਲ ਕੀਤਾ ਹੈ ਜਿਸ ਦਾ ਕੁੱਲ ਭਾਰ ਲਗਭਗ 60,000 ਪੌਂਡ (27,200 ਕਿਲੋਗ੍ਰਾਮ) ਸੀ। ਇਹ ਬੋਮਬਰ ਪਲੇਨ ਬਿਨਾਂ ਈਂਧਨ ਭਰੇ ਲਗਭਗ 7,000 ਮੀਲ (11,000 ਕਿਲੋਮੀਟਰ) ਉੱਡ ਸਕਦਾ ਹੈ। ਹਵਾ ਵਿੱਚ ਇੱਕ ਰਿਫਿਊਲਿੰਗ ਨਾਲ, ਇਹ 11,500 ਮੀਲ (18,500 ਕਿਲੋਮੀਟਰ) ਤੱਕ ਉੱਡ ਸਕਦਾ ਹੈ। ਨੌਰਥਰੋਪ ਗ੍ਰਮੈਨ ਦੇ ਅਨੁਸਾਰ, ਇਸਦਾ ਮਤਲਬ ਹੈ ਕਿ ਇਹ ਕੁਝ ਘੰਟਿਆਂ ਵਿੱਚ ਹੀ ਦੁਨੀਆਂ ਦੇ ਲਗਭਗ ਕਿਸੇ ਵੀ ਸਥਾਨ 'ਤੇ ਪਹੁੰਚ ਸਕਦਾ ਹੈ।

ਪ੍ਰੋਫੈਸਰ ਰੋਜਰਸ ਕਹਿੰਦੇ ਹਨ ਕਿ ਜੇਕਰ ਅਮਰੀਕਾ ਨੇ ਕਦੇ ਵੀ ਈਰਾਨ ਵਰਗੇ ਦੇਸ਼ ਦੇ ਵਿਰੁੱਧ ਐੱਮ ਪੀ ਦੀ ਵਰਤੋਂ ਕੀਤੀ, ਜਿਸ ਕੋਲ ਮਜ਼ਬੂਤ ਹਵਾਈ ਰੱਖਿਆ ਹੈ, ਤਾਂ ਬੀ-2 ਇਕੱਲਾ ਨਹੀਂ ਜਾਵੇਗਾ। ਹੋਰ ਜਹਾਜ਼ ਮਿਸ਼ਨ ਵਿੱਚ ਸ਼ਾਮਲ ਹੋਣਗੇ। ਉਦਾਹਰਣ ਵਜੋਂ, ਐਫ-22 ਸਟੀਲਥ ਲੜਾਕੂ ਜਹਾਜ਼ ਪਹਿਲਾਂ ਈਰਾਨ ਦੇ ਬਚਾਅ ਪੱਖ 'ਤੇ ਹਮਲਾ ਕਰ ਸਕਦੇ ਹਨ। ਫਿਰ, ਡਰੋਨਾਂ ਦੀ ਵਰਤੋਂ ਇਹ ਜਾਂਚ ਕਰਨ ਲਈ ਕੀਤੀ ਜਾ ਸਕਦੀ ਹੈ ਕਿ ਕਿੰਨਾ ਨੁਕਸਾਨ ਹੋਇਆ ਹੈ ਅਤੇ ਕੀ ਹੋਰ ਬੰਬਾਂ ਦੀ ਲੋੜ ਹੈ ਜਾਂ ਨਹੀਂ। ਪ੍ਰੋਫੈਸਰ ਇਹ ਵੀ ਦੱਸਦੇ ਹਨ ਕਿ ਅਮਰੀਕਾ ਕੋਲ ਬਹੁਤੇ ਐੱਮਓਪੀ ਬੰਬ ਨਹੀਂ ਹਨ। ਉਨ੍ਹਾਂ ਦਾ ਅੰਦਾਜ਼ਾ ਹੈ ਕਿ ਕੁੱਲ ਮਿਲਾ ਕੇ ਸ਼ਾਇਦ ਅਮਰੀਕਾ ਕੋਲ ਅਜਿਹੇ 10 ਤੋਂ 20 ਹੀ ਬੰਬ ਹੋਣਗੇ।

## ਕੀ ਐੱਮਓਪੀ ਬੰਬ ਈਰਾਨ ਵਿਰੁੱਧ ਵਰਤਿਆ ਜਾਵੇਗਾ

ਫੋਰਡੋ ਈਰਾਨ ਦਾ ਦੂਜਾ ਪ੍ਰਮਾਣੂ ਭੰਡਾਰਨ ਸਥਾਨ ਹੈ। ਪਹਿਲਾ ਅਤੇ ਮੁੱਖ ਸਥਾਨ ਨਤਾਨਜ਼ ਹੈ। ਫੋਰਡੋ ਇੱਕ ਪਹਾੜ ਦੇ ਕਿਨਾਰੇ ਬਣਾਇਆ ਗਿਆ ਹੈ। ਇਹ ਕੌਮ ਸ਼ਹਿਰ ਦੇ ਨੇੜੇ ਹੈ, ਜੋ ਕਿ ਤਹਿਰਾਨ ਤੋਂ ਲਗਭਗ 60 ਮੀਲ (95 ਕਿਲੋਮੀਟਰ) ਦੱਖਣ-ਪੱਛਮ ਵਿੱਚ ਹੈ। ਇਸ ਦੀ ਉਸਾਰੀ ਸੰਭਾਵਤ ਤੌਰ 'ਤੇ 2006 ਦੇ ਆਲੇ-ਦੁਆਲੇ ਸ਼ੁਰੂ ਹੋਈ ਸੀ। ਇਹ ਸਹੂਲਤ 2009 'ਚ ਪੂਰੀ ਤਰ੍ਹਾਂ ਸ਼ੁਰੂ ਹੋਈ ਸੀ। ਉਸੇ ਸਾਲ, ਈਰਾਨ ਨੇ ਜਨਤਕ ਤੌਰ 'ਤੇ ਇਸ ਦੀ ਹੋਂਦ ਨੂੰ ਸਵੀਕਾਰ ਕੀਤਾ ਸੀ। ਫੋਰਡੋ ਚੱਟਾਨ ਅਤੇ ਮਿੱਟੀ ਦੇ ਲਗਭਗ 80 ਮੀਟਰ (260 ਫੁੱਟ) ਹੇਠਾਂ ਦੱਬਿਆ ਹੋਇਆ ਹੈ। ਇਹ ਕਥਿਤ ਤੌਰ 'ਤੇ ਈਰਾਨ ਅਤੇ ਰੂਸ ਦੀਆਂ ਸਤ੍ਹਾ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਇਲ ਪ੍ਰਣਾਲੀਆਂ ਨਾਲ ਸੁਰੱਖਿਅਤ ਹੈ।

ਮਾਰਚ 2023 ਵਿੱਚ, ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈਏਈਏ) ਨੇ ਫੋਰਡੋ ਵਿਖੇ 83.7% ਤੱਕ ਸ਼ੁੱਧ ਯੂਰੇਨੀਅਮ ਦੀ ਹੋਂਦ ਬਾਰੇ ਪਤਾ ਲਗਾਇਆ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਈਰਾਨ 'ਤੇ ਹਮਲਾ ਕਰਨ ਦਾ ਟੀਚਾ ਇਸ ਦੇ ਮਿਜ਼ਾਇਲ ਅਤੇ ਪ੍ਰਮਾਣੂ ਪ੍ਰੋਗਰਾਮਾਂ ਨੂੰ ਨਸ਼ਟ ਕਰਨਾ ਹੈ। ਉਨ੍ਹਾਂ ਨੇ ਇਸ ਮਿਜ਼ਾਇਲ ਅਤੇ ਪ੍ਰਮਾਣੂ ਪ੍ਰੋਗਰਾਮਾਂ ਨੂੰ "ਇਜ਼ਰਾਈਲ ਦੀ ਹੋਂਦ 'ਤੇ ਖ਼ਤਰੇ" ਵਜੋਂ ਬਿਆਨ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਫੋਰਡੋ ਨੂੰ ਵੀ ਨਸ਼ਟ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵਿੱਚ ਇਜ਼ਰਾਈਲ ਦੇ ਰਾਜਦੂਤ ਯੇਚੀਲ ਲੀਟਰ ਨੇ ਫੌਕਸ ਨਿਊਜ਼ ਨੂੰ ਕਿਹਾ ਕਿ "ਇਹ ਪੂਰਾ ਆਪ੍ਰੇਸ਼ਨ... ਅਸਲ ਵਿੱਚ ਫੋਰਡੋ ਦੇ ਖ਼ਾਤਮੇ ਨਾਲ ਪੂਰਾ ਹੋਣਾ ਚਾਹੀਦਾ ਹੈ।" ਪਰ ਇਜ਼ਰਾਈਲ ਆਪਣੇ ਆਪ ਐੱਮਓਪੀ ਬੰਬ ਦੀ ਵਰਤੋਂ ਨਹੀਂ ਕਰ ਸਕਦਾ। ਅਜਿਹਾ ਕਰਨ ਲਈ ਅਮਰੀਕਾ ਨੂੰ ਸਿੱਧੇ ਤੌਰ 'ਤੇ ਸ਼ਾਮਲ ਹੋਣਾ ਪਵੇਗਾ। ਪ੍ਰੋਫੈਸਰ ਰੋਜਰਸ ਕਹਿੰਦੇ ਹਨ "ਅਮਰੀਕਾ ਇਜ਼ਰਾਈਲ ਨੂੰ ਇਹ ਇਕੱਲੇ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ ਅਤੇ ਇਜ਼ਰਾਈਲ ਕੋਲ ਆਜ਼ਾਦ ਤੌਰ 'ਤੇ ਇੰਨੇ ਵੱਡੇ ਬੰਬ ਨਹੀਂ ਹਨ।"

## ਕੀ ਅਮਰੀਕਾ ਐੱਮਓਪੀ ਦੀ ਵਰਤੋਂ ਕਰੇਗਾ



ਕੀ ਅਮਰੀਕਾ ਐੱਮਓਪੀ ਦੀ ਵਰਤੋਂ ਕਰੇਗਾ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਸੰਘਰਸ਼ ਨੂੰ ਕਿੰਨਾ ਲੰਬਾ ਖਿੱਚਣ ਲਈ ਤਿਆਰ ਹਨ, ਖ਼ਾਸ ਕਰਕੇ ਰਾਸ਼ਟਰਪਤੀ ਡੌਨਲਡ ਟਰੰਪ ਦੀ ਪ੍ਰਧਾਨਗੀ ਹੇਠ। ਪ੍ਰੋਫੈਸਰ ਰੋਜਰਸ ਅੱਗੇ ਕਹਿੰਦੇ ਹਨ, "ਇਹ ਅਸਲ ਵਿੱਚ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਟਰੰਪ ਇਜ਼ਰਾਈਲੀਆਂ ਦੀ ਮਦਦ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।" ਕੈਨੇਡਾ ਵਿੱਚ ਜੀ-7 ਮੀਟਿੰਗ ਦੌਰਾਨ ਟਰੰਪ ਤੋਂ ਪੁੱਛਿਆ ਗਿਆ ਸੀ ਕਿ ਅਮਰੀਕਾ ਨੂੰ ਯੁੱਧ ਵਿੱਚ ਸ਼ਾਮਲ ਹੋਣ ਲਈ ਕੀ ਕਰਨਾ ਪਵੇਗਾ। ਉਨ੍ਹਾਂ ਇਸ ਦੇ ਜਵਾਬ 'ਚ ਕਿਹਾ, "ਮੈਂ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ।" ਰਾਜਦੂਤ ਲੀਟਰ ਤੋਂ ਪੁੱਛਿਆ ਗਿਆ ਸੀ ਕਿ ਕੀ ਅਮਰੀਕਾ ਫੋਰਡੋ 'ਤੇ ਹਮਲਾ ਕਰਨ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ ਨੇ ਜਵਾਬ ਦਿੱਤਾ ਕਿ ਇਜ਼ਰਾਈਲ ਨੇ ਅਮਰੀਕਾ ਤੋਂ ਸਿਰਫ਼ ਰੱਖਿਆ ਸਹਾਇਤਾ ਮੰਗੀ ਹੈ।

ਲੀਟਰ ਨੇ ਕਿਹਾ "ਸਾਡੇ ਕੋਲ ਕਈ ਤਰ੍ਹਾਂ ਦੀਆਂ ਸਹੂਲਤਾਂ ਉਪਲੱਬਧ ਹਨ ਜੋ ਸਾਨੂੰ ਫੋਰਡੋ ਨਾਲ ਨਜਿੱਠਣ ਦੇ ਯੋਗ ਬਣਾਉਂਦੀਆਂ ਹਨ।" "ਸਭ ਕੁਝ ਸਿਰਫ਼ ਅਸਮਾਨ ਤੋਂ ਜਾਂ ਦੂਰੋਂ ਬੰਬਾਰੀ ਕਰਨ ਤੱਕ ਸੀਮਿਤ ਨਹੀਂ ਹੁੰਦਾ।" ਈਰਾਨ ਨੇ ਹਮੇਸ਼ਾ ਕਿਹਾ ਹੈ ਕਿ ਉਨ੍ਹਾਂ ਦਾ ਪ੍ਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਹੈ। ਨਾਲ ਹੀ ਈਰਾਨ ਨੇ ਹਮੇਸ਼ਾ ਕਿਹਾ ਹੈ ਕਿ ਉਨ੍ਹਾਂ ਨੇ ਕਦੇ ਵੀ ਪ੍ਰਮਾਣੂ ਹਥਿਆਰ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਪਿਛਲੇ ਹਫ਼ਤੇ, ਆਈਏਈਏ ਦੇ 35-ਰਾਸ਼ਟਰ ਬੋਰਡ ਨੇ ਅਧਿਕਾਰਤ ਤੌਰ 'ਤੇ ਕਿਹਾ ਕਿ ਈਰਾਨ ਨੇ ਆਪਣੀਆਂ ਗੈਰ-ਪ੍ਰਸਾਰ ਵਚਨਬੱਧਤਾਵਾਂ ਨੂੰ ਤੋੜਿਆ ਹੈ। 20 ਸਾਲਾਂ ਵਿੱਚ ਪਹਿਲੀ ਵਾਰ ਸੀ ਜਦੋਂ ਅਜਿਹਾ ਕੋਈ ਅਜਿਹਾ ਐਲਾਨ ਕੀਤਾ ਗਿਆ ਸੀ।

## 'ਗੇਮ-ਚੇਂਜਰ'

ਈਰਾਨ ਦੇ ਪ੍ਰਮਾਣੂ ਸਥਾਨਾਂ 'ਤੇ ਹਾਲ ਹੀ ਵਿੱਚ ਹੋਏ ਇਜ਼ਰਾਈਲੀ ਹਵਾਈ ਹਮਲਿਆਂ ਤੋਂ ਬਾਅਦ ਵੀ ਪ੍ਰੋਫੈਸਰ ਰੋਜਰਸ ਦਾ ਮੰਨਣਾ ਹੈ ਕਿ ਇਹ ਬਹੁਤ ਘੱਟ ਸੰਭਾਵਨਾ ਹੈ ਕਿ ਇਜ਼ਰਾਈਲ ਨੇ ਡੂੰਘਾਈ ਨਾਲ ਦੱਬੇ ਹੋਏ ਪ੍ਰਮਾਣੂ ਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਹੋਵੇ। ਉਹ ਕਹਿੰਦੇ ਹਨ, " ਇਸ ਨੂੰ ਅੰਜਾਮ ਦੇਣ ਲਈ ਇਜ਼ਰਾਈਲ ਨੂੰ ਐੱਮ ਪੀ ਬੰਬ ਵਰਗੀ ਕਿਸੇ ਚੀਜ਼ ਦੀ ਜ਼ਰੂਰਤ ਪਵੇਗੀ ਜੋ ਉਹ ਆਪਣੇ ਆਪ ਨਹੀਂ ਕਰ ਸਕਦੇ।" ਕੈਲਸੀ ਡੇਵਨਪੋਰਟ, ਜੋ ਅਮਰੀਕਾ-ਅਧਾਰਤ ਆਰਮਜ਼ ਕੰਟਰੋਲ ਐਸੋਸੀਏਸ਼ਨ ਵਿੱਚ ਗੈਰ-ਪ੍ਰਸਾਰ ਦੇ ਡਾਇਰੈਕਟਰ ਹਨ ਦਾ ਕਹਿਣਾ ਹੈ ਕਿ ਜਿੰਨਾ ਚਿਰ ਫੋਰਡੋ ਸਹੂਲਤ ਚਾਲੂ ਰਹੇਗੀ ਉਨ੍ਹੀ ਦੇਰ ਖ਼ਤਰਾ ਨਹੀਂ ਟਲੇਗਾ। "ਈਰਾਨ ਫੋਰਡੋ ਵਿਖੇ ਹਥਿਆਰਾਂ ਦੇ ਗ੍ਰੇਡ ਲਈ ਯੂਰੇਨੀਅਮ ਸੰਸ਼ੋਧਨ ਨੂੰ ਤੇਜ਼ੀ ਨਾਲ ਵਧਾ ਸਕਦਾ ਹੈ ਜਾਂ ਯੂਰੇਨੀਅਮ ਨੂੰ ਕਿਸੇ ਲੁਕਵੇਂ ਸਥਾਨ 'ਤੇ ਲਿਜਾ ਸਕਦਾ ਹੈ।'

ਪ੍ਰੋਫੈਸਰ ਰੋਜਰਸ ਕਹਿੰਦੇ ਹਨ ਕਿ ਐੱਮ ਪੀ ਬੰਬ ਦੀ ਵਰਤੋਂ ਵੀ ਸਫਲਤਾ ਦੀ ਗਰੰਟੀ ਨਹੀਂ ਦਿੰਦੀ। ਇਹ ਇਸ ਲਈ ਹੈ ਕਿਉਂਕਿ ਈਰਾਨ ਦੀਆਂ ਥਾਵਾਂ ਦੀ ਸਹੀ ਡੂੰਘਾਈ ਅਤੇ ਸੁਰੱਖਿਆ ਦਾ ਪੂਰੀ ਤਰ੍ਹਾਂ ਨਾਲ ਅੰਦਾਜ਼ਾ ਨਹੀਂ ਹੈ। ਉਹ ਕਹਿੰਦੇ ਹਨ "ਭਾਵੇਂ ਇਸ ਹਥਿਆਰ ਕੋਲ ਕਿਸੇ ਵੀ ਹੋਰ ਬੰਬ ਦੇ ਮੁਕਾਬਲੇ ਈਰਾਨ ਦੇ ਭੂਮੀਗਤ ਪ੍ਰਮਾਣੂ ਸਥਾਨਾਂ ਨੂੰ ਨਸ਼ਟ ਦਾ ਸਭ ਤੋਂ ਵੱਧ ਸਮਰੱਥਾ ਹੈ। ਪਰ ਕੀ ਇਹ ਕੰਮ ਪੱਕਾ ਕਰੇਗਾ? ਇਹ ਕੋਈ ਨਹੀਂ ਜਾਣਦਾ।"


ਮਿਸ਼ਨ/ਵਾਰਮ ਸਪਰਿੰਗ ਇਲਾਕੇ
1053 Nez Perce ct Fremont CA 94539.
ਵਿਚ ਰਹਿਣ ਦੀਆਂ ਚਾਹਵਾਨ ਔਰਤਾਂ ਲਈ
1 ਬੈਡਰੂਮ ਦੀ ਰਿਹਾਇਸ਼ ਕਿਰਾਏ ਲਈ ਖਾਲੀ

ਕਿਰਾਏ ਤੇ ਕਮਰਾ ਲੈਣ ਦੀ ਚਾਹਵਾਨ ਪੂਰਨ ਸ਼ਾਕਾਹਾਰੀ ਅਤੇ ਸ਼ਰਾਬ ਦੀ ਵਰਤੋਂ ਨਾ ਕਰਦੀ ਹੋਵੇ

Renting 1 bedrooms to women in the Mission/Warm spring area
1053 Nez Perce ct, Fremont, CA 94539.

Need to be Vegetarian and non drinking/smoking

Interested folks can contact
510-676-8752


# ਤਿੰਨ ਗੁਣਾ ਵਧੇ ਸਵਿਸ ਬੈਂਕਾਂ 'ਚ ਭਾਰਤੀਆਂ ਦੇ ਜਮ੍ਹਾਂ ਪੈਸੇ

ਨਵੀਂ ਦਿੱਲੀ- 2023 ਦੇ ਮੁਕਾਬਲੇ 2024 ਵਿੱਚ ਭਾਰਤੀਆਂ ਵੱਲੋਂ ਸਵਿਸ ਬੈਂਕਾਂ ਵਿੱਚ ਜਮ੍ਹਾ ਕੀਤੀ ਗਈ ਰਕਮ ਤਿੰਨ ਗੁਣਾ ਵੱਧ ਕੇ 3.5 ਬਿਲੀਅਨ ਸਵਿਸ ਫ੍ਰੈਂਕ (ਲਗਭਗ 37,600 ਕਰੋੜ ਰੁਪਏ) ਹੋ ਗਈ। ਇਹ ਵਾਧਾ ਸਥਾਨਕ ਸ਼ਾਖਾਵਾਂ ਅਤੇ ਹੋਰ ਵਿੱਤੀ ਸੰਸਥਾਵਾਂ ਰਾਹੀਂ ਸਵਿਸ ਬੈਂਕਾਂ ਵਿੱਚ ਰੱਖੇ ਗਏ ਪੈਸੇ ਵਿੱਚ ਭਾਰੀ ਵਾਧੇ ਕਾਰਨ ਹੋਇਆ। 2023 ਵਿੱਚ, ਇਹ ਰਕਮ ਚਾਰ ਸਾਲਾਂ ਦੇ ਹੇਠਲੇ ਪੱਧਰ 1.04 ਬਿਲੀਅਨ ਸਵਿਸ ਫ੍ਰੈਂਕ 'ਤੇ ਪਹੁੰਚ ਗਈ ਸੀ। ਸਵਿਸ ਨੈਸ਼ਨਲ ਬੈਂਕ ਦੇ ਅਧਿਕਾਰਤ ਅੰਕ-ੜਿਆਂ ਵਿੱਚ ਸਵਿਟਜ਼ਰਲੈਂਡ ਵਿੱਚ ਭਾਰਤੀਆਂ ਵੱਲੋਂ ਰੱਖੇ ਗਏ ਕਥਿਤ ਕਾਲੇ ਧਨ ਦਾ ਜ਼ਿਕਰ ਨਹੀਂ ਹੈ। ਸਵਿਟਜ਼ਰਲੈਂਡ ਭਾਰਤੀਆਂ ਦੇ ਪੈਸੇ ਨੂੰ ਕਾਲਾ ਧਨ ਨਹੀਂ ਮੰਨਦਾ। ਸਵਿਟਜ਼ਰਲੈਂਡ ਕਹਿੰਦਾ ਰਿਹਾ ਹੈ ਕਿ ਉਹ ਟੈਕਸ ਚੋਰੀ ਵਿਰੁੱਧ ਲੜਾਈ ਵਿੱਚ ਭਾਰਤ ਦਾ ਸਮਰਥਨ ਕਰਦਾ ਹੈ। ਸਵਿਟਜ਼ਰਲੈਂਡ ਦੇ ਸੈਂਟਰਲ ਬੈਂਕ ਵੱਲੋਂ ਵੀਰਵਾਰ ਨੂੰ ਜਾਰੀ ਕੀਤੇ ਗਏ ਸਾਲਾਨਾ ਅੰਕੜਿਆਂ ਅਨੁਸਾਰ, ਇਸ ਸਮੇਂ ਦੌਰਾਨ ਭਾਰਤੀਆਂ ਦੇ ਗਾਹਕਾਂ ਦੇ ਖਾਤਿਆਂ ਦੀ ਰਕਮ ਸਿਰਫ਼ 11 ਪ੍ਰਤੀਸ਼ਤ ਵਧ ਕੇ 34.6 ਮਿਲੀਅਨ ਸਵਿਸ ਫ੍ਰੈਂਕ (ਲਗਭਗ 3,675 ਕਰੋੜ ਰੁਪਏ) ਹੋ ਗਈ, ਜੋ ਕਿ ਕੁੱਲ ਪੈਸੇ ਦਾ ਸਿਰਫ਼ ਇੱਕ ਤਿਹਾਈ ਹੈ।

# ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਦੁੱਗਣੀ ਕਰਨ ਵਾਲੀ ਜ਼ਮਜ਼ਮਾ ਤੋਪ

ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸ਼ਹਿਰ ਮੁਲਤਾਨ ਵਿੱਚ ਬਹਾਉਦੀਨ ਜ਼ਕਾਰੀਆ ਦੇ ਮਜ਼ਾਰ ਦੇ ਅੰਦਰੂਨੀ ਦਰਵਾਜ਼ੇ ਦੇ ਬਾਹਰ ਮੌਜੂਦ ਕੁਝ ਕਬਰਾਂ ਵਿੱਚੋਂ ਇੱਕ ਮੁਜ਼ੱਫਰ ਖਾਨ ਸਦੋਜ਼ਈ ਦੀ ਵੀ ਹੈ, ਜੋ 1757 ਤੋਂ 1818 ਈਸਵੀ ਤੱਕ ਮੁਲਤਾਨ ਦਾ ਰਾਜਾ ਸੀ। ਪਾਲ ਓਲਡਫੀਲਡ ਨੇ 'ਵਿਕਟੋਰੀਆ ਕਰਾਸੇਜ਼ ਆਨ ਦਿ ਵੈਸਟਰਨ ਫਰੰਟ' ਵਿੱਚ ਲਿਖਿਆ ਹੈ ਕਿ ਪੰਜ ਹਜ਼ਾਰ ਸਾਲ ਪੁਰਾਣਾ ਸ਼ਹਿਰ ਮੁਲਤਾਨ ਮੱਧਕਾਲੀ ਇਸਲਾਮੀ ਹਿੰਦੁਸਤਾਨ ਵਿੱਚ ਇੱਕ ਅਹਿਮ ਵਪਾਰਕ ਕੇਂਦਰ ਸੀ। ਇਤਿਹਾਸਕ ਬਿਰਤਾਂਤਾਂ ਅਨੁਸਾਰ, 11ਵੀਂ ਅਤੇ 12ਵੀਂ ਸਦੀ ਵਿੱਚ ਮੁਲਤਾਨ ਵਿੱਚ ਕਈ ਸੂਫ਼ੀ ਬਜ਼ੁਰਗ ਆਏ ਅਤੇ ਇਸ ਕਾਰਨ ਇਸ ਨੂੰ 'ਔਲੀਆ ਦਾ ਸ਼ਹਿਰ' ਕਿਹਾ ਜਾਂਦਾ ਸੀ। ਅੱਜ ਵੀ ਇੱਥੇ ਕਈ ਸੂਫ਼ੀਆਂ ਦੇ ਮਜ਼ਾਰ ਮੌਜੂਦ ਹੈ। ਉਨ੍ਹਾਂ ਵਿੱਚੋਂ ਇੱਕ ਹਜ਼ਰਤ ਬਹਾਉਦੀਨ ਜ਼ਕਾਰੀਆ ਦਾ ਮਜ਼ਾਰ ਵੀ ਹੈ। ਮੁਗ਼ਲਾਂ ਨੇ 1557 ਈਸਵੀ ਵਿੱਚ ਮੁਲਤਾਨ ਸ਼ਹਿਰ 'ਤੇ ਕਬਜ਼ਾ ਕੀਤਾ। ਇਸ ਤੋਂ ਬਾਅਦ, 200 ਸਾਲਾਂ ਤੱਕ ਇਸ ਸ਼ਹਿਰ ਵਿੱਚ ਖੁਸ਼ਹਾਲੀ ਅਤੇ ਸ਼ਾਂਤੀ ਰਹੀ।



**ਮੁਲਤਾਨ ਦੀ ਦੌਲਤ ਲਈ ਹਮਲਾ**

ਇਸ ਸਮੇਂ ਦੌਰਾਨ, ਇਹ ਖੇਤੀਬਾੜੀ ਅਤੇ ਵਪਾਰ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ। ਆਪਣੀ ਕਿਤਾਬ 'ਏ ਬ੍ਰੀਫ ਹਿਸਟਰੀ ਆਫ਼ ਦਿ ਸਿਖਸ' ਵਿੱਚ ਦਵਿੰਦਰ ਸਿੰਘ ਮਾਂਗਟ ਦੱਸਦੇ ਹਨ ਕਿ ਸਿੰਧ, ਚਨਾਬ, ਰਾਵੀ ਅਤੇ ਸਤਲੁਜ ਦਰਿਆਵਾਂ ਕਾਰਨ ਹਰੀ ਭਰੀ ਰਹਿਣ ਵਾਲੀ ਸੁਲਤਾਨ ਦੀ ਜ਼ਮੀਨ ਬਹੁਤ ਉਪਜਾਊ ਸੀ, ਜਿਸ ਤੋਂ ਸਾਲਾਨਾ 13 ਲੱਖ ਰੁਪਏ ਤੋਂ ਵੱਧ ਦੀ ਆਮਦਨ ਹੁੰਦੀ ਸੀ। ਇਸ ਵਿੱਚ ਲਿਖਿਆ ਹੈ, "ਇਸ ਤੋਂ ਇਲਾਵਾ, ਇਹ ਸ਼ਹਿਰ ਕਈ ਦੇਸ਼ਾਂ ਤੋਂ ਸਾਮਾਨ ਅਤੇ ਘੋੜਿਆਂ ਦੇ ਵਪਾਰ ਲਈ ਇੱਕ ਮਹੱਤਵਪੂਰਨ ਕੇਂਦਰ ਸੀ। ਮੁਲਤਾਨ ਦਾ ਰੇਸ਼ਮ ਉਦਯੋਗ ਆਪਣੀ ਕਾਰੀਗਰੀ ਅਤੇ ਚੰਗੀ ਗੁਣਵੱਤਾ ਲਈ ਮਸ਼ਹੂਰ ਸੀ।" "ਬੁਖਾਰਾ ਤੋਂ ਵਿਕਰੀ ਲਈ ਰੇਸ਼ਮ ਦੇ ਧਾਗੇ ਇੱਥੇ ਲਿਆਂਦੇ ਜਾਂਦੇ ਸਨ ਇੱਥੇ ਉਨ੍ਹਾਂ ਤੋਂ ਕੱਪੜੇ ਤਿਆਰ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਪੂਰੇ ਭਾਰਤ ਵਿੱਚ ਵੇਚਿਆ ਜਾਂਦਾ ਸੀ। ਹਰ ਸਾਲ ਮੁਲਤਾਨ ਵਿੱਚ 40 ਹਜ਼ਾਰ ਮੀਟਰ ਰੇਸ਼ਮ ਦਾ ਕੱਪੜਾ ਤਿਆਰ ਕੀਤਾ ਜਾਂਦਾ ਸੀ।" ਅਤੇ ਇਸ ਅਥਾਹ ਦੌਲਤ ਦੇ ਕਾਰਨ, ਇਸ ਨੇ ਲੁਟੇਰਿਆਂ ਨੂੰ ਆਕਰਸ਼ਿਤ ਕੀਤਾ।

ਫ਼ਕੀਰ ਸਈਅਦ ਏਜਾਜ਼ ਉਦੀਨ ਇੱਕ ਕਿਤਾਬ ਜ਼ਬਦਤੁਲ ਅਖ਼ਬਾਰ ਦੀ ਸਮੀਖਿਆ ਕਰਦੇ ਹੋਏ ਲਿਖਦੇ ਹਨ ਕਿ 1759 ਈਸਵੀ ਵਿੱਚ ਮਰਾਠਿਆਂ ਨੇ ਮੁਲਤਾਨ ਨੂੰ ਜੰਮ ਕੇ ਲੁੱਟਿਆ, ਇਸ ਦੇ ਬਾਵਜੂਦ ਇੱਥੇ ਇੰਨੀ ਦੌਲਤ ਬਚੀ ਸੀ ਕਿ ਇਸ ਨੇ ਸਿੱਖਾਂ ਨੂੰ ਆਕਰਸ਼ਿਤ ਕੀਤਾ। ਉਹ ਲਿਖਦੇ ਹਨ, "ਈਦ ਵਾਲੇ ਦਿਨ, 27 ਦਸੰਬਰ 1772 ਨੂੰ ਭੰਗੀ ਸਿੱਖਾਂ ਨੇ ਮੁਲਤਾਨ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਜਦੋਂ ਇਸਦਾ ਗਵਰਨਰ ਅਤੇ ਉਸ ਦੀ ਫੌਜ ਈਦ ਦੀ ਨਮਾਜ਼ ਅਦਾ ਕਰਨ ਵਿੱਚ ਰੁੱਝੇ ਹੋਏ ਸਨ।" "ਮੁਲਤਾਨ 1780 ਤੱਕ ਉਨ੍ਹਾਂ ਦੇ ਕਬਜ਼ੇ ਵਿੱਚ ਰਿਹਾ। ਇਸ ਤੋਂ ਬਾਅਦ, ਅਫ਼ਗਾਨ ਹਮਲਾਵਰ ਤੈਮੂਰ ਸ਼ਾਹ ਦੁਰਾਨੀ ਨੇ ਫੌਜ ਨਾਲ ਕਿਲ੍ਹੇ 'ਤੇ ਹਮਲਾ ਕੀਤਾ ਅਤੇ ਨੌਜਵਾਨ ਅਫ਼ਗਾਨ ਨਵਾਬ ਮੁਜ਼ੱਫਰ ਖਾਨ ਸਦੋਜ਼ਈ ਦੀ ਮਦਦ ਨਾਲ ਉੱਥੇ ਦੀ ਫੌਜ ਨੂੰ ਹਰਾ ਦਿੱਤਾ।" "ਅਗਲੇ 38 ਸਾਲਾਂ ਤੱਕ, ਮੁਜ਼ੱਫਰ ਖਾਨ ਨੇ ਮੁਲਤਾਨ 'ਤੇ ਬਹੁਤ ਵਧੀਆ ਰਾਜ ਕੀਤਾ।"

ਉਨ੍ਹੀਵੀਂ ਸਦੀ ਦੀ ਸ਼ੁਰੂਆਤ ਵਿੱਚ ਲਾਹੌਰ ਵਿੱਚ ਸ਼ਾਸਨ ਕਰ ਰਹੇ ਮਹਾਰਾਜਾ ਰਣਜੀਤ ਸਿੰਘ ਦੀਆਂ ਨਜ਼ਰਾਂ ਮੁਲਤਾਨ 'ਤੇ ਟਿਕੀਆਂ ਹੋਈਆਂ ਸਨ। ਜੇਐਸ ਗਰੇਵਾਲ ਆਪਣੀ ਕਿਤਾਬ 'ਦਿ ਸਿੱਖਸ ਆਫ਼ ਦਿ ਪੰਜਾਬ' ਵਿੱਚ ਲਿਖਦੇ ਹਨ ਕਿ ਰਣਜੀਤ ਸਿੰਘ ਨੇ ਜਿਨ੍ਹਾਂ ਇਲਾਕਿਆਂ 'ਤੇ ਕਬਜ਼ਾ ਕੀਤਾ ਸੀ, ਉਹ ਪਹਿਲਾਂ ਉਨ੍ਹਾਂ ਦੇ ਅਧੀਨ ਸਨ ਅਤੇ ਟੈਕਸ ਦਿੰਦੇ ਸਨ, ਭਾਵੇਂ ਉਹ ਸਿੱਖ ਸਨ ਜਾਂ ਗ਼ੈਰ-ਸਿੱਖ, ਮੈਦਾਨੀ ਜਾਂ ਪਹਾੜੀ। ਉਦਾਹਰਣ ਵਜੋਂ, ਖੁਸ਼ਾਬ, ਸਾਹੀਵਾਲ, ਝੰਗ ਅਤੇ ਮਨਕੇਰਾ ਦੇ ਸ਼ਾਸਕ ਆਪਣੇ ਇਲਾਕਿਆਂ 'ਤੇ ਰਣਜੀਤ ਸਿੰਘ ਦੇ ਕਬਜ਼ੇ ਤੋਂ ਪਹਿਲਾਂ ਕਈ ਸਾਲਾਂ ਤੱਕ ਟੈਕਸ ਅਦਾ ਕਰਦੇ ਆ ਰਹੇ ਸਨ।

ਅਕਸਰ ਅਜਿਹਾ ਹੁੰਦਾ ਸੀ ਕਿ ਰਣਜੀਤ ਸਿੰਘ ਟੈਕਸ ਦੀ ਰਕਮ ਵਧਾਉਂਦੇ ਰਹਿੰਦੇ ਅਤੇ ਟੈਕਸ ਦੀ ਰਕਮ ਇੰਨੀ ਜ਼ਿਆਦਾ ਹੋ ਜਾਂਦੀ ਸੀ ਕਿ ਉਹ ਇਸਨੂੰ ਅਦਾ ਕਰਨ ਦੀ ਸਥਿਤੀ ਵਿੱਚ ਨਹੀਂ ਹੁੰਦੇ ਸਨ ਜਾਂ ਉਹ ਇਸਨੂੰ ਅਦਾ ਕਰਨ ਤੋਂ ਇਨਕਾਰ ਕਰ ਦਿੰਦੇ ਸਨ। ਇਸ ਤੋਂ ਬਾਅਦ, ਇੱਕ ਅਜਿਹੀ ਸਥਿਤੀ ਪੈਦਾ ਹੁੰਦੀ ਸੀ ਜੋ ਉਸ ਇਲਾਕੇ 'ਤੇ ਕਬਜ਼ਾ ਕਰਨ ਦਾ ਬਹਾਨਾ ਬਣ ਜਾਂਦੀ ਸੀ। "ਮੁਲਤਾਨ ਦੇ ਗਵਰਨਰ ਨੇ ਵੀ ਕਰੀਬ ਇੱਕ ਦਹਾਕੇ ਤੱਕ ਉਨ੍ਹਾਂ ਨੂੰ ਟੈਕਸ ਦਿੱਤਾ ਸੀ।" ਇਸ ਬਾਰੇ ਵਿਸਤ੍ਰਿਤ ਜਾਣਕਾਰੀ 'ਦਿ ਹਿਸਟਰੀ ਆਫ਼ ਦਿ ਸਿੱਖਸ' ਵਿੱਚ ਦਿੱਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ 'ਤੇ ਸੱਤ ਵਾਰ ਹਮਲਾ ਕੀਤਾ।

"ਪਹਿਲਾ ਹਮਲਾ 1802 ਵਿੱਚ ਹੋਇਆ ਸੀ ਜਿਸ 'ਤੇ ਨਵਾਬ ਮੁਜ਼ੱਫਰ ਖਾਨ ਨੇ ਉਨ੍ਹਾਂ ਦੇ ਅਧੀਨ ਰਹਿਣ ਅਤੇ ਟੈਕਸ ਦੇਣ ਦਾ ਵਾਅਦਾ ਕੀਤਾ ਸੀ। 1805 ਵਿੱਚ, ਦੂਜੇ ਹਮਲੇ 'ਤੇ ਵੀ ਤੋਹਫ਼ੇ ਅਤੇ ਸੱਤਰ ਹਜ਼ਾਰ ਰੁਪਏ ਦਿੱਤੇ ਗਏ ਸਨ। ਤੀਜਾ ਹਮਲਾ 1807 ਵਿੱਚ ਝੰਗ ਦੇ ਸ਼ਾਸਕ ਅਹਿਮਦ ਖਾਨ ਸਿਆਲ ਦੇ ਉਕਸਾਉਣ 'ਤੇ ਹੋਇਆ ਸੀ, ਪਰ ਘੇਰਾਬੰਦੀ ਟੈਕਸ ਅਤੇ ਘੋੜੇ ਦੇ ਕੇ ਖ਼ਤਮ ਕਰ ਦਿੱਤੀ ਗਈ ਸੀ।" "1810 ਵਿੱਚ ਚੌਥੇ ਹਮਲੇ ਵਿੱਚ, ਭਾਰੀ ਲੜਾਈ ਤੋਂ ਬਾਅਦ, ਨਵਾਬ ਨੇ ਇੱਕ ਲੱਖ ਅੱਸੀ ਹਜ਼ਾਰ ਰੁਪਏ ਅਤੇ 20 ਘੋੜੇ ਦਿੱਤੇ ਅਤੇ ਸਾਲਾਨਾ ਟੈਕਸ ਦੇਣ ਦੇ ਵਾਅਦੇ 'ਤੇ ਸ਼ਾਂਤੀ ਬਣਾਈ। ਪੰਜਵਾਂ ਹਮਲਾ 1812 ਵਿੱਚ ਟੈਕਸ ਦੇਣ ਦੇ ਵਾਅਦੇ 'ਤੇ ਖ਼ਤਮ ਹੋਇਆ।" "ਛੇਵਾਂ ਹਮਲਾ 1815 ਵਿੱਚ ਟੈਕਸ ਵਿੱਚ ਦੇਰੀ ਕਾਰਨ ਹੋਇਆ ਸੀ ਜਿਸ ਵਿੱਚ ਨਵਾਬ ਨੂੰ ਦੋ ਲੱਖ ਰੁਪਏ ਵੱਖਰੇ ਤੌਰ 'ਤੇ ਅਦਾ ਕਰਨੇ ਪਏ। 1816 ਅਤੇ 1817 ਵਿੱਚ ਟੈਕਸ ਭੁਗਤਾਨ ਜਾਰੀ ਰਿਹਾ, ਪਰ ਨਵਾਬ ਨੇ ਅੰਤ ਵਿੱਚ ਲਗਾਤਾਰ ਵਿੱਤੀ ਦਬਾਅ ਕਾਰਨ ਫੌਜੀ ਵਿਰੋਧ ਦੀ ਤਿਆਰੀ ਸ਼ੁਰੂ ਕਰ ਦਿੱਤੀ।"

**ਮੁਲਤਾਨ 'ਤੇ ਸਿੱਖ ਫੌਜ ਦਾ ਹਮਲਾ**

1818 ਦੇ ਸ਼ੁਰੂ ਵਿੱਚ ਰਣਜੀਤ ਸਿੰਘ ਨੇ ਮੁਲਤਾਨ 'ਤੇ ਆਪਣਾ ਆਖ਼ਰੀ ਹਮਲਾ ਕੀਤਾ। ਗੁਲਸ਼ਨ ਲਾਲ ਚੋਪੜਾ ਆਪਣੀ ਕਿਤਾਬ 'ਦਿ ਪੰਜਾਬ ਐਜ਼ ਏ ਸੋਵਰੇਨ ਸਟੇਟ' ਵਿੱਚ ਲਿਖਦੇ ਹਨ ਕਿ ਜਨਵਰੀ 1818 ਤੱਕ, ਸਿੱਖ ਸਲਤਨਤ ਨੇ ਲਾਹੌਰ ਤੋਂ ਮੁਲਤਾਨ ਤੱਕ ਰਸਦ ਦੀ ਇੱਕ ਵਿਆਪਕ ਵਿਵਸਥਾ ਕਰ ਲਈ ਸੀ, ਜਿਸ ਦੇ ਤਹਿਤ ਜੇਹਲਮ, ਚਨਾਬ ਅਤੇ ਰਾਵੀ ਦਰਿਆਵਾਂ 'ਤੇ ਕਿਸ਼ਤੀਆਂ ਰਾਹੀਂ ਸਾਮਾਨ ਪਹੁੰਚਾਇਆ ਜਾਂਦਾ ਸੀ। "ਰਾਣੀ ਰਾਜ ਕੌਰ (ਮਾਈ ਨਿਕਾਇਨ ਵਜੋਂ ਮਸ਼ਹੂਰ) ਨੂੰ ਭੋਜਨ ਅਤੇ ਹਥਿਆਰਾਂ ਦੀ ਸਪਲਾਈ ਦੀ ਕਮਾਨ ਸੌਂਪੀ ਗਈ ਸੀ। ਉਹ ਖੁਦ ਕੋਟ ਕਮਾਲੀਆ ਨੂੰ ਘੋੜਿਆਂ, ਅਨਾਜ ਅਤੇ ਬਾਰੂਦ ਦੀਆਂ ਨਿਯਮਤ ਖੇਪਾਂ ਭੇਜਦੀ ਸੀ, ਜੋ ਕਿ ਲਾਹੌਰ ਅਤੇ ਮੁਲਤਾਨ ਦੇ ਵਿਚਕਾਰ ਹੈ।"

**ਲੰਬੀ ਘੇਰਾਬੰਦੀ**

ਹੈਨਰੀ ਥੌਬੀ ਪ੍ਰਿੰਸੇਪ ਆਪਣੀ ਕਿਤਾਬ ' ਰਿਜਨਜ਼ ਆਫ਼ ਦਿ ਸਿੱਖ ਪਾਵਰ ਇਨ ਦਿ ਪੰਜਾਬ' ਵਿੱਚ ਲਿਖਦੇ ਹਨ ਕਿ ਜ਼ਬਰਦਸਤੀ, ਲੁੱਟ ਅਤੇ ਤਬਾਹੀ ਕਾਰਨ ਮੁਲਤਾਨ ਦੇ ਸਰੋਤ ਹਰ ਸਾਲ ਘੱਟ ਹੁੰਦੇ ਜਾ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਆਸ ਸੀ ਕਿ ਮੁਜ਼ੱਫਰ ਖਾਨ ਦੀ ਰੱਖਿਆ ਤਿਆਰੀ ਦੇ ਸਾਧਨ ਹੁਣ ਇੰਨੇ ਘੱਟ ਹੋ ਗਏ ਹਨ ਕਿ ਸ਼ਹਿਰ ਅਤੇ ਕਿਲਾ ਆਸਾਨੀ ਨਾਲ ਜਿੱਤਿਆ ਜਾ ਸਕਦਾ ਹੈ। ਕਿਤਾਬ ਵਿੱਚ ਲਿਖਿਆ ਹੈ, "ਪਰ ਇਸ ਮੁਹਿੰਮ ਤੋਂ ਪਹਿਲਾਂ, ਰਣਜੀਤ ਸਿੰਘ ਨੇ ਝੰਗ ਦੇ ਸਾਬਕਾ ਸ਼ਾਸਕ ਅਹਿਮਦ ਖਾਨ ਸਿਆਲ ਨੂੰ ਰਿਹਾਅ ਕਰ ਦਿੱਤਾ, ਜੋ ਨੌਂ ਮਹੀਨਿਆਂ ਤੋਂ ਉਸ ਦੀ ਕੈਦ ਵਿੱਚ ਸੀ। ਉਨ੍ਹਾਂ ਨੂੰ ਰਹਿਣ ਲਈ ਇੱਕ ਛੋਟੀ ਜਿਹੀ ਜਾਇਦਾਦ ਵੀ ਦਿੱਤੀ ਗਈ ਸੀ।"

ਉਹ ਲਿਖਦੇ ਹਨ, "ਰਣਜੀਤ ਸਿੰਘ ਦੇ ਉੱਤਰਾਧਿਕਾਰੀ ਰਾਜਕੁਮਾਰ ਖੜਕ ਸਿੰਘ ਨੂੰ ਇਸ ਮੁਹਿੰਮ ਦੀ ਕਮਾਨ ਸਤਹੀ ਪੱਧਰ 'ਤੇ ਦਿੱਤੀ ਗਈ ਸੀ, ਜਦੋਂ ਕਿ ਦੀਵਾਨ ਚੰਦ ਨੂੰ ਵਿਹਾਰਕ ਕਮਾਨ ਸੌਂਪੀ ਗਈ ਸੀ। ਉਹ ਆਪਣੀ ਯੋਗਤਾ ਅਤੇ ਮਿਹਨਤ ਨਾਲ ਇੱਕ ਛੋਟੇ ਅਹੁਦੇ ਤੋਂ ਉੱਭਰ ਕੇ ਤੋਪਖਾਨੇ ਦਾ ਕਮਾਂਡਰ ਬਣ ਗਏ ਸਨ।" "ਪਰ ਕਿਉਂਕਿ ਜਗੀਰਦਾਰ 'ਕੱਲ੍ਹ ਦਾ ਆਇਆ ਹੋਇਆ ਆਦਮੀ' ਕਹਿ ਉਨ੍ਹਾਂ ਦੇ ਅਧੀਨ ਰਹਿਣ ਤੋਂ ਝਿਜਕ ਰਹੇ ਸਨ, ਇਸ ਲਈ ਰਣਜੀਤ ਸਿੰਘ ਨੇ ਰਾਜਕੁਮਾਰ ਨੂੰ ਰਸਮੀ ਤੌਰ 'ਤੇ ਸਿਪਹਸਾਲਾਰ ਬਣਾ ਕੇ ਸਭ ਦੀ ਅਗਵਾਈ ਦਾ ਹੱਲ ਕੱਢਿਆ।" "ਰਾਵੀ ਅਤੇ ਚਿਨਾਬ ਵਿੱਚ ਮੌਜੂਦ ਸਾਰੀਆਂ ਬੇੜੀਆਂ ਫੌਜੀ ਰਸਦ ਅਤੇ ਸਮਾਨ ਲੈ ਕੇ ਜਾਣ ਲਈ ਗਈਆਂ ਅਤੇ ਜਨਵਰੀ 1818 ਵਿੱਚ ਫੌਜ ਨੇ ਕੂਚ ਕੀਤਾ।" ਉਨ੍ਹਾਂ ਨੇ ਲਿਖਿਆ, "ਮੁਜ਼ੱਫਰ ਖਾਨ ਤੋਂ ਇੱਕ ਵੱਡੀ ਨਕਦੀ ਦੀ ਮੰਗ ਕੀਤੀ ਗਈ ਅਤੇ ਉਸ ਦੇ ਪੰਜ ਸਭ ਤੋਂ ਵਧੀਆ ਘੋੜੇ ਮੰਗੇ ਗਏ। ਜਦੋਂ ਇਹ ਮੰਗ ਤੁਰੰਤ ਪੂਰੀ ਨਹੀਂ ਹੋਈ, ਤਾਂ ਮੁਜ਼ੱਫਰਗੜ੍ਹ ਅਤੇ ਖਾਗੜ੍ਹ ਦੇ ਕਿਲ੍ਹਿਆਂ 'ਤੇ ਹਮਲਾ ਕਰਕੇ ਕਬਜ਼ਾ ਕਰ ਲਿਆ ਗਿਆ।" "ਫਰਵਰੀ ਵਿੱਚ, ਮੁਲਤਾਨ ਸ਼ਹਿਰ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਅਤੇ ਸ਼ਹਿਰ ਦੇ ਕਿਲ੍ਹੇ ਨੂੰ ਬਿਨਾਂ ਕਿਸੇ ਜਾਨੀ ਨੁਕਸਾਨ ਦੇ ਘੇਰ ਲਿਆ ਗਿਆ।" "ਸਿੱਖ ਫੌਜ ਨੇ ਇਹ ਘੇਰਾਬੰਦੀ ਬਿਨਾਂ ਕਿਸੇ ਠੋਸ ਰਣਨੀਤੀ ਦੇ ਕੀਤੀ ਸੀ। ਕਿਲ੍ਹੇ ਦੇ ਸਾਰੇ ਪਾਸਿਆਂ ਤੋਂ ਤੋਪਾਂ ਨਾਲ ਅੰਨ੍ਹੇਵਾਹ ਫਾਇਰਿੰਗ ਕੀਤੀ ਜਾ ਰਹੀ ਸੀ। ਪਰ ਕਿਲ੍ਹੇ ਦੇ ਅੰਦਰ ਸਾਧਨਾਂ ਦੀ ਇੰਨੀ ਘਾਟ ਸੀ ਕਿ ਇਸ ਅਸੰਗਠਿਤ ਹਮਲੇ ਦੇ ਬਾਵਜੂਦ, ਲਗਾਤਾਰ ਗੋਲਾਬਾਰੀ ਕਾਰਨ ਕਿਲ੍ਹਾ ਕਈ ਥਾਵਾਂ ਤੋਂ ਟੁੱਟ ਗਿਆ ਅਤੇ ਇਸਦਾ ਉਪਰਲਾ ਹਿੱਸਾ ਲਗਭਗ ਬਰਬਾਦ ਹੋ ਗਿਆ।" 'ਸਿੱਖ ਇਨਸਾਇਕਲੋਪੀਡੀਆ' ਵਿੱਚ ਇਸ ਬਾਰੇ ਲਿਖਿਆ ਗਿਆ ਹੈ ਕਿ ਕਿਲ੍ਹਾ ਲਾਹੌਰ ਦਰਬਾਰ ਦੀਆਂ ਫੌਜਾਂ ਨਾਲ ਘਿਰਿਆ ਹੋਇਆ ਸੀ। ਜਨਰਲ ਇਲਾਹੀ ਬਖ਼ਸ਼ ਦੀਆਂ ਤੋਪਾਂ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਕਿਲ੍ਹੇ ਦੀਆਂ ਕੰਧਾਂ 'ਤੇ ਗੋਲਾਬਾਰੀ ਕਰਦੀਆਂ ਰਹੀਆਂ ਪਰ ਉਹ ਕੰਧਾਂ ਨੂੰ ਤੋੜ ਨਹੀਂ ਸਕੀਆਂ। ਫਿਰ ਅਪ੍ਰੈਲ ਵਿੱਚ 'ਜ਼ਮਜ਼ਮਾ' ਤੋਪ ਲਿਆਂਦੀ ਗਈ। ਇਸ ਵਿੱਚ ਲਿਖਿਆ ਹੈ, "ਇਸ ਤੋਪ ਨੇ ਹਰ ਵਾਰ 80 ਪੌਂਡ ਭਾਰ ਦਾ ਇੱਕ ਲੋਹੇ ਦਾ ਗੋਲਾ ਸੁੱਟਿਆ ਅਤੇ ਇਸ ਨਾਲ ਵੱਡੀਆਂ ਤਰੇੜਾਂ ਦਿਖਾਈ ਦਿੱਤੀਆਂ। ਜਦੋਂ ਦੁਸ਼ਮਣ ਹੋਰ ਤਰੇੜਾਂ ਨੂੰ ਬੰਦ ਕਰਨ ਵਿੱਚ ਰੁੱਝਿਆ ਹੋਇਆ ਸੀ, ਨਿਹੰਗ ਸਿੱਖਾਂ ਦੇ ਇੱਕ ਸਮੂਹ ਨੇ ਗੁਪਤ ਰੂਪ ਵਿੱਚ ਤੋਪ ਨੂੰ ਕਿਲ੍ਹੇ ਦੀ ਕੰਧ ਦੇ ਨੇੜੇ ਪਹੁੰਚਾ ਦਿੱਤਾ।" "ਤੋਪ ਨੇ ਕੰਧ ਵਿੱਚ ਇੱਕ ਛੇਕ ਤਾਂ ਕਰ ਦਿੱਤਾ ਪਰ ਇਸਦਾ ਇੱਕ ਪਹੀਆ ਟੁੱਟ ਗਿਆ। ਇਸ ਕਾਰਨ, ਇਹ ਸਹਾਰੇ ਤੋਂ ਬਿਨਾਂ ਸਹੀ ਦਿਸ਼ਾ ਵਿੱਚ ਗੋਲੀ ਨਹੀਂ ਚਲਾ ਸਕਦੀ ਸੀ। ਕਿਉਂਕਿ ਲਗਾਤਾਰ ਗੋਲੀਬਾਰੀ ਕਰਕੇ ਛੇਕ ਨੂੰ ਵੱਡਾ ਕਰਨਾ ਜ਼ਰੂਰੀ ਸੀ, ਇਸ ਲਈ ਸਿੱਖ ਸਿਪਾਹੀ ਤੋਪ ਨੂੰ ਸਹਾਰਾ ਦੇਣ ਦੀ 'ਕਿਸਮਤੀ' ਲਈ ਇੱਕ ਦੂਜੇ ਨਾਲ ਲੜਨ ਲੱਗ ਪਏ।" "ਕਈ ਲੋਕ ਤੋਪ ਦੇ ਟਕਰਾਅ ਨਾਲ ਮਾਰੇ ਗਏ ਪਰ ਤੋਪ ਗੋਲੀਬਾਰੀ ਕਰਦੀ ਰਹੀ ਅਤੇ ਇਸ ਨੇ ਕਿਲ੍ਹੇ ਦੀ ਕੰਧ ਵਿੱਚ ਇੱਕ ਵੱਡਾ ਛੇਕ ਬਣਾ ਦਿੱਤਾ।"



**ਸਿੱਖ ਸੈਨਿਕਾਂ ਵੱਲੋਂ ਅਚਾਨਕ ਹਮਲਾ**

ਪ੍ਰਿੰਸੇਪ ਦੇ ਅਨੁਸਾਰ, "ਮਈ ਵਿੱਚ ਸਿੱਖ ਫੌਜ ਦੀ ਪਹੁੰਚ ਰੱਖਿਆ ਦੀਵਾਰ ਤੋਂ ਪਹਿਲਾਂ ਖਾਈ 'ਤੇ ਪਹੁੰਚ ਗਈ ਅਤੇ ਫੌਜ ਹਮਲੇ ਲਈ ਬੇਤਾਬ ਹੋ ਗਈ। ਪਰ ਰਣਜੀਤ ਸਿੰਘ, ਜੋ ਮੌਕੇ 'ਤੇ ਮੌਜੂਦ ਨਹੀਂ ਸੀ, ਨੇ ਕਿਸੇ ਵੀ ਕਿਸਮ ਦਾ ਜੋਖ਼ਮ ਨਾ ਲੈਣ ਦਾ ਹੁਕਮ ਦਿੱਤਾ।" "ਉਹ ਘੇਰਾਬੰਦੀ ਸੰਬੰਧੀ ਸਾਰੇ ਫ਼ੈਸਲੇ ਖੁਦ ਲੈਂਦੇ ਸੀ। ਉਨ੍ਹਾਂ ਨੇ ਨਵਾਬ ਮੁਜ਼ੱਫਰ ਖਾਨ ਨੂੰ ਵਾਰ-ਵਾਰ ਪ੍ਰਸਤਾਵ ਦਿੱਤਾ ਕਿ ਜੇਕਰ ਉਹ ਆਤਮ ਸਮਰਪਣ ਕਰ ਦਿੰਦੇ ਹਨ ਤਾਂ ਉਨ੍ਹਾਂ ਨੂੰ ਜਾਗੀਰ ਦਿੱਤੀ ਜਾਵੇਗੀ, ਪਰ ਮੁਜ਼ੱਫਰ ਖਾਨ ਆਖ਼ਰੀ ਸਾਹ ਤੱਕ ਲੜਨ ਲਈ ਤਿਆਰ ਦਿਖਾਈ ਦਿੱਤੇ।" ਪ੍ਰਿੰਸੇਪ ਨੇ ਲਿਖਿਆ, "ਇਸ ਦੌਰਾਨ, 2 ਜੂਨ ਨੂੰ, ਇੱਕ ਅਕਾਲੀ ਸਿਪਾਹੀ ਸਾਧੂ ਸਿੰਘ ਨੇ ਕੁਝ ਸਾਥੀਆਂ ਨਾਲ ਮਿਲ ਕੇ ਬਿਨਾਂ ਕਿਸੇ ਹੁਕਮ ਦੇ ਹਮਲਾ ਕੀਤਾ ਅਤੇ ਖਾਈ ਵਿੱਚ ਮੌਜੂਦ ਅਫ਼ਗਾਨਾਂ 'ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ, ਜੋ ਉਸ ਸਮੇਂ ਸੁੱਤੇ ਹੋਏ ਸਨ ਜਾਂ ਤਿਆਰ ਨਹੀਂ ਸਨ।" "ਖਾਈ ਵਿੱਚ ਮੌਜੂਦ ਸਿਪਾਹੀਆਂ ਦੀ ਇਸ ਹਾਲਤ ਨੂੰ ਦੇਖ ਕੇ, ਸਿੱਖ ਸਿਪਾਹੀ ਬਿਨਾਂ ਕਿਸੇ ਹੁਕਮ ਦੇ ਹਮਲੇ ਦਾ ਸਮਰਥਨ ਕਰਨ ਲਈ ਅੱਗੇ ਵਧੇ ਅਤੇ ਪੂਰੀ ਬਾਹਰੀ ਸੁਰੱਖਿਆ ਪੱਟੀ 'ਤੇ ਕਬਜ਼ਾ ਕਰ ਲਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਅਫ਼ਗਾਨ ਮਾਰੇ ਗਏ।"

ਪ੍ਰਿੰਸੇਪ ਦੇ ਅਨੁਸਾਰ, ਇਸ ਅਚਾਨਕ ਸਫਲਤਾ ਤੋਂ ਉਤਸ਼ਾਹਿਤ ਹੋ ਕੇ, ਸਿੱਖ ਸਿਪਾਹੀਆਂ ਨੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ ਅਤੇ ਕਿਉਂਕਿ ਕੰਧਾਂ ਪਹਿਲਾਂ ਹੀ ਕਈ ਥਾਵਾਂ ਤੋਂ ਟੁੱਟ ਚੁੱਕੀਆਂ ਸਨ, ਇਸ ਲਈ ਉਨ੍ਹਾਂ ਲਈ ਅੰਦਰ ਜਾਣਾ ਆਸਾਨ ਹੋ ਗਿਆ। ਕਿਲ੍ਹੇ ਦੀ ਰਾਖੀ ਕਰਨ ਵਾਲੇ ਸਿਪਾਹੀ ਇਸ ਦੀ ਉਮੀਦ ਨਹੀਂ ਕਰ ਰਹੇ ਸਨ ਅਤੇ ਨਾ ਹੀ ਉਹ ਕਿਸੇ ਕਿਸਮ ਦਾ ਵਿਰੋਧ ਦਿਖਾ ਸਕਦੇ ਸਨ। ਇਸ ਲਈ, ਕਿਲ੍ਹੇ ਨੂੰ ਅਚਾਨਕ ਜਿੱਤ ਲਿਆ ਗਿਆ। "ਨਵਾਬ ਮੁਜ਼ੱਫਰ ਖਾਨ ਆਪਣੇ ਚਾਰ ਪੁੱਤਰਾਂ ਅਤੇ ਪਰਿਵਾਰਕ ਮੈਂਬਰਾਂ ਸਮੇਤ, ਉਸ ਦੇ ਘਰ ਦੇ ਦਰਵਾਜ਼ੇ 'ਤੇ ਲੜਦੇ ਹੋਏ ਜ਼ਖਮੀ ਹੋ ਗਏ ਅਤੇ ਮਾਰੇ ਗਏ।" "ਉਨ੍ਹਾਂ ਦੇ ਦੋ ਪੁੱਤਰ ਸ਼ਾਹਨਵਾਜ਼ ਖਾਨ ਅਤੇ ਹੱਕ ਨਵਾਜ਼ ਮੌਕੇ 'ਤੇ ਹੀ ਮਾਰੇ ਗਏ ਜਦੋਂ ਕਿ ਇੱਕ ਹੋਰ ਪੁੱਤਰ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਚੌਥਾ ਪੁੱਤਰ ਸਰਫਰਾਜ਼ ਖਾਨ, ਜਿਸ ਨੂੰ ਨਵਾਬ ਨੇ ਆਪਣੇ ਤੋਂ ਬਾਅਦ ਸਰਕਾਰ ਦੀ ਵਾਗਡੋਰ ਸੌਂਪਣ ਲਈ ਚੁਣਿਆ ਸੀ, ਇੱਕ ਤਹਿਖਾਨੇ ਵਿੱਚੋਂ ਜ਼ਿੰਦਾ ਫੜਿਆ ਗਿਆ ਸੀ।" ਪ੍ਰਿੰਸੇਪ ਲਿਖਦੇ ਹਨ ਕਿ ਹੁਣ ਕਿਲ੍ਹਾ ਲੁੱਟ ਲਿਆ ਗਿਆ ਸੀ ਅਤੇ ਹਮਲੇ ਵਿੱਚ ਸ਼ਾਮਲ ਸਿੱਖ ਸੈਨਿਕਾਂ ਨੂੰ ਬਹੁਤ ਜ਼ਿਆਦਾ ਦੌਲਤ ਮਿਲੀ। ਉਹ ਲਿਖਦੇ ਹਨ, "ਪਰ ਰਣਜੀਤ ਸਿੰਘ ਨੇ ਤੁਰੰਤ ਹੁਕਮ ਜਾਰੀ ਕੀਤੇ ਕਿ ਪੂਰੀ ਫੌਜ ਲਾਹੌਰ ਵਾਪਸ ਆ ਜਾਵੇ, ਸਿਵਾਏ ਇੱਕ ਟੁਕੜੀ ਦੇ ਜਿਸ ਦੀ ਅਗਵਾਈ ਜੋਧ ਸਿੰਘ ਕਲਸੀਆ ਨੂੰ ਸੌਂਪ ਦਿੱਤੀ ਗਈ ਸੀ ਤਾਂ ਜੋ ਉਹ ਕਿਲ੍ਹੇ ਦੀ ਦੇਖਭਾਲ ਕਰ ਸਕਣ।"

ਉਨ੍ਹਾਂ ਦੇ ਅਨੁਸਾਰ, "ਜਿਵੇਂ ਹੀ ਫੌਜ ਲਾਹੌਰ ਪਹੁੰਚੀ, ਇਹ ਐਲਾਨ ਕੀਤਾ ਗਿਆ ਕਿ ਮੁਲਤਾਨ ਦੀ ਲੁੱਟ ਵਿੱਚ ਮਿਲੀ ਸਾਰੀ ਦੌਲਤ ਸਿੱਖ ਸਲਤਨਤ ਦੀ ਹੈ ਅਤੇ ਹਰ ਸਿਪਾਹੀ, ਅਧਿਕਾਰੀ ਜਾਂ ਜਗੀਰਦਾਰ ਜਿਸ ਕੋਲ ਕੋਈ ਵੀ ਲੁੱਟਿਆ ਹੋਇਆ ਸਾਮਾਨ ਸੀ, ਉਸ ਨੂੰ ਇਸ ਨੂੰ ਖਜ਼ਾਨੇ ਵਿੱਚ ਜਮ੍ਹਾ ਕਰਵਾਉਣਾ ਚਾਹੀਦਾ ਹੈ। ਅਜਿਹਾ ਨਾ ਕਰਨ ਵਾਲਿਆਂ ਲਈ ਸਖ਼ਤ ਸਜ਼ਾ ਦਾ ਐਲਾਨ ਕੀਤਾ ਗਿਆ।" ਉਨ੍ਹਾਂ ਦੇ ਅਨੁਸਾਰ, "ਜ਼ਿਆਦਾਤਰ ਸਾਮਾਨ ਦਾ ਪਤਾ ਲਗਾ ਕੇ ਖਜ਼ਾਨੇ ਵਿੱਚ ਜਮ੍ਹਾ ਕਰਵਾ ਦਿੱਤਾ ਗਿਆ, ਹਾਲਾਂਕਿ ਇਹ ਕੰਮ ਪਸੰਦ ਨਹੀਂ ਆਇਆ ਅਤੇ ਇਸ ਨੂੰ ਲੁਕਾਉਣ ਦੀਆਂ ਕਈ ਕੋਸ਼ਿਸ਼ਾਂ ਤੋਂ ਬਾਅਦ ਪੂਰਾ ਕੀਤਾ ਗਿਆ।" "ਜਿਹੜੇ ਲੋਕ ਸਾਮਾਨ ਲੁਕਾਉਂਦੇ ਹੋਏ ਮਿਲ ਸਨ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ ਅਤੇ ਸਾਥੀਆਂ ਦੀ ਈਰਖਾ ਕਾਰਨ ਇਸ ਦਾ ਪਤਾ ਵੀ ਲੱਗਿਆ। ਇਸ ਤੋਂ ਬਾਅਦ, ਲਾਹੌਰ ਦੇ ਸਰਕਾਰੀ ਖ਼ਜ਼ਾਨੇ ਨੂੰ ਇਸ ਲੁੱਟ ਤੋਂ ਬਹੁਤ ਜ਼ਿਆਦਾ ਦੌਲਤ ਮਿਲੀ।" ਦਵਿੰਦਰ ਸਿੰਘ ਮਾਂਗਟ ਲਿਖਦੇ ਹਨ ਕਿ ਮੁਲਤਾਨ ਨੂੰ ਜਿੱਤਣ ਤੋਂ ਬਾਅਦ, ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਦਰਬਾਰੀਆਂ ਅਤੇ ਦਰਬਾਰ ਵਿੱਚ ਆਉਣ ਵਾਲੇ ਮਹਿਮਾਨਾਂ ਨੂੰ ਸਤਿਕਾਰ ਵਜੋਂ ਮੁਲਤਾਨੀ ਰੇਸ਼ਮੀ ਪਹਿਰਾਵੇ ਭੇਟ ਕੀਤੇ। ਮੁਲਤਾਨ ਨੂੰ ਜਿੱਤਣ ਵਾਲੇ ਦੀਵਾਨ ਚੰਦ ਨੂੰ 'ਜ਼ਫ਼ਰ ਜੰਗ ਬਹਾਦਰ' ਦਾ ਖ਼ਿਤਾਬ, ਪੰਚੀ ਹਜ਼ਾਰ ਰੁਪਏ ਦੀ ਜਾਗੀਰ ਅਤੇ ਇਨਾਮ ਵਜੋਂ ਇੱਕ ਲੱਖ ਰੁਪਏ ਦੀ ਖ਼ਿਲਅਤ (ਸ਼ਾਹੀ ਪਹਿਰਾਵਾ) ਦਿੱਤੀ ਗਈ। "ਨਵਾਬ ਮੁਜ਼ੱਫਰ ਖਾਨ ਦੇ ਪੁੱਤਰਾਂ ਸਰਫ਼ਰਾਜ਼ ਖਾਨ ਅਤੇ ਜ਼ਖਮੀ ਜ਼ੁਲਫ਼ਿਕਾਰ ਖਾਨ ਨੂੰ ਲਾਹੌਰ ਲਿਆਂਦਾ ਗਿਆ ਜਿੱਥੇ ਰਣਜੀਤ ਸਿੰਘ ਨੇ ਉਨ੍ਹਾਂ ਦੇ ਗੁਜ਼ਾਰੇ ਲਈ ਇੱਕ ਵਜ਼ੀਫ਼ਾ ਤੈਅ ਕੀਤਾ।"

**ਅਫ਼ਗਾਨ ਪ੍ਰਭਾਵ ਦਾ ਅੰਤ**

ਮਾਂਗਟ ਲਿਖਦੇ ਹਨ ਕਿ ਮੁਲਤਾਨ ਨੂੰ ਸਿੰਧ ਨਦੀ ਅਤੇ ਖ਼ੈਬਰ ਦੱਰੇ ਦੇ ਵਿਚਕਾਰ ਅਫ਼ਗਾਨ ਦਬਦਬੇ ਦਾ ਕੇਂਦਰ ਮੰਨਿਆ ਜਾਂਦਾ ਸੀ। ਉਹ ਲਿਖਦੇ ਹਨ, "ਮੁਲਤਾਨ ਨੂੰ ਲਾਹੌਰ ਦਰਬਾਰ ਨਾਲ ਜੋੜਨ ਨਾਲ ਪੰਜਾਬ ਅਤੇ ਦੱਖਣੀ ਖੇਤਰਾਂ ਵਿੱਚ ਅਫ਼ਗਾਨ ਦਬਦਬੇ ਦੇ ਅੰਤ ਦਾ ਸੰਕੇਤ ਮਿਲਿਆ। ਇਸ ਜਿੱਤ ਨੇ ਬਹਾਵਲਪੁਰ, ਡੇਰਾ ਗਾਜ਼ੀ ਖ਼ਾਨ, ਡੇਰਾ ਇਸਮਾਈਲ ਖ਼ਾਨ ਅਤੇ ਮਨਕੇਰਾ ਦੇ ਸਰਦਾਰਾਂ ਨੂੰ ਆਪਣੇ ਅਧੀਨ ਕਰਨ ਅਤੇ ਸਿੰਧ ਵੱਲ ਵਧਣ ਵਿੱਚ ਮਦਦ ਕੀਤੀ।" ਅਵਤਾਰ ਸਿੰਘ ਸਿੱਧੂ ਆਪਣੀ ਕਿਤਾਬ 'ਜਨਰਲ ਹਰੀ ਸਿੰਘ ਨਲਵਾ' ਵਿੱਚ ਲਿਖਦੇ ਹਨ ਕਿ ਮੁਲਤਾਨ ਦੀ ਘੇਰਾਬੰਦੀ ਦੇ ਅੰਤ ਦੇ ਨਾਲ, ਪੰਜਾਬ ਉੱਤੇ ਅਫ਼ਗਾਨਾਂ ਦਾ ਪ੍ਰਭਾਵ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਅਤੇ ਸਿੱਖਾਂ ਨੇ ਜਲਦੀ ਹੀ ਪੇਸ਼ਾਵਰ 'ਤੇ ਵੀ ਕਬਜ਼ਾ ਕਰ ਲਿਆ।

# ਜਾਤੀਗਤ ਜਨਗਣਨਾ ਦੀ ਸਰਕਾਰ ਨੇ ਖਿੱਚੀ ਤਿਆਰੀ

ਜਨਗਣਨਾ ਲਈ ਨੋਟੀਫਿਕੇਸ਼ਨ ਜਾਰੀ ਹੋਣ ਦਾ ਇੰਤਜ਼ਾਰ ਹੀ ਕੀਤਾ ਜਾ ਰਿਹਾ ਸੀ। ਇਸ ਲਈ ਹੋਰ ਵੀ ਵੱਧ ਕਿਉਂਕਿ ਇਕ ਤਾਂ ਕੋਰੋਨਾ ਮਹਾਮਾਰੀ ਤੇ ਹੋਰ ਕਾਰਨਾਂ ਕਾਰਨ ਇਸ ਨੂੰ ਸਮੇਂ ਸਿਰ ਸ਼ੁਰੂ ਨਹੀਂ ਕੀਤਾ ਜਾ ਸਕਿਆ ਸੀ ਅਤੇ ਫਿਰ ਕੁਝ ਸਮਾਂ ਪਹਿਲਾਂ ਸਰਕਾਰ ਨੇ ਅਚਾਨਕ ਜਾਤ-ਪਾਤ ਦੇ ਆਧਾਰ 'ਤੇ ਜਨਗਣਨਾ ਕਰਵਾਉਣ ਦਾ ਫ਼ੈਸਲਾ ਲੈ ਲਿਆ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇਹ ਜਨਗਣਨਾ ਹੋਣ ਜਾ ਰਹੀ ਹੈ। ਮੋਦੀ ਸਰਕਾਰ ਨੇ ਜਾਤ-ਪਾਤ ਆਧਾਰਤ ਜਨਗਣਨਾ ਕਰਾਉਣ ਦਾ ਫ਼ੈਸਲਾ ਲੈ ਕੇ ਸਿਰਫ਼ ਵਿਰੋਧੀ ਧਿਰ ਤੇ ਖ਼ਾਸ ਤੌਰ 'ਤੇ ਕਾਂਗਰਸ ਤੋਂ ਇਕ ਮੁੱਦਾ ਹੀ ਨਹੀਂ ਖੋਹਿਆ ਬਲਕਿ ਭਾਰਤੀ ਸਮਾਜ ਦੀ ਅਸਲ ਤਸਵੀਰ ਸਾਹਮਣੇ ਲਿਆਉਣ ਦਾ ਵੀ ਫ਼ੈਸਲਾ ਕੀਤਾ।

ਕਈ ਨੀਤੀਆਂ ਦਾ ਆਧਾਰ ਹੀ ਕਿਉਂਕਿ ਇਹ ਹੁੰਦਾ ਹੈ ਕਿ ਕਿਸ ਵਰਗ ਦੀ ਸਮਾਜਿਕ,



ਆਰਥਿਕ ਸਥਿਤੀ ਕੀ ਹੈ, ਇਸ ਲਈ ਸਿਧਾਂਤਕ ਤੌਰ 'ਤੇ ਜਾਤੀਗਤ ਜਨਗਣਨਾ ਕਰਵਾਉਣਾ ਵਾਜਬ ਤੇ ਜ਼ਰੂਰੀ ਸੀ। ਐਸਸੀ-ਐਸਟੀ ਭਾਈਚਾਰੇ ਦੀ ਗਣਨਾ ਤਾਂ ਹੋ ਹੀ ਰਹੀ ਸੀ। ਹੁਣ ਹੋਰ ਵਰਗਾਂ ਦੇ ਨਾਲ-ਨਾਲ ਬੀਸੀ ਦੀ ਵੀ ਹੋਵੇਗੀ। ਇਸ ਨੂੰ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ ਕਿ ਹਾਲੇ 1931 ਦੇ ਜਾਤੀਗਤ ਜਨਗਣਨਾ ਦੇ ਅੰਕੜਿਆਂ ਨੂੰ ਆਧਾਰ ਬਣਾ ਕੇ ਜਾਂ ਫਿਰ ਅੰਦਾਜ਼ੇ ਨਾਲ ਕੰਮ ਚਲਾਇਆ ਜਾ ਰਿਹਾ ਸੀ। ਆਜ਼ਾਦੀ ਤੋਂ ਬਾਅਦ ਕਿਸੇ ਕਾਰਨਾਂ ਕਰਕੇ ਤੇ ਸ਼ਾਇਦ ਜਾਤੀਵਾਦੀ ਸਿਆਸਤ ਨੂੰ ਤਾਕਤ ਮਿਲਣ ਦੇ ਖ਼ਦਸ਼ੇ ਸਦਕਾ ਜਾਤੀਵਾਰ ਜਨਗਣਨਾ ਤੋਂ ਬਚਿਆ ਗਿਆ।

ਇਸ ਖ਼ਦਸ਼ੇ ਨੂੰ ਸਿਰੇ ਤੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਅੱਜ ਵੀ ਕੁਝ ਲੋਕ ਇਹ ਖ਼ਦਸ਼ਾ ਪ੍ਰਗਟ ਕਰ ਰਹੇ ਹਨ ਕਿ ਜਾਤੀਗਤ ਜਨਗਣਨਾ ਦੇ ਅੰਕੜੇ ਕਿਤੇ ਉਨ੍ਹਾਂ ਸਿਆਸੀ ਪਾਰਟੀਆਂ ਦਾ ਕੰਮ ਸੌਖਾ ਨਾ ਕਰ ਦੇਣ, ਜੋ ਜਾਤੀ ਵਿਸ਼ੇਸ਼ ਦੀ ਹੀ ਸਿਆਸਤ ਕਰਦੇ ਹਨ। ਸਮਾਜਿਕ ਇਨਸਾਫ਼ ਦੇ ਨਾਂ 'ਤੇ ਸਮਾਜ ਨੂੰ ਵੰਡਣ ਵਾਲੀ ਜਾਤ-ਪਾਤ ਆਧਾਰਤ ਸਿਆਸਤ ਨਹੀਂ ਹੋਣ ਦਿੱਤੀ ਜਾਣੀ ਚਾਹੀਦੀ। ਜਿੱਥੇ ਸਰਕਾਰ ਨੂੰ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਦੀ ਗਣਨਾ ਕਰਾਉਂਦੇ ਹੋਏ ਇਸ ਖ਼ਦਸ਼ੇ ਨੂੰ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ, ਉੱਥੇ ਹੀ ਜਨਗਣਨਾ ਦੇ ਨੋਟੀਫਿਕੇਸ਼ਨ 'ਤੇ ਕਿੰਤੂ-ਪ੍ਰੰਤੂ ਕਰ ਰਹੀ ਕਾਂਗਰਸ ਨੂੰ ਦੱਸਣਾ ਚਾਹੀਦਾ ਕਿ ਆਖ਼ਰ ਉਸ ਨੇ ਆਪਣੇ ਲੰਬੇ ਸ਼ਾਸਨਕਾਲ ਵਿਚ ਅਜਿਹੀ ਜਨਗਣਨਾ ਕਿਉਂ ਨਹੀਂ ਕਰਵਾਈ? ਉਹ ਦੱਸੇ ਕਿ ਆਖ਼ਰ ਉਸ ਨੇ ਜਨਗਣਨਾ ਜ਼ਰੀਏ ਕਿਹੜੇ ਅਨੋਖੇ ਕੰਮ ਕੀਤੇ?

ਆਪਣੇ ਕਾਰਜਕਾਲ ਵਿਚ ਜਾਤੀਗਤ ਜਨਗਣਨਾ ਕਰਵਾਉਣ ਦੀ ਲੋੜ ਨੂੰ ਖ਼ਾਰਜ ਕਰਨ ਅਤੇ ਫਿਰ ਅਚਾਨਕ ਉਸ ਦੀ ਸਭ ਤੋਂ ਵੱਡੀ ਸਮਰਥਕ ਬਣੀ ਕਾਂਗਰਸ ਅਜਿਹਾ ਜਤਾ ਰਹੀ ਹੈ ਕਿ ਜਾਤੀਵਾਰ ਜਨਗਣਨਾ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦਾ ਇੱਕੋ-ਇੱਕ ਹੱਲ ਹੈ। ਬਿਨਾਂ ਸ਼ੱਕ ਜਾਤੀਗਤ ਜਨਗਣਨਾ ਨਾਲ ਲਗਪਗ ਇਕ ਸਦੀ ਬਾਅਦ ਭਾਰਤੀ ਸਮਾਜ ਦੇ ਬਹੁਤ ਜਾਣੇ-ਅਣਜਾਣੇ ਪਹਿਲੂਆਂ ਦੀ ਸੱਚਾਈ ਸਾਹਮਣੇ ਆਵੇਗੀ। ਕੁਝ ਮਿੱਥਾਂ ਟੁੱਟਣਗੀਆਂ-ਬਣਨਗੀਆਂ ਤੇ ਸਮਾਜਿਕ ਤੇ ਆਰਥਿਕ ਵਿਕਾਸ ਦੀਆਂ ਨੀਤੀਆਂ ਨੂੰ ਠੋਸ ਦਿਸ਼ਾ ਦੇਣ ਵਿਚ ਮਦਦ ਮਿਲੇਗੀ ਪਰ ਉਹ ਬਹੁਤ ਸਾਰੀਆਂ ਸਮੱਸਿਆਵਾਂ ਦੇ ਹੱਲ ਦੀ ਕੁੰਜੀ ਨਹੀਂ। ਠੀਕ ਉਵੇਂ ਹੀ ਜਿਵੇਂ ਰਾਖਵਾਂਕਰਨ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਦਾ। ਸੰਨ 2021 ਵਿਚ ਹੋਣ ਵਾਲੀ ਜਨਗਣਨਾ ਕਿਉਂਕਿ ਹੁਣ ਹੋਣ ਜਾ ਰਹੀ ਹੈ, ਇਸ ਲਈ ਅਗਲੀ ਜਨਗਣਨਾ 2031 'ਚ ਸ਼ਾਇਦ ਹੀ ਹੋਵੇ। ਜੋ ਵੀ ਹੋਵੇ, ਜਨਗਣਨਾ ਦੇ ਅੰਕੜੇ ਹੱਦਬੰਦੀ ਦੇ ਨਾਲ-ਨਾਲ ਮਹਿਲਾ ਰਾਖਵਾਂਕਰਨ ਲਾਗੂ ਕਰਨ ਦਾ ਆਧਾਰ ਵੀ ਬਣਨਗੇ।

# ਪੱਛਮੀ ਏਸ਼ੀਆ 'ਚ ਨਵੀਂ ਚੁਣੌਤੀ ਦਾ ਨਤੀਜਾ ਕੀ ਹੋਵੇਗਾ

ਈਰਾਨ 'ਤੇ ਇਜ਼ਰਾਈਲ ਦੇ ਹਮਲੇ ਅਤੇ ਫਿਰ ਈਰਾਨ ਦੀ ਜਵਾਬੀ ਕਾਰਵਾਈ ਨੇ ਪੱਛਮੀ ਏਸ਼ੀਆ ਵਿਚ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਪਹਿਲਾਂ ਇਜ਼ਰਾਈਲ ਨੇ ਈਰਾਨ ਦੇ ਪਰਮਾਣੂ ਟਿਕਾਣਿਆਂ ਅਤੇ ਵਿਗਿਆਨੀਆਂ ਨੂੰ ਨਿਸ਼ਾਨਾ ਬਣਾਇਆ ਤਾਂ ਜਵਾਬ ਵਿਚ ਈਰਾਨ ਨੇ ਤਲ ਅਵੀਵ ਸਮੇਤ ਕਈ ਬਸਤੀਆਂ 'ਤੇ ਖ਼ਤਰਨਾਕ ਹਮਲੇ ਕੀਤੇ। ਇਹ ਹਿੰਸਕ ਟਕਰਾਅ ਕਿਸ ਮੋੜ 'ਤੇ ਅਤੇ ਕਦੋਂ ਤੱਕ ਸਮਾਪਤ ਹੁੰਦਾ ਹੈ, ਉਸ ਨੂੰ ਲੈ ਕੇ ਤਾਂ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇੰਨਾ ਤੈਅ ਹੈ ਕਿ ਇਸ ਨੇ ਭਾਰਤੀ ਵਿਦੇਸ਼ ਨੀਤੀ ਅੱਗੇ ਇਕ ਵੱਡੀ ਦੁਚਿੱਤੀ ਖੜ੍ਹੀ ਕਰ ਦਿੱਤੀ ਹੈ। ਇਜ਼ਰਾਈਲ ਦੇ ਨਾਲ ਭਾਰਤ ਦੇ ਰੱਖਿਆ ਤੋਂ ਲੈ ਕੇ ਤਕਨੀਕ ਤੱਕ ਵਿਆਪਕ ਹਿੱਤ ਜੁੜੇ ਹੋਏ ਹਨ। ਥੇ ਹੀ ਈਰਾਨ ਨਾਲ ਭਾਰਤ ਦੇ ਇਤਿਹਾਸਕ ਸਬੰਧ ਰਹੇ ਹਨ। ਭਾਰਤ ਵਿਚ ਕਰੋੜਾਂ ਸ਼ੀਆ ਮੁਸਲਮਾਨ ਰਹਿੰਦੇ ਹਨ ਅਤੇ ਈਰਾਨ ਸ਼ੀਆ ਸਮੁਦਾਇ ਦਾ ਆਲਮੀ ਨੇਤਾ ਮੰਨਿਆ ਜਾਂਦਾ ਹੈ।

ਇਸ ਤੋਂ ਇਲਾਵਾ ਈਰਾਨ ਊਰਜਾ ਸੋਮਿਆਂ ਨਾਲ ਵੀ ਸੰਪੰਨ ਹੈ। ਚਾਬਹਾਰ ਬੰਦਰਗਾਹ ਦੀਆਂ ਸਮਰੱਥਾਵਾਂ ਦਾ ਪੂਰੀ ਤਰ੍ਹਾਂ ਫ਼ਾਇਦਾ ਨਾ ਲਿਆ ਜਾ ਸਕਣ ਦੇ ਬਾਵਜੂਦ ਉਹ ਕੁਨੈਕਟੀਵਿਟੀ ਦੀ ਇਕ ਅਹਿਮ ਕੜੀ ਹੈ। ਇਸ ਮਾਮਲੇ ਨਾਲ ਕਈ ਹੋਰ ਮਹੱਤਵਪੂਰਨ ਪਹਿਲੂ ਵੀ ਜੁੜੇ ਹੋਏ ਹਨ। ਖਾੜੀ ਦੇਸ਼ਾਂ ਵਿਚ ਭਾਰਤ ਦੇ ਰੱਖਿਆ, ਆਰਥਿਕ ਅਤੇ ਵਣਜ ਹਿੱਤ ਜੁੜੇ ਹੋਏ ਹਨ। ਇਸੇ ਕੜੀ ਵਿਚ ਸੰਯੁਕਤ ਅਰਬ ਅਮੀਰਾਤ ਯਾਨੀ ਯੂਏਈ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਜੋਟੀਦਾਰਾਂ 'ਚੋਂ ਇਕ ਦੇ ਤੌਰ 'ਤੇ ਉੱਭਰਿਆ ਹੈ। ਕੁਵੈਤ, ਕਤਰ ਅਤੇ ਯੂਏਈ ਤੋਂ ਇਲਾਵਾ ਸਾਊਦੀ ਅਰਬ ਤੇਲ ਅਤੇ ਗੈਸ ਦੇ ਪ੍ਰਮੁੱਖ ਸਪਲਾਇਰ ਹਨ। ਇਹ ਵੀ ਕਾਬਿਲੇਗ਼ੌਰ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਲਗਪਗ 90 ਲੱਖ ਭਾਰਤੀ ਆਪਣੀ ਰੋਜ਼ੀ-ਰੋਟੀ ਲਈ ਵਸੇ ਹੋਏ ਹਨ। ਰੈਮਿਟੈਂਸ ਜ਼ਰੀਏ ਉਹ ਦੇਸ਼ ਪ੍ਰਤੀ ਅਹਿਮ ਆਰਥਿਕ ਯੋਗਦਾਨ ਦੇ ਰਹੇ ਹਨ। ਅਜਿਹੇ ਵਿਚ ਭਾਰਤ ਲਈ ਇਹ ਮਹੱਤਵਪੂਰਨ ਹੋਵੇਗਾ ਕਿ ਇਹ ਤਣਾਅ ਇਨ੍ਹਾਂ ਦੇਸ਼ਾਂ ਤੱਕ ਨਾ ਫੈਲੇ। ਕਿਸੇ ਇਲਾਕੇ ਵਿਚ ਜੇ ਹਿੰਸਾ ਭੜਕੀ ਹੋਈ ਹੋਵੇ ਤਾਂ ਉੱਥੋਂ ਲੱਖਾਂ ਲੋਕਾਂ ਨੂੰ ਕੱਢਣਾ ਇਕ ਵੱਡੀ ਚੁਣੌਤੀ ਬਣ ਜਾਂਦੀ ਹੈ। ਇਸ ਲਈ ਇਸ ਹਿੰਸਕ ਟਕਰਾਅ ਦਾ ਜਲਦ ਤੋਂ ਜਲਦ ਰੁਕਣਾ ਹੀ ਸਹੀ ਹੋਵੇਗਾ। ਇਸ ਦੌਰਾਨ ਈਰਾਨ ਨੇ ਧਮਕੀ ਦਿੱਤੀ ਹੈ ਕਿ ਜੇ ਅਮਰੀਕਾ, ਬ੍ਰਿਟੇਨ ਜਾਂ ਫਰਾਂਸ ਉਸ ਦੇ ਹਮਲਿਆਂ ਤੋਂ ਇਜ਼ਰਾਈਲ ਨੂੰ ਬਚਾਉਣ ਲਈ ਅੱਗੇ ਆਉਂਦੇ ਹਨ ਤਾਂ ਉਹ ਇਸ ਖੇਤਰ ਵਿਚ ਇਨ੍ਹਾਂ ਦੇਸ਼ਾਂ ਦੇ ਹਿੱਤਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ।




ਹਾਲਾਤ ਨੂੰ ਭਾਂਪਦੇ ਹੋਏ ਭਾਰਤ ਨੇ ਹਾਲ ਹੀ ਵਿਚ ਇਕ ਵਿਵੇਕਸ਼ੀਲ ਬਿਆਨ ਜਾਰੀ ਕੀਤਾ। ਵਿਦੇਸ਼ ਮੰਤਰਾਲੇ ਨੇ ਇਸ ਟਕਰਾਅ 'ਤੇ ਚਿੰਤਾ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਭਾਰਤ ਹਾਲਾਤ 'ਤੇ ਨਜ਼ਰ ਰੱਖ ਰਿਹਾ ਹੈ। ਦੋਵਾਂ ਧਿਰਾਂ ਨੂੰ ਸੰਜਮ ਵਰਤਣ ਦੀ ਸਲਾਹ ਦਿੰਦੇ ਹੋਏ ਵਿਦੇਸ਼ ਮੰਤਰਾਲੇ ਨੇ ਕਿਹਾ, 'ਦੋਵਾਂ ਧਿਰਾਂ ਨੂੰ ਟਕਰਾਅ ਵਧਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਮੁੱਦਿਆਂ ਨੂੰ ਸੁਲਝਾਉਣ ਅਤੇ ਹਾਲਾਤ ਨੂੰ ਸ਼ਾਂਤ ਕਰਨ ਲਈ ਸੰਵਾਦ ਅਤੇ ਕੂਟਨੀਤੀ ਦੇ ਮੌਜੂਦਾ ਚੈਨਲਾਂ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਭਾਰਤ ਦੇ ਦੋਵਾਂ ਦੇਸ਼ਾਂ ਨਾਲ ਦੋਸਤਾਨਾ ਸਬੰਧ ਹਨ ਅਤੇ ਉਹ ਕੋਈ ਵੀ ਸਹਾਇਤਾ ਕਰਨ ਲਈ ਤਤਪਰ ਹੈ।' ਇਜ਼ਰਾਈਲ ਨੇ ਜਿਸ ਦਿਨ ਹਮਲਾ ਕੀਤਾ, ਉਸੇ ਦਿਨ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ 'ਤੇ ਆਪਣੀ ਕਾਰਵਾਈ ਤੋਂ ਜਾਣੂ ਕਰਵਾਇਆ। ਥੇ ਹੀ, ਵਿਦੇਸ਼ ਮੰਤਰੀ ਐਸ। ਜੈਸ਼ੰਕਰ ਨੇ ਇਜ਼ਰਾਈਲ ਅਤੇ ਈਰਾਨ ਦੇ ਵਿਦੇਸ਼ ਮੰਤਰੀਆਂ ਨਾਲ ਗੱਲ ਕੀਤੀ। ਬਹੁ-ਪੱਧਰੀ ਮੰਚਾਂ 'ਤੇ ਵੀ ਭਾਰਤ ਇਸ ਸਮੇਂ ਈਰਾਨ ਜਾਂ ਇਜ਼ਰਾਈਲ 'ਚੋਂ ਕਿਸੇ ਇਕ ਧਿਰ ਦੇ ਪਿੱਛੇ ਨਹੀਂ ਖੜ੍ਹਾ ਹੋਇਆ ਹੈ। ਸ਼ੰਘਾਈ ਸਹਿਯੋਗ ਸੰਗਠਨ ਯਾਨੀ ਐਸਸੀ ਦੁਆਰਾ 14 ਜੂਨ ਨੂੰ ਜਾਰੀ ਬਿਆਨ ਵਿਚ ਭਾਰਤ ਨੇ ਇਹੀ ਰੁਖ਼ ਅਪਣਾਇਆ। ਐਸਸੀ ਨੇ ਬਹੁਤ ਸਖ਼ਤ ਸ਼ਬਦਾਂ ਵਿਚ ਇਜ਼ਰਾਈਲੀ ਹਮਲੇ ਦੀ ਨਿੰਦਾ ਕੀਤੀ। ਈਰਾਨ ਵੀ ਐਸਸੀ ਦਾ ਇਕ ਮੈਂਬਰ ਹੈ। ਬਿਆਨ ਵਿਚ ਕਿਹਾ ਗਿਆ ਕਿ ਈਰਾਨ ਦਾ ਨਾਗਰਿਕ ਬੁਨਿਆਦੀ ਢਾਂਚਾ, ਜਿਸ ਵਿਚ ਊਰਜਾ ਤੇ ਢੋਆ-ਢੁਆਈ ਸਹੂਲਤਾਂ ਵੀ ਸ਼ਾਮਲ ਹਨ, 'ਤੇ ਇਜ਼ਰਾਈਲੀ ਹਮਲੇ ਨਾਲ ਕਈ ਨਾਗਰਿਕਾਂ ਦੀ ਮੌਤ ਹੋਈ। ਇਹ ਕੌਮਾਂਤਰੀ ਕਾਨੂੰਨਾਂ ਦੀ ਘੋਰ ਉਲੰਘਣਾ ਅਤੇ ਵਿਸ਼ਵ ਪੱਧਰੀ ਸ਼ਾਂਤੀ ਤੇ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਣ ਵਾਲਾ ਕਦਮ ਹੈ। ਦਿਲਚਸਪ ਗੱਲ ਇਹ ਰਹੀ ਕਿ ਐਸਸੀ ਦੇ ਬਿਆਨ ਵਿਚ ਈਰਾਨ ਦੇ ਪਰਮਾਣੂ ਪ੍ਰੋਗਰਾਮ ਦਾ ਵੀ ਜ਼ਿਕਰ ਸੀ। ਇਸ ਸਬੰਧ ਵਿਚ ਉਸ ਦਾ ਇਹੀ ਕਹਿਣਾ ਸੀ ਕਿ ਅਜਿਹੇ ਮਾਮਲੇ ਸ਼ਾਂਤੀਪੂਰਨ ਕੂਟਨੀਤਕ ਅਤੇ ਰਾਜਨੀਤਕ ਮਾਧਿਅਮਾਂ ਜ਼ਰੀਏ ਸੁਲਝਾਏ ਜਾਣੇ ਚਾਹੀਦੇ ਹਨ। ਇਸ ਸਮੇਂ ਚੀਨ, ਰੂਸ, ਭਾਰਤ, ਪਾਕਿਸਤਾਨ, ਈਰਾਨ ਤੇ ਮੱਧ ਏਸ਼ਿਆਈ ਗਣਤੰਤਰ (ਤੁਰਕਮੇਨਿਸਤਾਨ ਨੂੰ ਛੱਡ ਕੇ) ਐਸਸੀ ਦੇ ਮੈਂਬਰ ਹਨ। ਸਪਸ਼ਟ ਹੈ ਕਿ ਚੀਨ ਤੇ ਰੂਸ ਨੇ ਮਜ਼ਬੂਤੀ ਨਾਲ ਈਰਾਨ ਦਾ ਪੱਖ ਲਿਆ ਹੈ ਜਦਕਿ ਭਾਰਤ ਉਨ੍ਹਾਂ ਦੇ ਇਸ ਰੁਖ਼ ਨਾਲ ਆਪਣਾ ਕੋਈ ਸਰੋਕਾਰ ਨਹੀਂ ਰੱਖਣਾ ਚਾਹੁੰਦਾ।

ਇਸੇ ਲਈ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਈਰਾਨੀ ਹਮਰੁਤਬਾ ਨੂੰ ਕਿਹਾ ਕਿ ਇਹ ਘਟਨਾਚੱਕਰ ਕੌਮਾਂਤਰੀ ਭਾਈਚਾਰੇ ਲਈ ਘੋਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਤਣਾਅ ਨੂੰ ਹੋਰ ਵਧਾਉਣ ਦੀ ਥਾਂ ਜਲਦ ਤੋਂ ਜਲਦ ਕੂਟਨੀਤਕ ਪੱਧਰ 'ਤੇ ਯਤਨ ਕੀਤੇ ਜਾਣ। ਇਸ ਸਿਲਸਿਲੇ ਵਿਚ ਵਿਦੇਸ਼ ਮੰਤਰਾਲੇ ਨੇ ਸਪਸ਼ਟ ਕੀਤਾ ਕਿ ਉਸ ਨੇ ਐਸਸੀ ਮੈਂਬਰਾਂ ਨੂੰ ਆਪਣੇ ਰੁਖ਼ ਤੋਂ ਜਾਣੂ ਕਰਵਾ ਦਿੱਤਾ ਹੈ ਅਤੇ ਐਸਸੀ ਬਿਆਨ 'ਤੇ ਚਰਚਾ ਵਿਚ ਹਿੱਸਾ ਨਹੀਂ ਲਿਆ। ਐਸਸੀ ਦੇ ਬਿਆਨ ਵਿਚ ਚੀਨ ਤੇ ਰੂਸ ਦਾ ਈਰਾਨ ਦੇ ਪੱਖ ਵਿਚ ਝੁਕਣਾ ਉਨ੍ਹਾਂ ਨੂੰ ਅਮਰੀਕਾ ਤੋਂ ਅਲੱਗ ਪਾਲੇ ਵਿਚ ਰੱਖਦਾ ਹੈ ਕਿਉਂਕਿ ਅਮਰੀਕਾ ਖੁੱਲ੍ਹ ਕੇ ਇਜ਼ਰਾਈਲ ਦੇ ਸਮਰਥਨ ਵਿਚ ਹੈ। ਅਸਲ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਾਂ



ਵਿਵੇਕ ਕਾਟਜੂ

ਈਰਾਨ ਨੂੰ ਚਿਤਾਵਨੀ ਜਾਰੀ ਕੀਤੀ ਹੈ ਕਿ ਜਾਂ ਤਾਂ ਉਹ ਫ਼ਿਲਹਾਲ ਠੰਢੇ ਬਸਤੇ ਵਿਚ ਪਹੁੰਚੀ ਪਰਮਾਣੂ ਮੁੱਦੇ ਦੀ ਚਰਚਾ ਨਾਲ ਜੁੜੀਆਂ ਸ਼ਰਤਾਂ ਮੰਨ ਲਵੇ ਜਾਂ ਫਿਰ ਹੋਰ ਤਬਾਹੀ ਝੱਲਣ ਲਈ ਤਿਆਰ ਰਹੇ। ਉਨ੍ਹਾਂ ਇਹ ਵੀ ਕਿਹਾ ਹੈ ਕਿ ਈਰਾਨ ਬਿਨਾਂ ਸ਼ਰਤ ਸਰੰਡਰ ਕਰ ਦੇਵੇ, ਇਸ ਵਿਚ ਹੀ ਉਸ ਦਾ ਭਲਾ ਹੈ। ਇਹੀ ਨਹੀਂ, ਈਰਾਨ ਨੂੰ ਪਰਮਾਣੂ ਅਪ੍ਰਸਾਰ ਸੰਧੀ 'ਤੇ ਵੀ ਸਹੀ ਪਾਉਣੀ ਪਵੇਗੀ। ਅਮਰੀਕਾ ਦੇ ਇਸ ਰੁਖ਼ ਤੋਂ ਸਾਫ਼ ਹੈ ਕਿ ਇਜ਼ਰਾਈਲ ਉਸ ਦੇ ਇਸ਼ਾਰੇ 'ਤੇ ਹੀ ਈਰਾਨ 'ਤੇ ਹਮਲੇ ਕਰ ਰਿਹਾ ਹੈ। ਦੂਜੇ ਪਾਸੇ ਰੂਸ ਤੇ ਚੀਨ ਦੀ ਈਰਾਨ ਨੂੰ ਹਮਾਇਤ ਹਾਲਾਤ ਹੋਰ ਵਿਸਫੋਟਕ ਬਣਾ ਸਕਦੀ ਹੈ। ਭਾਵੇਂ ਭਾਰਤ ਨਿਰਪੱਖ ਰਹਿਣ ਦੀ ਨੀਤੀ 'ਤੇ ਚੱਲ ਰਿਹਾ ਹੈ ਪਰ ਜੇ ਹਾਲਾਤ ਹੋਰ ਵਿਗੜੇ ਤਾਂ ਉਸ ਦੇ ਹਿੱਤਾਂ ਨੂੰ ਭਾਰੀ ਢਾਹ ਲੱਗੇਗੀ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧ ਜਾਣਗੀਆਂ ਜਿਸ ਕਾਰਨ ਲੋਕਾਂ 'ਤੇ ਮਹਿੰਗਾਈ ਦੀ ਮਾਰ ਹੋਰ ਪਵੇਗੀ। ਇਹੀ ਨਹੀਂ, ਉਸ ਨੂੰ ਜੰਗ ਤੋਂ ਪੀੜਤ ਇਨ੍ਹਾਂ ਦੇਸ਼ਾਂ ਦੇ ਨਾਲ-ਨਾਲ ਖਾੜੀ ਦੇ ਕਈ ਹੋਰ ਦੇਸ਼ਾਂ 'ਚੋਂ ਆਪਣੇ ਨਾਗਰਿਕ ਸੁਰੱਖਿਅਤ ਕੱਢਣ ਲਈ ਤਰੱਦਦ ਕਰਨੇ ਪੈਣਗੇ। ਭਾਰਤ ਸਰਕਾਰ ਨੇ ਈਰਾਨ 'ਚੋਂ ਤਾਂ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਸਿਲਸਿਲਾ ਆਰੰਭ ਵੀ ਕਰ ਦਿੱਤਾ ਹੈ।

ਜੇਕਰ ਭਾਰਤ ਦੀ ਗੱਲ ਕਰੀਏ ਤਾਂ ਉਸ ਨੇ ਐਸ ਸੀ ਓ ਦੇ ਬਿਆਨ ਤੋਂ ਤਾਂ ਆਪਣਾ ਪੱਲਾ ਝਾੜ ਲਿਆ ਹੈ ਪਰ ਉਸ ਨੂੰ ਦੋਵਾਂ ਧਿਰਾਂ ਦੇ ਨਾਲ ਸੰਤੁਲਨ ਸੋਧਣ ਦੇ ਰਾਹ ਵਿਚ ਬਹੁਤ ਸਾਵਧਾਨੀ ਨਾਲ ਕਦਮ ਰੱਖਣੇ ਹੋਣਗੇ। ਜੀ-7 ਬੈਠਕ ਲਈ ਕੈਨੇਡਾ ਪੁੱਜੇ ਪ੍ਰਧਾਨ ਮੰਤਰੀ ਮੋਦੀ ਲਈ ਉੱਥੇ ਇਹ ਇਕ ਕੂਟਨੀਤਕ ਕਸਰਤ ਜਿਹੀ ਬਣ ਜਾਵੇਗੀ। ਅਜਿਹੇ ਵਿਚ ਬਿਹਤਰ ਇਹੀ ਹੋਵੇਗਾ ਕਿ ਉਹ ਇਹੀ ਰੁਖ਼ ਕਾਇਮ ਰੱਖਣ ਕਿ ਇਹ ਨਾ ਤਾਂ ਜੰਗ ਦਾ ਸਮਾਂ ਹੈ ਅਤੇ ਨਾ ਹੀ ਅੱਤਵਾਦ ਦਾ। ਵਰਤਮਾਨ ਹਾਲਾਤ ਨੂੰ ਦੇਖੀਏ ਤਾਂ ਇਹ ਪੱਛਮੀ ਏਸ਼ੀਆ ਤੋਂ ਲੈ ਕੇ ਦੱਖਣੀ ਏਸ਼ੀਆ ਅਤੇ ਸਮੁੱਚੇ ਆਲਮੀ ਅਰਥਚਾਰੇ ਲਈ ਬਹੁਤ ਖ਼ਤਰਨਾਕ ਸਮਾਂ ਹੈ। ਜੇ ਹੋਰ ਦੇਸ਼ ਵੀ ਇਸ ਸੰਘਰਸ਼ ਵਿਚ ਖੇਮੇਬਾਜ਼ੀ ਦਾ ਸ਼ਿਕਾਰ ਹੋ ਕੇ ਜੁੜਦੇ ਗਏ ਤਾਂ ਇਹ ਖ਼ਤਰਾ ਕਈ ਗੁਣਾ ਵਧ ਜਾਵੇਗਾ। ਚੰਗੀ ਗੱਲ ਇਹੀ ਹੈ ਕਿ ਹਾਲੇ ਤੱਕ ਅਜਿਹਾ ਕੁਝ ਨਹੀਂ ਹੋਇਆ ਹੈ। ਭਾਰਤ ਲਈ ਬਿਹਤਰ ਇਹੀ ਹੋਵੇਗਾ ਕਿ ਸ਼ਾਂਤੀ ਅਤੇ ਕੂਟਨੀਤਕ ਬਦਲਾਂ ਦੀ ਵਕਾਲਤ ਕਰਦਾ ਰਹੇ ਪਰ ਉਸ ਨੂੰ ਖ਼ੁਦ ਵੀ ਕਿਸੇ ਵੀ ਤਰ੍ਹਾਂ ਦੇ ਹਾਲਾਤ ਲਈ ਤਿਆਰ ਰਹਿਣਾ ਹੋਵੇਗਾ।

# ਸਰੀਰ ਲਈ ਨੁਕਸਾਨਦੇਹ ਹੈ ਦੇਰ ਰਾਤ ਨੂੰ ਖਾਣਾ

ਆਧੁਨਿਕ ਜੀਵਨ ਸ਼ੈਲੀ ਵਿੱਚ, ਦੇਰ ਰਾਤ ਤੱਕ ਕੰਮ ਕਰਨਾ, ਸੋਸ਼ਲ ਮੀਡੀਆ 'ਤੇ ਸਕ੍ਰੋਲ ਕਰਨਾ ਜਾਂ ਦੇਰ ਨਾਲ ਘਰ ਵਾਪਸ ਆਉਣਾ ਆਮ ਹੋ ਗਿਆ ਹੈ। ਇਸ ਕਾਰਨ, ਬਹੁਤ ਸਾਰੇ ਲੋਕ ਰਾਤ 9 ਵਜੇ ਤੋਂ ਬਾਅਦ ਜਾਂ ਇਸ ਤੋਂ ਵੀ ਬਾਅਦ ਰਾਤ ਦਾ ਖਾਣਾ ਖਾਂਦੇ ਹਨ i(Rght Time to Eat Food in Night) ਪਰ ਕੀ ਤੁਸੀਂ ਜਾਣਦੇ ਹੋ ਕਿ ਦੇਰ ਰਾਤ ਨੂੰ ਰਾਤ ਦਾ ਖਾਣਾ ਖਾਣ ਨਾਲ ਤੁਹਾਡੀ ਸਿਹਤ 'ਤੇ ਕੀ ਪ੍ਰਭਾਵ ਪੈਂਦਾ ਹੈ? ਆ ਜਾਣਦੇ ਹਾਂ ਕਿ ਜੇਕਰ ਤੁਸੀਂ ਹਰ ਰੋਜ਼ ਰਾਤ 9 ਵਜੇ ਤੋਂ ਬਾਅਦ ਰਾਤ ਦਾ ਖਾਣਾ ਖਾਂਦੇ ਹੋ ਤਾਂ ਇਸਦਾ ਤੁਹਾਡੇ ਸਰੀਰ 'ਤੇ ਕੀ ਪ੍ਰਭਾਵ ਪੈਂਦਾ ਹੈ

### ਪਾਚਨ ਪ੍ਰਣਾਲੀ 'ਤੇ ਦਬਾਅ

ਸਾਡੇ ਸਰੀਰ ਦਾ ਹਰ ਕੰਮ ਸਰਕੇਡੀਅਨ ਤਾਲ ਅਨੁਸਾਰ ਕੰਮ ਕਰਦਾ ਹੈ। ਜਦੋਂ ਅਸੀਂ ਦੇਰ ਰਾਤ ਖਾਂਦੇ ਹਾਂ, ਤਾਂ ਇਹ ਤਾਲ ਵਿਗੜਨਾ ਸ਼ੁਰੂ ਹੋ ਜਾਂਦਾ ਹੈ। ਦਰਅਸਲ, ਰਾਤ ਨੂੰ ਮੈਟਾਬੋਲਿਜ਼ਮ ਓਨਾ ਤੇਜ਼ ਨਹੀਂ ਹੁੰਦਾ ਜਿੰਨਾ ਦਿਨ ਵੇਲੇ ਹੁੰਦਾ ਹੈ। ਇਸ ਲਈ, ਜਦੋਂ ਅਸੀਂ ਦੇਰ ਰਾਤ ਖਾਂਦੇ ਹਾਂ, ਤਾਂ ਸਾਨੂੰ ਭੋਜਨ ਨੂੰ ਹਜ਼ਮ ਕਰਨ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ, ਜਿਸ ਨਾਲ ਬਦਹਜ਼ਮੀ, ਗੈਸ, ਐਸਿਡਿਟੀ ਅਤੇ ਪੇਟ ਫੁੱਲਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਜਿਹੜੇ ਲੋਕ ਰਾਤ ਨੂੰ ਦੇਰ ਨਾਲ ਖਾਣਾ ਖਾਂਦੇ ਹਨ, ਉਨ੍ਹਾਂ ਨੂੰ ਮੋਟਾਪੇ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਇਹ ਇਸ ਲਈ ਹੈ ਕਿਉਂਕਿ ਰਾਤ ਨੂੰ ਕੈਲੋਰੀ ਨਹੀਂ ਸੜਦੀ ਅਤੇ ਸਰੀਰ ਉਨ੍ਹਾਂ ਨੂੰ ਸਟੋਰ ਕਰਦਾ ਹੈ। ਇਸ ਤੋਂ ਇਲਾਵਾ, ਦੇਰ



ਨਾਲ ਖਾਣਾ ਖਾਣ ਤੋਂ ਬਾਅਦ ਸੌਣ ਨਾਲ ਸਰੀਰ ਵਿੱਚ ਇਨਸੁਲਿਨ ਪ੍ਰਤੀਰੋਧ ਵੀ ਵਧ ਸਕਦਾ ਹੈ, ਜਿਸ ਨਾਲ ਸ਼ੂਗਰ ਅਤੇ ਮੈਟਾਬੋਲਿਕ ਵਿਕਾਰ ਹੋ ਸਕਦੇ ਹਨ।

### ਨੀਂਦ ਦੀ ਕੁਆਲਿਟੀ ਵਿਗੜਦੀ ਹੈ

ਰਾਤ ਦੇ ਖਾਣੇ ਤੋਂ ਤੁਰੰਤ ਬਾਅਦ ਸੌਣ ਨਾਲ ਪੇਟ ਭਾਰੀ ਮਹਿਸੂਸ ਹੁੰਦਾ ਹੈ ਅਤੇ ਨੀਂਦ ਵਿੱਚ ਵਿਘਨ ਪੈਂਦਾ ਹੈ। ਨਾਲ ਹੀ, ਐਸਿਡ ਰਿਫਲਕਸ ਦੀ ਸਮੱਸਿਆ ਹੋ ਸਕਦੀ ਹੈ, ਜਿਸ ਨਾਲ ਛਾਤੀ ਵਿੱਚ ਜਲਣ ਅਤੇ ਬੇਅਰਾਮੀ ਹੁੰਦੀ ਹੈ। ਚੰਗੀ ਨੀਂਦ ਲਈ, ਖਾਣ ਅਤੇ ਸੌਣ ਦੇ ਵਿਚਕਾਰ ਘੱਟੋ-ਘੱਟ 2-3 ਘੰਟੇ ਦਾ ਅੰਤਰ ਹੋਣਾ ਚਾਹੀਦਾ ਹੈ।

### ਹਾਰਮੋਨਲ ਅਸੰਤੁਲਨ

ਸਰੀਰ ਦੀ ਸਰਕੇਡੀਅਨ ਤਾਲ ਹਾਰਮੋਨਸ ਨੂੰ ਕੰਟਰੋਲ ਕਰਦੀ ਹੈ। ਦੇਰ ਰਾਤ ਖਾਣਾ ਕੋਰਟੀਸੋਲ ਅਤੇ ਇਨਸੁਲਿਨ ਦੇ ਪੱਧਰ ਨੂੰ ਅਸੰਤੁਲਿਤ ਕਰ ਸਕਦਾ ਹੈ, ਜਿਸ ਨਾਲ ਲੰਬੇ ਸਮੇਂ ਵਿੱਚ ਥਕਾਵਟ, ਮੂਡ ਸਵਿੰਗ ਅਤੇ ਹਾਰਮੋਨਲ ਵਿਕਾਰ ਹੋ ਸਕਦੇ ਹਨ।

### ਦਿਲ ਦੀ ਸਿਹਤ 'ਤੇ ਪ੍ਰਭਾਵ

ਦੇਰ ਰਾਤ ਖਾਣਾ ਇਨਸੁਲਿਨ ਪ੍ਰਤੀਰੋਧ ਅਤੇ ਕੋਰਟੀਸੋਲ ਹਾਰਮੋਨ ਨੂੰ ਵਧਾਉਂਦਾ ਹੈ। ਇਹ ਦੋਵੇਂ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ।

ਰਾਤ ਦਾ ਖਾਣਾ ਸ਼ਾਮ 6:30 ਤੋਂ 7:30 ਵਜੇ ਦੇ ਵਿਚਕਾਰ ਲੈਣਾ ਚਾਹੀਦਾ ਹੈ। ਇਸ ਨਾਲ ਤੁਹਾਡੇ ਸਰੀਰ ਨੂੰ ਭੋਜਨ ਨੂੰ ਹਜ਼ਮ ਕਰਨ ਲਈ ਕਾਫ਼ੀ ਸਮਾਂ ਮਿਲੇਗਾ ਅਤੇ ਤੁਹਾਨੂੰ ਰਾਤ ਨੂੰ ਚੰਗੀ ਨੀਂਦ ਵੀ ਆਵੇਗੀ।

ਡਿਸਕਲੇਮਰ: ਲੇਖ ਵਿੱਚ ਦੱਸੀਆਂ ਗਈਆਂ ਸਲਾਹਾਂ ਅਤੇ ਸੁਝਾਅ ਸਿਰਫ਼ ਆਮ ਜਾਣਕਾਰੀ ਦੇ ਉਦੇਸ਼ਾਂ ਲਈ ਹਨ ਅਤੇ ਇਹਨਾਂ ਨੂੰ ਪੇਸ਼ੇਵਰ ਡਾਕਟਰੀ ਸਲਾਹ ਵਜੋਂ ਨਹੀਂ ਲਿਆ ਜਾਣਾ ਚਾਹੀਦਾ। ਜੇਕਰ ਤੁਹਾਡੇ ਕੋਈ ਸਵਾਲ ਜਾਂ ਸਮੱਸਿਆਵਾਂ ਹਨ ਤਾਂ ਹਮੇਸ਼ਾ ਆਪਣੇ ਡਾਕਟਰ ਨਾਲ ਸਲਾਹ ਕਰੋ।

# ਦੁਨੀਆਂ ਦੇ ਸਭ ਤੋਂ ਵੱਧ ਸਾਫ ਸੁਥਰੇ ਸ਼ਹਿਰ

ਦੁਨੀਆਂ ਦੇ ਹਰ ਦੇਸ਼ ਨੂੰ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਦਰਪੇਸ਼ ਹਨ। ਫਿਰ ਵੀ ਦੁਨੀਆਂ ਦੇ ਕੁਝ ਸ਼ਹਿਰ ਅਜਿਹੇ ਹਨ, ਜਿਹਨਾਂ ਨੇ ਆਪਣੇ ਪ੍ਰਦੂਸ਼ਣ 'ਤੇ ਕਾਫੀ ਹੱਦ ਤੱਕ ਕਾਬੂ ਪਾਇਆ ਹੋਇਆ ਹੈ। ਇਹਨਾਂ ਸ਼ਹਿਰਾਂ ਦਾ ਪੂਰੀ ਦੁਨੀਆਂ 'ਚ ਵੱਡਾ ਨਾਂ ਹੈ ਕਿਉਂਕਿ ਉਹ ਦੁਨੀਆਂ ਦੇ ਸਭ ਤੋਂ ਸਾਫ ਸੁਥਰੇ ਸ਼ਹਿਰ ਹਨ। ਦੁਨੀਆਂ ਭਰ ਦੇ ਲੋਕ ਇਹਨਾਂ ਸ਼ਹਿਰਾਂ ਦੀ ਸੈਰ ਲਈ ਇਸ ਕਰਕੇ ਆਉਂਦੇ ਹਨ ਕਿ ਇਹਨਾਂ ਨੂੰ ਦੇਖ ਸਕਣ ਅਤੇ ਆਪਣੇ ਸ਼ਹਿਰਾਂ ਦੇ ਵਾਤਾਵਰਣ ਦੇ ਸੁਧਾਰ ਦਾ ਮੰਤਰ ਸਿੱਖ ਸਕਣ। 'ਮਰਸਰ' ਨਾਂ ਦੀ ਗਲੋਬਲ ਸੰਸਥਾ ਹਰ ਸਾਲ ਆਪਣੇ ਮਾਪਦੰਡਾਂ ਦੇ ਆਧਾਰ 'ਤੇ ਦੁਨੀਆਂ ਦੇ ਸਭ ਤੋਂ ਵੱਧ ਸਾਫ ਸੁਥਰੇ ਸ਼ਹਿਰਾਂ ਦੀ ਸੂਚੀ ਜਾਰੀ ਕਰਦੀ ਹੈ। ਅਜਿਹਾ ਕਰਦੇ ਹੋਏ ਸੰਸਥਾ ਸ਼ਹਿਰਾਂ ਦੀ ਹਵਾ 'ਚ ਜ਼ਹਿਰੀਲੀਆਂ ਗੈਸਾਂ ਦੀ ਮਾਤਰਾ ਨੂੰ ਜਾਂਚਦੀ ਹੈ ਅਤੇ ਉਥੋਂ ਦੀਆਂ ਗਲੀਆਂ, ਕੂੜੇ ਦੇ ਨਿਪਟਾਰੇ ਦੀ ਵਿਵਸਥਾ 'ਤੇ ਨਜ਼ਰ ਮਾਰਦੀ ਹੈ। ਜਿਹਨਾਂ ਸ਼ਹਿਰਾਂ ਵਿਚ ਨਾਲੀਆਂ, ਸੜਕਾਂ 'ਤੇ ਕਚਰੇ ਅਤੇ ਸ਼ਹਿਰ ਵਿਚ ਪ੍ਰਦੂਸ਼ਣ ਨੂੰ ਕਾਬੂ ਵਿਚ ਰੱਖਿਆ ਜਾਂਦਾ ਹੈ, ਉਹ ਕੁਹਾਉਂਦੇ ਹਨ ਦੁਨੀਆਂ ਦੇ ਸਭ ਤੋਂ ਵਧੀਆ ਸ਼ਹਿਰ। ਆਓ ਜਾਣਦੇ ਹਾਂ ਦੁਨੀਆਂ ਦੇ ਸਭ ਤੋਂ ਸਾਫ ਸੁਥਰੇ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਹੋਏ ਦਸ ਸ਼ਹਿਰ...



**ਕੈਲਗਰੀ (ਕੈਨੇਡਾ)**

ਇਹ ਸ਼ਹਿਰ ਪਹਿਲੇ ਨੰਬਰ ਤੇ ਰਹਿ ਚੁੱਕਾ ਹੈ। ਕੈਲਗਰੀ ਕੈਨੇਡਾ ਵਿਚ ਊਰਜਾ ਉਤਪਾਦਨ ਕਰਨ ਵਾਲੇ ਸ਼ਹਿਰਾਂ ਦੀ ਬੈਲਟ 'ਚ ਆਉਂਦਾ ਹੈ। ਇੱਥੋਂ ਦੀ ਅਰਥ ਵਿਵਸਥਾ ਮੁੱਖ ਤੌਰ 'ਤੇ ਤੇਲ ਅਤੇ ਗੈਸ ਉਦਯੋਗ ਉਤੇ ਆਧਾਰਿਤ ਹੈ। ਇੱਥੇ ਹਰ ਚੀਜ਼ ਬਹੁਤ ਸਿਸਟੇਮੈਟਿਕ ਢੰਗ ਨਾਲ ਰੱਖੀ ਜਾਂਦੀ ਹੈ। ਇਸ ਸ਼ਹਿਰ ਦੇ ਵਾਤਾਵਰਣ 'ਚ ਜ਼ਹਿਰੀਲੀਆਂ ਗੈਸਾਂ ਦੀ ਮਾਤਰਾ ਬਹੁਤ ਹੀ ਘੱਟ ਹੈ ਅਤੇ ਇੱਥੋਂ ਦੀਆਂ ਸੜਕਾਂ ਬਿਲਕੁਲ ਸਾਫ ਸੁਥਰੀਆਂ ਦਿਖਾਈ ਦਿੰਦੀਆਂ ਹਨ।

ਅਜਿਹਾ ਨਹੀਂ ਕਿ ਦਿਨ ਦੇ ਕਿਸੇ ਇਕ ਤੈਅ ਸਮੇਂ ਵਿਚ ਹੀ ਅਜਿਹਾ ਹੁੰਦਾ ਹੈ, ਬਲਕਿ ਪੂਰੇ 24 ਘੰਟੇ ਸ਼ਹਿਰ ਵਿਚ ਸਾਫ ਸਫਾਈ ਦੇਖੀ ਜਾ ਸਕਦੀ ਹੈ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਤੋਂ ਮੰਤਰੀ ਅਤੇ ਪ੍ਰਬੰਧ ਚਲਾਉਣ ਵਾਲੇ ਅਫਸਰ ਇਸ ਸ਼ਹਿਰ ਨੂੰ ਇਸੇ ਕਰਕੇ ਦੇਖਣ ਆਉਂਦੇ ਹਨ।




**ਹੋਨੋਲੂਲੂ (ਹਵਾਈ, ਅਮਰੀਕਾ)**

ਅਜਿਹਾ ਨਹੀਂ ਕਿ ਸਾਫ ਸੁਥਰੇ ਸ਼ਹਿਰਾਂ ਦੀ ਸੂਚੀ ਵਿਚ ਉਹ ਸ਼ਹਿਰ ਹਨ, ਜਿਹਨਾਂ ਦੀ ਜਨਸੰਖਿਆ ਬਹੁਤ ਘੱਟ ਹੈ। ਹੋਨੋਲੂਲੂ ਅਮਰੀਕਾ ਦੇ ਹਵਾਈ ਰਾਜ ਦੀ ਰਾਜਧਾਨੀ ਹੈ ਅਤੇ ਇੱਥੋਂ ਦੀ ਆਬਾਦੀ ਕਾਫੀ ਹੈ ਪਰ ਸਫਾਈ ਦੇ ਮਾਮਲੇ ਵਿਚ ਇਹ ਆਦਰਬ ਸ਼ਹਿਰ ਹੈ। ਇਸ ਸ਼ਹਿਰ ਵਿਚ ਜਿਹੜੀ ਇੰਡਸਟਰੀ ਹੈ ਉਹ ਨਾਮ-ਾਤਰ ਦੇ ਬਰਾਬਰ ਕਚਰਾ ਪੈਦਾ ਕਰਦੀ ਹੈ। ਬੱਸਾਂ ਦੀਆਂ ਵਧੀਆ ਸਹੂਲਤਾਂ ਕਾਰਨ ਇੱਥੇ ਲੋਕ ਜਨਤਕ ਵਾਹਨ ਸਹੂਲਤ ਦੀ ਵੱਧ ਵਰਤੋਂ ਕਰਦੇ ਹਨ ਅਤੇ ਸਮੁੰਦਰ ਦਾ ਤੱਟੀ ਖੇਤਰ ਹੋਣ ਦੇ ਕਾਰਨ ਇੱਥੋਂ ਦੀ ਸੁੰਦਰਤਾ ਵੱਧ ਜਾਂਦੀ ਹੈ। ਪਹਿਲਾਂ ਹੋਏ ਸਰਵੇ ਵਿਚ ਇਹ ਸ਼ਹਿਰ 2 ਨੰਬਰ ਤੇ ਰਹਿ ਚੁੱਕਾ ਹੈ।



**ਔਟਾਵਾ (ਕੈਨੇਡਾ)**

ਇਹ ਕੈਨੇਡਾ ਦਾ ਦੂਜਾ ਸ਼ਹਿਰ ਹੈ ਜੋ ਇਸ ਸੂਚੀ 'ਚ ਜਗ੍ਹਾ ਬਣਾਉਣ ਵਿਚ ਸਫਲ ਰਿਹਾ। ਔਟਾਵਾ ਸ਼ਹਿਰ ਵਿਚ ਲੋਕ ਇੰਨੇ ਜਾਗਰੂਕ ਹਨ ਕਿ ਉਹ ਖੁਦ ਹੀ ਸਾਫ-ਸਫਾਈ ਦਾ ਧਿਆਨ ਰੱਖਦੇ ਹਨ। ਇੱਥੇ ਕਈ ਪ੍ਰਮੁੱਖ ਤਿਉਹਾਰ ਮਨਾਏ ਜਾਂਦੇ ਹਨ ਅਤੇ 15 ਅਪ੍ਰੈਲ ਤੋਂ 15 ਮਈ ਤੱਕ ਲੋਕ ਸੜਕਾਂ 'ਤੇ ਆ ਕੇ ਖੁਦ ਹੀ ਸਫਾਈ ਕਰਦੇ ਹਨ, ਪਾਰਕ ਨੂੰ ਠੀਕ ਕਰਦੇ ਹਨ। ਝਾੜੀਆਂ ਦੀ ਕਟਾਈ ਕਰਦੇ ਹਨ ਅਤੇ ਉਹਨਾਂ ਦੀ ਕੋਸ਼ਿਸ਼ ਕਾਰਨ ਇਹ ਸ਼ਹਿਰ ਬਿਲਕੁਲ ਖੂਬਸੂਰਤ ਨਜ਼ਰ ਆਉਂਦਾ ਹੈ। ਇੱਥੇ ਆਉਣ ਜਾਣ ਲਈ ਜ਼ਿਆਦਾਤਰ ਲੋਕ ਰੇਲ ਦੀ ਵਰਤੋਂ ਕਰਦੇ ਹਨ ਤਾਂ ਕਿ ਪ੍ਰਦੂਸ਼ਣ 'ਤੇ ਕਾਬੂ ਰਹੇ।




**ਹੇਲਸਿੰਕੀ (ਫਿਨਲੈਂਡ)**

ਹੇਲਸਿੰਕੀ ਫਿਨਲੈਂਡ ਦੀ ਰਾਜਧਾਨੀ ਅਤੇ ਸਭ ਤੋਂ ਵੱਧ ਜਨਸੰਖਿਆ ਵਾਲਾ ਸ਼ਹਿਰ ਹੈ। ਇਹ ਫਿਨਲੈਂਡ ਦਾ ਸਭ ਤੋਂ ਵੱਡਾ ਰਾਜਸੀ, ਵਿਦਿਆ, ਕਲਚਰ ਅਤੇ ਖੋਜ ਕੇਂਦਰ ਹੈ। ਫਿਨਲੈਂਡ ਵਿਚ ਕੰਮ ਕਰਨ ਵਾਲੀਆਂ 70 ਫੀਸਦੀ ਵਿਦੇਸ਼ੀ ਕੰਪਨੀਆਂ ਹੇਲਸਿੰਕੀ ਨਾਲ ਆਪਣਾ ਕੰਮ ਕਰਦੀਆਂ ਹਨ। ਇਸ ਸ਼ਹਿਰ ਦਾ ਹਵਾ ਪਾਣੀ ਵੀ ਬਹੁਤ ਹੀ ਚੰਗਾ ਹੈ ਅਤੇ ਇੱਥੋਂ ਦਾ ਵਾਤਾਵਰਣ ਵੀ ਲੋਕਾਂ ਨੂੰ ਰਾਸ ਆਉਂਦਾ ਹੈ। ਪ੍ਰਦੂਸ਼ਣ ਤੋਂ ਦੂਰ ਰਹਿ ਕੇ ਕੰਮ ਕਰਨ ਦੀ ਭਾਲ ਵਿਚ ਵੀ ਲੋਕ ਇਸ ਸ਼ਹਿਰ ਆਉਣਾ ਪਸੰਦ ਕਰਦੇ ਹਨ। ਆਖਿਰ ਕੰਮ ਤੋਂ ਇਲਾਵਾ ਬਿਹਤਰ ਜੀਵਨ ਸ਼ੈਲੀ ਜਿਊਣ ਦੀ ਇੱਛਾ ਉਹਨਾਂ ਨੂੰ ਇਸ ਸ਼ਹਿਰ ਤੱਕ ਖਿੱਚ ਲਿਆਉਂਦੀ ਹੈ। **(ਬਾਕੀ ਸਫਾ 53 'ਤੇ)**

### ਖਤਰਨਾਕ ਰਨਵੇਅ

## ਸਿਰਫ 8 ਪਾਇਲਟ ਹੀ ਹੁਣ ਤੱਕ ਕਰ ਸਕੇ ਨੇ ਕੁਆਲੀਫਾਈ





ਦੁਨੀਆਂ ਵਿਚ ਕਈ ਖਤਰਨਾਕ ਰਨਵੇਅ ਹਨ ਪਰ ਇਕ ਰਨਵੇਅ ਤਾਂ ਅਜਿਹਾ ਹੈ, ਜਿੱਥੇ ਸਿਰਫ ਕੁਝ ਹੀ ਪਾਇਲਟਾਂ ਨੂੰ ਜਹਾਜ਼ ਉਤਾਰਨ ਦੀ ਇਜਾਜ਼ਤ ਹੈ। ਉਹ ਇਸ ਕਰਕੇ ਕਿਉਂਕਿ ਇਹ ਬੈਸਟ ਪਾਇਲਟ ਹਨ।

ਭੂਟਾਨ ਵਿਚ ਬਣਿਆ ਹੈ ਸਭ ਤੋਂ ਖਤਰਨਾਕ ਰਨਵੇਅ।

ਭੂਟਾਨ ਦੇ ਪਾਰੋ ਏਅਰਪੋਰਟ ਰਨਵੇ ਤੇ ਲੈਂਡਿੰਗ ਅਤੇ ਟੇਕਆਫ ਦੋਵੇਂ ਹੀ ਮੁਸ਼ਕਿਲ ਹਨ। ਭੂਟਾਨ ਦਾ ਪਾਰੋ ਏਅਰਪੋਰਟ ਕੁਦਰਤੀ ਤੌਰ ਤੇ ਜਿੰਨਾ ਖੂਬਸੂਰਤ ਹੈ, ਉਨਾ ਹੀ ਖਤਰਨਾਕ ਹੈ। ਵੱਡੇ ਜਹਾਜ਼ ਬਣਾਉਣ ਵਾਲੀ ਮਸ਼ਹੂਰ ਕੰਪਨੀ ਬੋਇੰਗ ਨੇ ਇਸਨੂੰ ਦੁਨਆਂ ਦਾ ਮੋਸਟ ਡੇਂ-ਜਰਸ ਏਅਰਪੋਰਟ ਕਿਹਾ ਹੈ। ਇੱਥੇ ਲੈਂਡਿੰਗ ਕੇਵਲ ਉਹ ਤਜਰਬੇਕਾਰ ਅਤੇ ਕੁਸ਼ਲ ਪਾਇਲਟ ਹੀ ਕਰ ਸਕਦੇ ਹਨ, ਜੋ ਬਹੁਤ ਜ਼ਿਆਦਾ ਤਜਰਬੇਕਾਰ ਹੋਣ। ਹੁਣ ਤੱਕ ਪੂਰੀ ਦੁਨੀਆਂ ਵਿਚ ਸਿਰਫ 8 ਪਾਇਲਟ ਹਨ, ਜੋ ਇੱਥੇ ਲੈਂਡਿੰਗ ਕਰਵਾਉਣ ਲਈ ਕੁਆਲੀਫਾਈਡ ਹਨ।

**ਦਿਨ ਵਿਚ ਹੀ ਹੁੰਦੀ ਹੈ ਲੈਂਡਿੰਗ**

ਇਸ ਏਅਰਪੋਰਟ ਦੇ ਰਨਵੇਅ ਦੀ ਲੰਬਾਈ ਕੇਵਲ 6500 ਫੁੱਟ ਹੈ। ਦੁਨੀਆਂ ਦੇ ਸਭ ਤੋਂ ਛੋਟੇ ਰਨਵੇਅ ਵਿਚੋਂ ਇਕ ਇਸ ਰਨਵੇਅ ਤੇ ਜਹਾਜ਼ ਲੈਂਡ ਕਰਵਾਉਣਾ ਬੇਹੱਦ ਟੇਢੀ ਖੀਰ ਹੈ।

ਪਾਰੋ ਏਅਰਪੋਰਟ ਤੋਂ ਕੇਵਲ ਦਿਨ ਵਿਚ ਹੀ ਲੈਂਡਿੰਗ ਅਤੇ ਟੇਕਆਫ ਦੀ ਇਜਾਜ਼ਤ ਹੈ। ਉਹ ਵੀ ਮੌਸਮ ਸਾਫ ਰਹੇ ਤਾਂ। ਵਿਸ਼ੇਸ਼ ਪ੍ਰਸਥਿਤੀਆਂ ਵਿਚ ਨਾਈਟ ਟਾਈ ਫਲਾਈਟਾਂ ਦੌਰਾਨ ਰੌਸ਼ਨੀ ਦੀ ਭਰਪੂਰ ਵਿਵਸਥਾ ਕੀਤੀ ਜਾਂਦੀ ਹੈ। ਰੌਸ਼ਨੀ ਇੰਨੀ ਰੱਖੀ ਜਾਂਦੀ ਹੈ ਕਿ ਪਾਇਲਟ ਆ-ਪਣੀਆਂ ਅੱਖਾਂ ਦੇ ਭਰੋਸੇ ਫੈਸਲੇ ਲੈ ਸਕੇ ਨਾ ਕਿ ਮਸ਼ੀਨਾਂ ਦੇ ਭਰੋਸੇ।

## ਗਏ ਸੀ ਹਨੀਮੂਨ ਪਰ ਇਕ ਗਲਤੀ ਨੇ ਪਹੁੰਚਾਇਆ ਜੇਲ੍ਹ


ਅਕਸਰ ਅਸੀਂ ਨਾ ਚਾਹੁੰਦੇ ਹੋਏ ਵੀ ਕੁਝ ਅਜਿਹਾ ਕਰ ਜਾਂਦੇ ਹਾਂ, ਜਿਸਦੀ ਸਜ਼ਾ ਬਾਅਦ ਵਿਚ ਭੁਗਤਣੀ ਪੈਂਦੀ ਹੈ। ਅਜਿਹਾ ਹੀ ਕੁਝ ਹੋਇਆ ਨਵਵਿਆਹੇ ਜੋੜੇ ਦੇ ਨਾਲ। ਦਿੱਲੀ ਵਿਚ ਰਹਿਣ ਵਾਲੇ ਨੀਰਜ ਠਾਕੁਰ ਆਪਣੀ ਪਤਨੀ ਦੇ ਨਾਲ ਹਨ-ੀਮੂਨ ਤੇ ਨਿਕਲੇ ਸਨ ਪਰ ਰਸਤੇ ਵਿਚ ਉਹ ਇਕ ਗਲਤੀ ਕਰ ਬੈਠੇ, ਜਿਸ ਕਾਰਨ ਦੋਵੇਂ ਸਲਾਖਾਂ ਪਿੱਛੇ ਪਹੁੰਚ ਗਏ। ਦਰਅਸਲ ਇਹ ਜੋੜਾ ਟ੍ਰੇਨ ਪਕੜਨ ਲਈ ਰੇਲਵੇ ਸਟੇਸ਼ਨ



ਤੇ ਪਹੁੰਚਿਆ ਹੀ ਸੀ ਕਿ ਗਲਤੀ ਨਾਲ ਉਹਨਾਂ ਨੇ ਦੂਜੇ ਦਾ ਬੈਗ ਚੁੱਕ ਲਿਆ ਅਤੇ ਟ੍ਰੇਨ ਚੜ੍ਹਨ ਲੱਗੇ, ਉਦੋਂ ਹੀ ਦੂਜੇ ਯਾਤਰੀ ਦੀ ਨਜ਼ਰ ਆਪਣੇ ਸਮਾਨ ਤੇ ਪਈ ਅਤੇ ਪੁਲਿਸ ਬੁਲਾ ਲਈ। ਨਵਵਿਆਹੇ ਜੋੜੇ ਨੂੰ ਟ੍ਰੇਨ ਤੋਂ ਉਤਾਰ ਕੇ ਜੀ. ਆਰ. ਪੀ. ਥਾਣੇ ਲੈ ਗਈ। ਪੁਲਿਸ ਪੁੱਛਗਿੱਛ ਵਿਚ ਨੀਰਜ ਨੇ ਦੱਸਿਆ ਕਿ ਉਹ ਹਨੀਮੂਨ ਤੇ ਜਾ ਰਿਹਾ ਸੀ ਅਤੇ ਗਲਤੀ ਨਾਲ ਦੂਜੇ ਦਾ ਬੈਗ ਚੁੱਕ ਲਿਆ। ਸੀਸੀਟੀਵੀ ਕੈਮਰੇ ਦੀ ਫੁਟੇਜ ਵਿਚ ਵੀ ਉਹ ਸਮਾਨ ਚੁੱਕਦੇ ਨਜ਼ਰ ਆਏ ਅਤੇ ਇਸ ਤੋਂ ਬਾਅਦ ਉਹਨਾਂ ਨੂੰ ਜੇਲ੍ਹ ਭੇਜ ਦਿੱਤਾ।

## ਮਾਲਕਣ ਦੀ ਨਕਲ ਕਰਦੇ-ਕਰਦੇ ਯੋਗਾ ਸਿੱਖ ਗਿਆ ਕੁੱਤਾ

ਯੋਗਾ ਕਰਨ ਨਾਲ ਸਰੀਰ ਚੁਸਤ-ਦਰੁੱਸਤ ਰਹਿੰਦਾ ਹੈ। ਇਹ ਗੱਲ ਅਸੀਂ ਸਿਰਫ ਇਨਸਾਨਾਂ ਨੂੰ ਹੀ ਨਹੀਂ ਕੁੱਤਿਆਂ ਨੂੰ ਵੀ ਸਮਝ ਆਉਂਦੀ ਹੈ। ਜੀ ਹਾਂ, ਇਹੀ ਕਾਰਨ ਹੈ ਕਿ ਸੋਸ਼ਲ ਮੀਡੀਆ ਤੇ ਅੱਜਕਲ੍ਹ ਯੋਗਾ ਕਰਦੇ ਕੁੱਤੇ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਸ ਵੀਡੀਓ ਵਿਚ ਇਹ ਕੁੱਤਾ ਆਪਣੀ ਮਾਲਕਣ ਦੀ ਨਕਲ ਕਰਦਾ ਹੈ ਅਤੇ ਯੋਗਾ ਸਿੱਖ ਜਾਂਦਾ ਹੈ। ਵੀਡੀਓ ਦੀ ਸ਼ੁਰੂਆਤ ਵਿਚ ਔਰਤ ਅਤੇ ਉਸਦਾ ਪਾਲਤੂ ਕੁੱਤਾ ਦੋਵੇਂ ਹੀ ਮੈਟ



ਖਿੱਚ ਕੇ ਲਿਆਉਂਦੇ ਹਨ ਅਤੇ ਉਸਦੇ ਉਪਰ ਬੈਠ ਕੇ ਕਸਰਤ ਆਰੰਭ ਕਰਦੇ ਹਨ। ਇਹ ਕੁੱਤਾ ਵੀ ਹੂਬਹੂ ਔਰਤ ਦੀ ਨਕਲ ਉਤਾਰ ਕੇ ਯੋਗਾ ਦੇ ਸਾਰੇ ਸਟੈਪ ਫਾਲੋ ਕਰਦਾ ਹੈ।

ਔਰਤ ਪਹਿਲਾਂ ਸਿਰ ਨੂੰ ਉਪਰ ਚੁੱਕਦੀ ਹੈ ਤਾਂ ਕੁੱਤਾ ਵੀ ਆਪਣਾ ਸਿਰ ਉਪਰ ਚੁੱਕਦਾ ਹੈ। ਇਸ ਤੋਂ ਬਾਅਦ ਦੋਵੇਂ ਲੇਟ ਕੇ ਪੁਸ਼ਅਪ ਮਾਰਦੇ ਹਨ। ਬਾਅਦ ਵਿਚ ਇਕ ਪੈਰ ਹਿਲਾ ਕੇ ਕਸਰਤ ਕਰਦੇ ਹਨ। ਇੰਟਰਨੈਟ ਤੇ ਇਹ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ।

# ਧੋਖਾ

*ਕਹਾਣੀ/ –*
**ਡਾਕਟਰ ਅਜੀਤ ਸਿੰਘ ਕੋਟਕਪੂਰਾ**



ਮੋਹਨ ਸਿੰਘ ਦਾ ਪਰਿਵਾਰ ਇਕ ਪਿੰਡ ਵਿਚ ਰਹਿੰਦਾ ਸੀ। ਉਹ ਬੈਂਕ ਵਿਚ ਕੰਮ ਕਰਦਾ ਸੀ । ਉਸ ਦੀ ਪਤਨੀ ਸ਼ੀਲਾ ਤੇ ਇਕ ਬੱਚੀ ਇਕ ਛੋਟੇ ਜਿਹੇ ਘਰ ਵਿਚ ਰਹਿੰਦੀਆਂ ਸਨ। ਬੱਚੀ ਨਿਰਮਲ ਜਿਸ ਨੂੰ ਪਿਆਰ ਨਾਲ ਉਹ ਨਿੰਮੋ ਆਖਦੇ ਸਨ ਪੰਜਵੀ ਜਮਾਤ ਵਿਚ ਪੜ੍ਹ ਰਹੀ ਸੀ ਪੜ੍ਹਾਈ ਵਿਚ ਉਹ ਹੁਸ਼ਿਆਰ ਸੀ ਅਤੇ ਕਲਾਸ ਵਿਚੋਂ ਹਮੇਸ਼ਾਂ ਹੀ ਪਹਿਲੇ ਨੰਬਰ ਤੇ ਆਇਆ ਕਰਦੀ ਸੀ । ਉਸ ਦੀ ਮਾਂ ਉਸ ਦਾ ਪੂਰਾ ਧਿਆਨ ਰੱਖ ਰਹੀ ਸੀ । ਸ਼ੀਲਾ ਦੱਸ ਜਮਾਤਾਂ ਪੜ੍ਹੀ ਹੋਈ ਸੀ ਇਸ ਲਈ ਉਹ ਨਿੰਮੋ ਦੀ ਪੜ੍ਹਾਈ ਵਿਚ ਮਦਦ ਕਰਦੀ ਸੀ। ਜਦੋਂ ਨਿੰਮੋ ਨੇ ਪੰਜਵੀਂ ਪਾਸ ਕਰ ਲਈ ਉਸ ਨੂੰ ਕੁੜੀਆਂ ਵਾਲੇ ਸਕੂਲ ਵਿਚ ਛੇਵੀਂ ਵਿਚ ਦਾਖਲ ਕਰ ਲਿਆ ਗਿਆ। ਉਸ ਸਕੂਲ ਦੀ ਪ੍ਰਿੰਸੀਪਲ ਉਸ ਬੈਂਕ ਵਿਚ ਅਕਸਰ ਜਾਇਆ ਕਰਦੀ ਸੀ ਤੇ ਇਸ ਤਰਾਂ ਉਹ ਨਿੰਮੋ ਦੇ ਪਿਤਾ ਜੀ ਨੂੰ ਜਾਣਦੀ ਸੀ। ਨਿੰਮੋ ਨੂੰ ਹੁਸ਼ਿਆਰ ਦੇਖਦੇ ਹੋਏ ਉਸ ਨੇ ਵੀ ਉਸ ਦਾ ਵਿਸ਼ੇਸ਼ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ । ਨਿੰਮੋ ਇਥੇ ਵੀ ਆਪਣੀ ਹੁਸ਼ਿਆਰੀ ਦਾ ਸਿੱਕਾ ਜਮਾਂ ਲਿਆ ਤੇ ਉਹ ਪਹਿਲੇ ਸਥਾਨ ਤੇ ਰਹਿਣ ਦੇ ਨਾਲ ਨਾਲ ਸਾਰੇ ਅਧਿਆਪਕਾਂ ਦੀ ਆਗਿਆਕਾਰ ਲੜਕੀ ਸੀ । ਉਹ ਖੇਡਾਂ ਵਿਚ ਵੀ ਹਿਸਾ ਲੈਂਦੀ ਸੀ। ਨਿੰਮੋ ਦੀ ਮਾਂ ਸ਼ੀਲਾ ਵੀ ਕਦੇ ਕਦੇ ਸਕੂਲ ਵਿਚ ਉਸ ਦੇ ਅਧਿਆਪਕਾਂ ਨੂੰ ਮਿਲ ਉਸ ਬਾਰੇ ਪਤਾ ਲੈਣ ਜਾਇਆ ਕਰਦੀ ਸੀ। ਦਸਵੀਂ ਕਲਾਸ ਵਿਚ ਉਹ ਸਾਰੇ ਸਕੂਲ ਦੀਆਂ ਵਿਦਿਆਰਥਣਾਂ ਵਿਚੋਂ ਪਹਿਲੇ ਨੰਬਰ ਤੇ ਹੀ ਨਹੀਂ ਆਈ ਸਗੋਂ ਆਪਣੇ ਜ਼ਿਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਮੋਹਨ ਸਿੰਘ ਅਤੇ ਸ਼ੀਲਾ ਆਪਣੀ ਲੜਕੀ ਦੀ ਇਸ ਪ੍ਰਾਪਤੀ ਉਪਰ ਬਹੁਤ ਹੀ ਖੁਸ਼ ਸਨ। ਭਾਵੇਂ ਉਨ੍ਹਾਂ ਦੀ ਆਰਥਿਕ ਸਮਰਥਾ ਉਸ ਨੂੰ ਕਾਲਿਜ ਵਿਚ ਦਾਖਲ ਕਰਵਾ ਸਕਣ ਦੇ ਯੋਗ ਨਹੀਂ ਸੀ ਫਿਰ ਵੀ ਪ੍ਰਿੰਸੀਪਲ ਅਤੇ ਹੋਰ ਅਧਿਆਪਕਾਂ ਦੀ ਸਲਾਹ ਤੇ ਉਸ ਨੂੰ ਨੇੜੇ ਦੇ ਸ਼ਹਿਰ ਦੇ ਕਾਲਿਜ ਵਿਚ ਦਾਖਲ ਕਰਵਾ ਦਿਤਾ ਸੀ। ਸਕੂਲ ਦੀ ਪ੍ਰਿੰਸੀਪਲ ਨੇ ਸਕੂਲ ਦੀ ਅਧਿਆਪਕਾਂ ਨੂੰ ਨਿੰਮੋ ਦੇ ਨਾਲ ਭੇਜ ਕੇ ਕਾਲਿਜ ਦੀ ਫੀਸ ਮੁਆਫ ਕਰਵਾ ਦਿਤੀ ਸੀ ਅਤੇ ਕਿਤਾਬਾਂ ਦੀ ਮਦਦ ਵੀ ਦਿਲਵਾ ਦਿਤੀ ਸੀ । ਨਿੰਮੋ ਮਨ ਲਗਾ ਕੇ ਪੜ੍ਹਾਈ ਵਿਚ ਜੁਟ ਗਈ। ਰੋਜ਼ਾਨਾ ਉਹ ਪਿੰਡ ਤੋਂ ਬਸ ਵਿਚ ਜਾਂਦੀ ਸੀ ਅਤੇ ਬੱਸ ਤੇ ਹੀ ਵਾਪਿਸ ਆਉਂਦੀ ਸੀ। ਬੱਸ ਵਿਚ ਹੋਰ ਵੀ ਪਿੰਡਾਂ ਦੇ ਵਿਦਿਆਰਥੀ ਵੀ ਆਇਆ ਕਰਦੇ ਸਨ। ਨਾਲ ਦੇ ਪਿੰਡ ਦਾ ਸੰਦੀਪ ਸਿੰਘ ਜਿਸ ਨੂੰ ਉਸ ਦੇ ਸਾਥੀ ਸਿੱਪੀ ਆਖਦੇ ਸਨ ਵੀ ਉਸੇ ਬੱਸ ਤੇ ਆਇਆ ਕਰਦਾ ਸੀ ਜਿਹੜਾ ਸੁੰਦਰ ਸੀ ਚੰਗਾ ਡੀਲ ਡੌਲ ਸੀ ਅਤੇ ਚੰਗੇ ਕਪੜੇ ਪਹਿਨ ਕੇ ਆਇਆ ਕਰਦਾ ਸੀ, ਨਿੰਮੋ ਦੀ ਜਮਾਤ ਵਿਚ ਹੀ ਪੜ੍ਹਦਾ ਸੀ। ਉਹ ਆਪਣੇ ਸਕੂਲ ਵਿਚੋਂ ਪਹਿਲੇ ਨੰਬਰ ਤੇ ਆਇਆ ਸੀ ਅਤੇ ਪੜ੍ਹਾਈ ਵਿਚ ਹੁਸ਼ਿਆਰ ਸੀ। ਪੜ੍ਹਾਈ ਵਿਚ ਨਿੰਮੋ ਤੇ ਸਿੱਪੀ ਦਾ ਮੁਕਾਬਲਾ ਸੀ। ਉਹ ਪੜ੍ਹਾਈ ਵਿਚ ਇੱਕ ਦੂਜੇ ਦੀ ਮਦਦ ਵੀ ਕਰਦੇ ਸਨ। ਪ੍ਰੰਤੂ ਦੋਵੇਂ ਪਹਿਲੇ ਨੰਬਰ ਤੇ ਆਉਣ ਲਈ ਯਤਨਸ਼ੀਲ ਸਨ। ਕਾਲਿਜ ਦੇ ਹੋਰ ਵਿਦਿਆਰਥੀ ਉਨ੍ਹਾਂ ਦੋਵਾਂ ਤੇ ਈਰਖਾ ਕਰਦੇ ਸਨ । ਉਨ੍ਹਾਂ ਬਾਰੇ ਗ਼ਲਤ ਗੱਲਾਂ ਬਣਾਉਣ ਲੱਗ ਪਏ ਸਨ। ਜਦੋਂ ਬੱਸ ਵਿਚ ਹੁੰਦੇ ਨਿੰਮੋ ਤੇ ਸਿੱਪੀ ਇਕੱਠੇ ਬੈਠ ਜਾਂਦੇ ਸਨ ਅਤੇ ਪੜ੍ਹਾਈ ਬਾਰੇ ਇਕ ਦੂਜੇ ਨਾਲ ਗੱਲਾਂ ਕਰਦੇ ਸਨ। ਇਸ ਤਰਾਂ ਕਾਲਿਜ ਵਿਚੋਂ ਵਾਪਿਸ ਆਉਣ ਤੇ ਕਰਿਆ ਕਰਦੇ ਸਨ । ਉਨ੍ਹਾਂ ਨੇ ਸਖਤ ਮੇਹਨਤ ਕਰ ਕਾਲਿਜ ਵਿਚੋਂ ਬੀ ,ਐਸਸੀ, ਚੰਗੇ ਨੰਬਰਾਂ ਵਿਚ ਪਾਸ ਕਰ ਲਈ। ਸਿੱਪੀ ਹੋਰ ਅਗਲੇਰੀ ਪੜ੍ਹਾਈ ਕਰਨਾ ਚਾਹੁੰਦਾ ਸੀ। ਉਸ ਦੇ ਮਾਪਿਆਂ ਨੇ ਉਸ ਦਾ ਸਾਥ ਦਿੱਤਾ ਤੇ ਕਾਲਿਜ ਵਿਚ ਦਾਖਲ ਕਰਵਾ ਦਿੱਤਾ । ਪ੍ਰੰਤੂ ਨਿੰਮੋ ਦੇ ਘਰ ਦੀਆਂ ਦੀ ਸਮਰਥਾ ਘਟ ਹੋਣ ਕਾਰਨ ਉਹ ਉਸ ਦਾ ਵਿਆਹ ਕਰ ਕੇ ਆਪਣੇ ਸਿਰ ਤੋਂ ਬੋਝ ਨੂੰ ਘਟ ਕਰਨਾ ਚਾਹੁੰਦੇ ਸਨ । ਇਸ ਕਾਰਨ ਉਨ੍ਹਾਂ ਨੇ ਨਿੰਮੋ ਲਈ ਸੁਚੱਜਾ ਲੜਕਾ ਲੱਭਣ ਲਈ ਵਿਚੋਲੇ ਨੂੰ ਆਖ ਦਿਤਾ ਸੀ।

ਨਿੰਮੋ ਲਈ ਨੇੜੇ ਦੇ ਸ਼ਹਿਰ ਤੋਂ ਰਿਸ਼ਤਾ ਆਇਆ। ਨਿੰਮੋ ਦੇ ਮਾਪੇ ਇਸ ਤੇ ਬੜੇ ਹੀ ਖੁਸ਼ ਹੋਏ। ਘਰ ਦਾ ਇੱਕਲਾ ਹੀ ਮੁੰਡਾ ਸੀ । ਉਨ੍ਹਾਂ ਦੇ ਘਰ ਦੇ ਅਗਲੇ ਹਿਸੇ ਵਿਚ ਦੱਸ ਦੁਕਾਨਾਂ ਬਣੀਆਂ ਹੋਈਆਂ ਸਨ ਜੋ ਕਿਰਾਏ ਉਪਰ ਚੜੀਆਂ ਹੋਈਆਂ ਸਨ ਅਤੇ ਕਿਰਾਏ ਤੋਂ ਚੰਗੀ ਆਮਦਨ ਆ ਰਹੀ ਸੀ ਅਤੇ ਆਪਣੇ ਰਹਿਣ ਲਈ ਦੁਕਾਨਾਂ ਦੇ ਉਪਰ ਹੀ ਘਰ ਬਣਿਆ ਹੋਇਆ ਸੀ। ਲੜਕੇ ਦੇ ਮਾਪੇ ਸੇਵਾ ਨਿਵਰਤ ਹੋ ਚੁਕੇ ਸਨ ਅਤੇ ਸਰਕਾਰ ਤੋਂ ਦੋਹਾਂ ਨੂੰ ਹੀ ਪੈਨਸ਼ਨ ਵੀ ਮਿਲ ਰਹੀ ਸੀ। ਇਕ ਹੋਰ ਮਨ ਨੂੰ ਲੁਭਾਉਣ ਵਾਲੀ ਗੱਲ ਇਹ ਸੀ ਕਿ ਲੜਕਾ ਕੁਝ ਵੀ ਖਾਂਦਾ ਪੀਂਦਾ ਨਹੀਂ ਸੀ ਭਾਵ ਨਸ਼ਿਆਂ ਦੇ ਨੇੜੇ ਵੀ ਨਹੀਂ ਜਾਂਦਾ ਸੀ। ਛੋਟਾ ਜਿਹਾ ਪਰਿਵਾਰ ਸੀ ਲੜਕੇ ਦੀ ਇਕ ਵੱਡੀ ਭੈਣ ਮਹਿਕ ਸੀ ਜੋ ਵਿਆਹੀ ਹੋਈ ਸੀ। ਸਭ ਤੋਂ ਵੱਡੀ ਗੱਲ ਜੋ ਮੇਰੇ ਮਾਪਿਆਂ ਨੂੰ ਮੋਹ ਗਈ ਸੀ ਕਿ ਲੜਕੇ ਦੇ ਪਰਿਵਾਰ ਦੀ ਕੋਈ ਮੰਗ ਵੀ ਨਹੀਂ ਸੀ। ਵਿਚੋਲੇ ਨੇ ਸਪਸ਼ਟ ਕਰ ਦਿਤਾ ਕਿ ਤੁਸੀਂ ਡਰੋ ਨਾ ਉਨ੍ਹਾਂ ਦੇ ਘਰ ਕਿਸੇ ਵੀ ਚੀਜ਼ ਦੀ ਕਮੀ ਨਹੀਂ ਹੈ। ਮੈਂ ਤਾਂ ਆਪਣੀ ਮਰਜ਼ੀ ਮਾਪਿਆਂ ਦੇ ਸਿਰ ਸੁਟੀ ਹੋਈ ਸੀ। ਮੈਂ ਇਹ ਸਮਝਦੀ ਸੀ ਕਿ ਮਾਪੇ ਮੇਰੇ ਬਾਰੇ ਫੈਸਲਾ ਸੋਚ ਸਮਝ ਕੇ ਹੀ ਕਰਨਗੇ। ਹੁਣ ਮੇਰੇ ਮਾਪਿਆਂ ਕੋਲ ਨਾਂਹ ਕਰਨ ਲਈ ਕੋਈ ਵੀ ਵਜਾ ਨਹੀਂ ਸੀ । ਮੇਰੇ ਪਿਤਾ ਜੀ ਨੇ ਵਿਚੋਲੇ ਨੂੰ ਬੁਲਾ ਕੇ ਆਪਣੀ ਰਜ਼ਾਮੰਦੀ ਜ਼ਾਹਿਰ ਕਰ ਦਿਤੀ। ਜਦੋਂ ਲੜਕੇ ਵਾਲਿਆਂ ਨੂੰ ਮੇਰੇ ਮਾਪਿਆਂ ਦੀ ਰਜ਼ਾਮੰਦੀ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਦੋ ਮਹੀਨਿਆਂ ਅੰਦਰ ਵਿਆਹ ਲੈਣ ਬਾਰੇ ਆਖਿਆ । ਇਕ ਵਾਰ ਤਾਂ ਮੇਰੇ ਮਾਪੇ ਘਬਰਾ ਗਏ ਕਿ ਇਤਨੀ ਛੇਤੀ ਸਾਰਾ ਪ੍ਰਬੰਧ ਕਿਵੇਂ ਕੀਤਾ ਜਾਵੇਗਾ। ਵਿਚੋਲੇ ਨੂੰ ਬੁਲਾ ਕੇ ਸਮਾਂ ਵਧਾਉਣ ਬਾਰੇ ਗੱਲ ਕੀਤੀ ਤਾਂ ਵਿਚੋਲੇ ਨੇ ਕਿਹਾ ਕਿ ਲੜਕੀ ਤਾਂ ਟੋਰਨੀ ਹੀ ਹੈ ਕੀ ਅੱਗੇ ਤੇ ਕੀ ਪਿਛੇ। ਉਨ੍ਹਾਂ ਦੀ ਕੋਈ ਮੰਗ ਤਾਂ ਹੈ ਹੀ ਨਹੀਂ ਅਤੇ ਨਾ ਕੋਈ ਦਾਜ ਬਣਾਉਣਾ ਹੈ ਅਤੇ ਬਰਾਤ ਵਿਚ ਕੇਵਲ ਘਰ ਦੇ ਜੀਅ ਹੀ ਆਉਣੇ ਹਨ। ਜ਼ਿਆਦਾ ਫਿਕਰ ਕਰਨ ਦੀ ਲੋੜ ਨਹੀਂ ਹੈ। ਦੋ ਮਹੀਨੇ ਬਾਅਦ ਦੀ ਤਾਰੀਖ ਮਿਥ ਲਈ ਗਈ। ਮਿਥਿਆ ਸਮਾਂ ਤੁਰੰਤ ਹੀ ਬੀਤ ਜਾਂਦਾ ਹੈ। ਵਿਆਹ ਵਾਲਾ ਦਿਨ ਆ ਗਿਆ । ਨਿੰਮੋ ਨੂੰ ਲਾਲ ਜੋੜੇ ਵਿਚ ਤਿਆਰ ਕੀਤਾ ਗਿਆ ਅਤੇ ਗੁਰਦਵਾਰੇ ਵਿਚ ਮੇਰਾ ਆਨੰਦ ਕਾਰਜ ਜਰਨੈਲ ਸਿੰਘ ਨਾਲ ਕਰ ਦਿਤਾ ਗਿਆ।

ਜਦੋਂ ਮੈਂ ਸਹੁਰੇ ਘਰ ਪੁਜੀ ਤਾਂ ਮੇਰੀ ਸੱਸ ਨੇ ਮੇਰਾ ਘੁੰਡ ਥੋੜਾ ਹੋਰ ਨੀਵਾਂ ਕਰ ਦਿਤਾ ।ਪਾਣੀ ਵਾਰਨ ਤੋਂ ਪਿੱਛੋਂ ਮੈਨੂੰ ਵੇਹੜੇ ਅੰਦਰ ਹੀ ਵਿਛਾਈ ਵਾਲੀ ਮੰਜੀ ਤੇ ਮੈਨੂੰ ਬਿਠਾ ਦਿਤਾ। ਰੌਲੇ ਰੱਪੇ ਤੋਂ ਮੈਨੂੰ ਲੱਗ ਰਿਹਾ ਸੀ ਕਿ ਵੇਹੜੇ ਅੰਦਰ ਖੂਬ ਰੌਣਕ ਸੀ। ਹੌਲੀ ਹੌਲੀ ਅਵਾਜ਼ਾਂ ਘਟਣ ਲੱਗੀਆਂ ਅਤੇ ਘਰ ਅੰਦਰ ਚਹਿਲ ਪਹਿਲ ਵੀ ਘਟੀ ਹੋਈ ਲੱਗ ਰਹੀ ਸੀ। ਹਨੇਰੇ ਨੇ ਦਿਨ ਦੇ ਚਾਨਣ ਉੱਤੇ ਚਾਦਰ ਪਾ ਦਿਤੀ। ਮੈਨੂੰ ਵੀ ਘੁੰਡ ਵਿਚੋਂ ਹਨੇਰਾ ਪ੍ਰਸਰਦਾ ਪ੍ਰਤੀਤ ਹੋਣ ਲੱਗ ਪਿਆ। ਮੈਨੂੰ ਮਹਿਕ ਨੇ ਉਸ ਮੰਜੇ ਤੋਂ ਉਠਾਇਆ ਤੇ ਕਮਰੇ ਦੇ ਅੰਦਰ ਲੈ ਗਈ। ਅਗਲੇ ਦਿਨ ਸ਼ਾਮ ਤਕ ਨੇੜੇ ਦੇ ਰਿਸ਼ਤੇਦਾਰ ਜਿਹੜੇ ਵਿਆਹ ਵੇਖਣ ਲਈ ਆਏ ਸਨ ਚਲੇ ਗਏ । ਘਰ ਵਿਚ ਮਹਿਕ ਤੇ ਉਸ ਦਾ ਘਰ ਵਾਲਾ ਅਰਥਾਤ ਇਸ ਘਰ ਦਾ ਜਵਾਈ ਮਲਕੀਤ ਸਿੰਘ ਹੀ ਰਹਿ ਗਏ।

ਮੇਰੇ ਵਿਆਹ ਨੂੰ ਹਾਲੇ ਚਾਰ ਦਿਨ ਹੀ ਹੋਏ ਸਨ ਅਤੇ ਜਦੋਂ ਮੈਂ ਰਸੋਈ ਵਿਚ ਸਵੇਰ ਦੀ ਚਾਹ ਬਣਾ ਰਹੀ ਸੀ। ਵੇਹੜੇ ਅੰਦਰ ਮੇਰੇ ਸੱਸ ਸਹੁਰਾ,ਮਹਿਕ ਤੇ ਮਲਕੀਤ ਬੈਠੇ ਸਨ । ਜਰਨੈਲ ਹਾਲੇ ਅਪਣੇਆਪ੍ਣੇ ਕਮਰੇ ਅੰਦਰ ਹੀ ਸੀ। ਮੇਰੇ ਕੰਨਾਂ ਅੰਦਰ ਮੇਰੀ ਸੱਸ ਦੀ ਆਵਾਜ਼ ਸੁਣੀ ਕਿ ਮਰੇ ਪਰਾਂਹ ਅਜਿਹਾ ਵਿਚੋਲਾ, ਘਟੋ ਘਟ ਨਿੰਮੋ ਨੂੰ ਚਾਰ ਟੂੰਮਾਂ ਤਾਂ ਪਾ ਦਿੰਦੇ। ਉਨ੍ਹਾਂ ਨੇ ਨੱਕ,ਕੰਨਾਂ ਤੋਂ ਬੁੱਚੀ ਹੀ ਤੌਰ ਦਿਤੀ। ਪਿੰਡ ਵਿਚ ਸਾਡੀ ਬਣੀ ਬਣਾਈ ਇੱਜਤ ਮਿਟੀ ਵਿਚ ਰੋਲ ਦਿਤੀ।

ਇਹ ਸੁਣ ਮੇਰਾ ਸਹੁਰਾ ਬੋਲਿਆ ,"ਥੋੜਾ ਹੋਲੀ ਬੋਲ ਨਿੰਮੋ ਸੁਣਦੀ ਹੋਵੇਗੀ ।"

ਮੇਰੀ ਸੱਸ --ਜੇ ਸੁਣਦੀ ਹੈ ਤਾਂ ਕੀ ਮੈਨੂੰ ਡਰ ਮਾਰਿਆ। ਮੈਂ ਕੋਈ ਝੂਠ ਪਈ ਆਖਦੀ ਹਾਂ । ਸਾਰਾ ਪਿੰਡ ਹੀ ਗੱਲਾਂ ਕਰਦਾ ਪਿਆ ਹੈ।

ਮੇਰੀ ਸੱਸ ਨੇ ਅਤੇ ਸਹੁਰੇ ਪਰਿਵਾਰ ਨੇ ਇਹ ਨਹੀਂ ਸੋਚਿਆ ਕਿ ਮੈਂ 14 ਜਮਾਤਾਂ ਪੜ੍ਹੀ ਹਾਂ ਤੇ ਸਾਡਾ ਜਰਨੈਲ ਦਸਵੀਂ ਫੇਲ ਹੈ। ਮੇਰੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ ਜਦੋਂ ਕਿ ਮੇਰੇ ਮਾਪਿਆਂ ਨੇ ਕਿਸੇ ਪਾਸੇ ਤੋਂ ਵੀ ਕੋਈ ਕਸਰ ਨਹੀਂ ਛੱਡੀ ਸੀ। ਵਿਆਹ ਉਪਰ ਉਨ੍ਹਾਂ ਨੇ ਆਪਣੀ ਸਮਰੱਥਾ ਤੋਂ ਵੱਧ ਕੇ ਖਰਚ ਕੀਤਾ ਸੀ। ਪਰੰਤੂ ਇਸ ਵਿਆਹ ਤੋਂ ਮੇਰਾ ਸਹੁਰਾ ਪਰਿਵਾਰ ਬਿਲਕੁਲ ਵੀ ਖੁਸ਼ ਨਹੀਂ ਸੀ । ਸਾਰਿਆਂ ਦੇ ਮਨ ਅੰਦਰ ਇਹ ਭਰਿਆ ਹੋਇਆ ਸੀ ਕਿ ਮੈਂ ਦਾਜ ਵਿਚ ਕੁਝ ਵੀ ਨਹੀਂ ਲੈ ਕੇ ਆਈ । ਜੋ ਕੁਝ ਵੀ ਮੇਰੇ ਮਾਪਿਆਂ ਨੇ ਮੈਨੂੰ ਦਿਤਾ ਸੀ ਉਹ ਕਿਸੇ ਨੂੰ ਵੀ ਨਜ਼ਰ ਨਹੀਂ ਆ ਰਿਹਾ ਸੀ। ਉਹ ਦਾਜ ਤਾਂ ਲੈਣਾ ਚਾਹੁੰਦੇ ਸਨ ਪਰ ਮੰਗਣਾ ਨਹੀਂ ਚਾਹੁੰਦੇ ਸਨ।

ਇਹਨਾਂ ਚਾਰ ਪੰਜ ਦਿਨਾਂ ਦੇ ਅੰਦਰ ਮੇਰੇ ਤੇ ਜਰਨੈਲ ਵਿਚ ਕੋਈ ਵਿਆਹੇ ਹੋਣ ਬਾਰੇ ਗੱਲ ਕਥ ਨਾ ਹੋਈ। ਜਰਨੈਲ ਰੋਜ਼ਾਨਾ ਨਸ਼ੇ ਦਾ ਡੱਕਿਆਂ ਘਰ ਵੜਦਾ ਸੀ ਅਤੇ ਆ ਕੇ ਬਿਸਤਰੇ ਤੇ ਬੇਹੋਸ਼ਿਆਂ ਵਾਂਗ ਡਿਗ ਪੈਂਦਾ ਸੀ। ਉਸ ਨੂੰ ਜਹਾਨ ਦੀ ਕੋਈ ਸੂਰਤ ਨਹੀਂ ਰਹਿੰਦੀ ਸੀ। ਸਵੇਰੇ ਸਿਰ ਦੁਖਣ ਦਾ ਆਖਦਾ ਸੀ ਮੈਂ ਚਾਹ ਲਈ ਜਾਂਦੀ ਸੀ ਤਾਂ ਉਹ ਪਿੱਛੋਂ ਕੋਈ ਨਸ਼ਾ ਕਰ ਲੈਂਦਾ ਸੀ। ਇਕ ਦਿਨ ਮੈਂ ਉਸ ਨੂੰ ਨਸ਼ੇ ਦਾ ਟੀਕਾ ਲਾਉਂਦਾ ਵੇਖ ਲਿਆ ਸੀ। ਮੈਂ ਮਹਿਕ ਨੂੰ ਦੱਸਿਆ ਤਾਂ ਉਸ ਨੇ ਕਿਹਾ ਹਾਂ ਨਸ਼ੇ ਤਾਂ ਇਹ ਕਰਦਾ ਹੈ ਅਸੀਂ ਸੋਚਿਆ ਵਿਆਹ ਤੋਂ ਬਾਅਦ ਠੀਕ ਹੋ ਜਾਵੇਗਾ। ਤੂੰ ਇਸ ਨੂੰ ਸੰਭਾਲ ਲਵੇਂਗੀ।

ਮੈਂ ਮਹਿਕ ਨੂੰ ਕਿਹਾ ਕਿ ਮੇਰੇ ਤਾਂ ਹਾਲੇ ਤਕ ਇਹ ਨੇੜੇ ਵੀ ਨਹੀਂ ਢੁਕਿਆ ਇਹ ਤਾਂ ਨਸ਼ੇ ਦੀ ਦੁਨੀਆ ਵਿਚ ਗਰਕਿਆਂ ਰਹਿੰਦਾ ਹੈ। ਮੈਂ ਕੀ ਕਰ ਸਕਦੀ ਹਾਂ। ਤੁਸੀਂ ਮੇਰੇ ਨਾਲ ਧੋਖਾ ਕੀਤਾ ਹੈ। ਵਿਚੋਲੇ ਨੇ ਸਾਨੂੰ ਬਿਲਕੁਲ ਹੀ ਨਸ਼ੇ ਬਾਰੇ ਚਾਨਣ ਨਹੀਂ ਕੀਤਾ ਸੀ ਸਗੋਂ ਉਸ ਨੇ ਤਾਂ ਆਖਿਆ ਸੀ ਕਿ ਲੜਕਾ ਬਿਲਕੁਲ ਹੀ ਕੋਈ ਨਸ਼ਾ ਨਹੀਂ ਕਰਦਾ ਹੈ। ਆਪਣੀਆਂ ਚੁਸਤ ਚਲਾਕੀਆਂ ਕਰ ਮੇਰੇ ਭੋਲੇ ਮਾਂ -ਬਾਪ ਨੂੰ ਫਸਾ ਕੇ ਮੈਨੂੰ ਡੋਬ ਹੀ ਦਿਤਾ ਹੈ।

ਮੈਂ ਇਹ ਗੱਲਾਂ ਮਹਿਕ ਨਾਲ ਇਸ ਲਈ ਕੀਤੀਆਂ ਸਨ ਕਿ ਉਹ ਆਪਣੇ ਮਾਪਿਆਂ ਨੂੰ ਦੱਸ ਦੇਵੇ ਕਿ ਮੈਨੂੰ ਜਰਨੈਲ ਦੇ ਨਸ਼ਈ ਹੋਣ ਬਾਰੇ ਪਤਾ ਲੱਗ ਗਿਆ ਹੈ। ਮਹਿਕ ਨੇ ਮਲਕੀਤ ਨਾਲ ਗੱਲ ਕੀਤੀ। ਅਗਲੇ ਦਿਨ ਮਲਕੀਤ ਨੇ ਜਰਨੈਲ ਦਾ ਪੂਰਾ ਧਿਆਨ ਰੱਖਿਆ ਉਸ ਨੂੰ ਸ਼ਰਾਬ ਨਾ ਪੀਣ ਦਿਤੀ ਪਰ ਜਰਨੈਲ ਨੇ ਉਸ ਤੋਂ ਚੋਰੀ ਨਸ਼ੇ ਦੇ ਟੀਕੇ ਲਾ ਲਏ ਸਨ। ਜਦੋਂ ਜਰਨੈਲ ਸੌਣ ਵਾਸਤੇ ਆਇਆ ਤਾਂ ਮਲਕੀਤ ਉਸ ਦੇ ਨਾਲ ਹੀ ਸੀ । ਮਲਕੀਤ ਨੇ ਆਪ ਵੀ ਸ਼ਰਾਬ ਪੀਤੀ ਹੋਈ ਲੱਗਦੀ ਸੀ। ਜਰਨੈਲ ਨੂੰ ਟੀਕਿਆਂ ਦਾ ਨਸ਼ਾ ਹੋ ਗਿਆ ਸੀ ਉਹ ਤਾਂ ਮੇਰੇ ਨਾਲ ਕੋਈ ਵੀ ਗੱਲ ਨਾ ਕਰ ਸਕਿਆ ਮੰਜੇ ਤੇ ਡਿਗਦਿਆਂ ਹੀ ਬੇਹੋਸ਼ ਹੋ ਗਿਆ। ਮਲਕੀਤ ਨੇ ਉਸ ਨੂੰ ਹਿਲਾ ਕੇ ਦੇਖਿਆ। ਮਲਕੀਤ ਨੇ ਜਰਨੈਲ ਨੂੰ ਨੇੜੇ ਹੋ ਦੇਖਿਆ ਤਾਂ ਉਹ ਸਮਝ ਗਿਆ ਕਿ ਜਰਨੈਲ ਨੂੰ ਤਾਂ ਕੋਈ ਹੋਸ਼ ਹੀ ਨਹੀਂ ਹੈ। ਮਲਕੀਤ ਵੀ ਨਸ਼ੇ ਵਿਚ ਸੀ। ਉਹ ਮੇਰੇ ਬਿਸਤਰੇ ਤੇ ਬੈਠ ਮੇਰੇ ਨਾਲ ਗੱਲਾਂ ਕਰਨ ਲੱਗ ਪਿਆ । ਉਸ ਨੇ ਮੈਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਤੇ ਮੇਰੇ ਨੇੜੇ ਹੋਣਾ ਚਾਹਿਆ। ਮੈਨੂੰ ਉਸ ਦੀ ਨੀਅਤ ਮਾੜੀ ਜਾਪੀ। ਮੈਨੂੰ ਉਸ ਨੇ ਛੋਹਣ ਦੀ ਕੋਸ਼ਿਸ਼ ਕੀਤੀ । ਉਹ ਆਪਣੀ ਹਵਸ ਮੱਠੀ ਕਰਨਾ ਚਾਹੁੰਦਾ ਸੀ । ਜਿਸ ਨੂੰ ਮੈਂ ਸਮਝ ਗਈ। ਮੈਂ ਭੱਜ ਕੇ ਬਾਹਰ ਨਿਕਲ ਗਈ ਤੇ ਮਹਿਕ ਨੂੰ ਬਹੁਤ ਹੀ ਜ਼ੋਰ ਨਾਲ ਅਤੇ ਗੁੱਸੇ ਭਰੀ ਆਵਾਜ਼ ਲਗਾਈ। ਮਲਕੀਤ ਵੀ ਘਬਰਾ ਗਿਆ। ਉਹ ਕਮਰੇ ਵਿਚੋਂ ਬਾਹਰ ਨਿਕਲ ਆਇਆ ਤੇ ਮੈਨੂੰ ਜਬਰਦਸਤੀ ਫੜ ਕੇ ਅੰਦਰ ਲਿਜਾਣ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਹਾ ਕਿ ਫਿਕਰ ਨਾ ਕਰ ਜਰਨੈਲ ਤਾਂ ਹੁਣ ਉੱਠ ਨਹੀਂ ਸਕਦਾ। ਮਹਿਕ ਤੇ ਪਰਿਵਾਰ ਘਰ ਵਿਚ ਨਹੀਂ ਹਨ। ਤੂੰ ਚਿੰਤਾ ਨਾ ਕਰ ਮੈਂ ਤਾਂ ਮਦਦ ਹੀ ਕਰ ਰਿਹਾ ਹਾਂ। ਉਸ ਨੇ ਮੇਰੇ ਨਾਲ ਜਬਰਦਸਤੀ ਕੀਤੀ ਅਤੇ ਮੇਰੀ ਇੱਜਤ ਤਾਰ ਤਾਰ ਕਰ ਦਿਤੀ। ਮੈਂ ਤੀਵੀਂ ਮਾਨੀ ਕੀ ਕਰ ਸਕਦੀ ਸੀ। ਮੈਨੂੰ ਛੱਡ ਮਲਕੀਤ ਥਲੇ ਆਪਣੇ ਕਮਰੇ ਵਿਚ ਚਲਾ ਗਿਆ। ਮੈਂ ਸਵੇਰੇ ਉੱਠ ਸਾਰਾ ਪਰਿਵਾਰ ਇਕੱਠਾ ਕਰ ਲਿਆ ਤੇ ਮਲਕੀਤ ਦੀ ਕਰਤੂਤ ਸਾਰਿਆਂ ਨੂੰ ਦੱਸ ਦਿੱਤੀ। ਮਹਿਕ ਨੇ ਮੇਰੀ ਕੋਈ ਮਦਦ ਨਾ ਕੀਤੀ ਸਗੋਂ ਮਲਕੀਤ ਨਾਲ ਹੱਸ ਹੱਸ ਗੱਲਾਂ ਕਰ ਰਹੀ ਸੀ। ਸੱਸ ਅਤੇ ਸਹੁਰੇ ਦਾ ਰਵਈਆ ਵੀ ਮੇਰੇ ਪ੍ਰਤੀ ਘਿਰਣਾ ਭਰਿਆ ਸੀ। ਜਰਨੈਲ ਨੇ ਵੀ ਆਪਣੇ ਜੀਜੇ ਨੂੰ ਕੁਝ ਨਾ ਕਿਹਾ। ਮੈਨੂੰ ਇਸ ਤਰਾਂ ਜਾਪਿਆ ਕਿ ਇਹ ਜੋ ਵੀ ਹੋਇਆ ਇਸ ਵਿਚ ਸਾਰੇ ਪਰਿਵਾਰ ਦੀ ਰਜ਼ਾਮੰਦੀ ਸੀ। ਮੈਨੂੰ ਇਹ ਬਿਲਕੁਲ ਵੀ ਮਨਜ਼ੂਰ ਨਹੀਂ ਸੀ । ਮੈਂ ਜਰਨੈਲ ਨਾਲ ਵਿਆਹੀ ਸੀ ਉਸ ਦਾ ਮੇਰੇ ਉਪਰ ਹੱਕ ਸੀ। ਮਲਕੀਤ ਮੇਰੇ ਉਪਰ ਆਪਣਾ ਹੱਕ ਜਤਾਉਣਾ ਚਾਹੁੰਦਾ ਸੀ ਤੇ ਮੈਨੂੰ ਆਪਣੀ ਔਰਤ ਬਣਾਉਣ ਲਈ ਲਾਲਚ ਵੀ ਦੇਣ ਲੱਗਿਆ। ਮੈਂ ਬਿਲਕੁਲ ਇਨਕਾਰ ਕਰ ਦਿਤਾ।

ਮੇਰੇ ਮਾਪਿਆਂ ਨੇ ਇਹ ਸਮਝਾਇਆ ਸੀ ਕਿ ਹੁਣ ਤੇਰੇ ਸੱਸ ਸਹੁਰਾ ਹੀ ਤੇਰੇ ਮਾਪੇ ਹਨ ਤੂੰ ਉਨ੍ਹਾਂ ਦੀ ਸੇਵਾ ਕਰਨੀ ਹੈ ਜਰਨੈਲ ਹੀ ਤੇਰਾ ਭਵਿੱਖ ਹੈ ਅਤੇ ਤੇਰਾ ਇਹੋ ਹੀ ਨਸੀਬ ਹੈ। ਇਹੋ ਹੀ ਤੇਰਾ ਘਰ ਪਰਿਵਾਰ। ਪ੍ਰੰਤੂ ਮੈਂ ਇਸ ਮਲਕੀਤ ਦੀ ਘਟੀਆ ਯੋਜਨਾ ਲਈ ਬਿਲਕੁਲ ਵੀ ਤਿਆਰ ਨਹੀਂ ਸਾਂ। ਇਸ ਕਾਰਨ ਮੈਂ ਇਸ ਨੂੰ ਆਪਣਾ ਨਸੀਬ ਮੰਨਣ ਤੋਂ ਇਨਕਾਰ ਕਰ ਦਿਤਾ। ਮਹਿਕ ਅਤੇ ਉਸ ਦੇ ਮਾਪਿਆਂ ਦੇ ਵਤੀਰੇ ਨੇ ਮੈਨੂੰ ਇਸ ਪਰਿਵਾਰ ਨੂੰ ਅਪਣਾਉਣਾ ਬਿਲਕੁਲ ਵੀ ਠੀਕ ਨਾ ਲੱਗਾ। ਇਸ ਲਈ ਮੈਂ ਤਿੰਨਾਂ ਕੱਪੜਿਆਂ ਵਿਚ ਹੀ ਘਰੋਂ ਨਿਕਲ ਪਈ । ਸਹੁਰੇ ਪਰਿਵਾਰ ਵਿਚੋਂ ਮੈਨੂੰ ਕਿਸੇ ਨੇ ਵੀ ਰੋਕਣ ਦਾ ਯਤਨ ਨਾ ਕੀਤਾ। ਆਪਣੇ ਮਾਪਿਆਂ ਨੂੰ ਮੈਂ ਤੰਗ ਨਹੀਂ ਕਰਨਾ ਚਾਹੁੰਦੀ ਸੀ। ਆਪਣੇ ਪਿੰਡ ਜਾਣ ਦੀ ਥਾਂ ਮੈਂ ਸਿੱਪੀ ਦੇ ਪਿੰਡ ਵਲ ਰੁੱਖ ਕਰ ਲਿਆ। ਮੇਰੀ ਕਿਸਮਤ ਨੂੰ ਸਿੱਪੀ ਘਰੇ ਹੀ ਸੀ। ਰਾਤ ਹੋ ਚੁਕੀ ਸੀ। ਸਿੱਪੀ ਨੇ ਮੇਰੇ ਹਾਲ ਚਾਲ ਪੁੱਛਿਆ। ਮੇਰੇ ਸਹੁਰੇ ਪਰਿਵਾਰ ਬਾਰੇ ਪੁੱਛਿਆ। ਜਦੋਂ ਉਸ ਨੇ ਮੇਰੇ ਜਰਨੈਲ ਬਾਰੇ ਪੁੱਛਿਆ ਤਾਂ ਮੈਂ ਫਿਸ ਪਈ।

ਮੈਂ ਆਪਣੇ ਵਿਚੋਲੇ ਨੂੰ ਬਹੁਤ ਮੰਦਾ ਆਖਿਆ ਤੇ ਦੱਸਿਆ ਕਿ ਉਸ ਨੇ ਧੋਖਾ ਕੀਤਾ ਹੈ ਮੈਨੂੰ ਨਸ਼ਈ ਦੇ ਪੱਲੇ ਪਾ ਦਿਤਾ ਹੈ। ਰੋਜ਼ਾਨਾ ਨਸ਼ਾ ਕਰਦਾ ਹੈ ਨਸ਼ੇ ਦੇ ਟੀਕੇ ਲਾਉਂਦਾ ਹੈ। ਮੇਰਾ ਜੀਵਨ ਤਾਂ ਬਰਬਾਦ ਕਰ ਦਿਤਾ ਹੈ ਮੈਂ ਆਪਣੇ ਮਾਪਿਆਂ ਨੂੰ ਨਹੀਂ ਦੱਸਿਆ ਕਿਉਂ ਜੋ ਉਨ੍ਹਾਂ ਨੇ ਆਪਣਾ ਜੋੜਿਆ ਹੋਇਆ ਧਨ ਮੇਰੇ ਉਪਰ ਖਰਚ ਕਰ ਦਿਤਾ ਉਨ੍ਹਾਂ ਵਿਚ ਮੈਨੂੰ ਸੰਭਾਲਣ ਦੀ ਸਮਰਥਾ ਨਹੀਂ ਹੈ। ਮੈਂ ਸਿੱਪੀ ਨੂੰ ਮਲਕੀਤ ਦੀ ਮਾੜੀ ਕਰਤੂਤ ਬਾਰੇ ਵੀ ਦੱਸਿਆ। ਜਿਸ ਨੂੰ ਸੁਣ ਉਹ ਆਪੇ ਤੋਂ ਬਾਹਰ ਹੋ ਗਿਆ ।ਉਹ ਆਪ ਮੁਹਾਰਾ ਹੀ ਬੋਲਿਆ,

"ਰੱਬ ਕਰੇ ਉਹ ਮਰੇ ਵਿਚੋਲਾ ਜਿਸ ਨੇ ਰੱਖਿਆ ਐਡਾ ਓਹਲਾ।"

ਉਸ ਨੇ ਸਾਰੀ ਗਾਥਾ ਸੁਣ ਮੈਨੂੰ ਸਮਝਾਇਆ ਕਿ ਮੈਨੂੰ ਆਪਣੇ ਮਾਪਿਆਂ ਕੋਲ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਸਾਰਾ ਕੁਝ ਬਿਆਨ ਕਰ ਦੇਣਾ ਚਾਹੀਦਾ ਹੈ। ਇਸ ਤੋਂ ਅੱਗੇ ਫੈਸਲਾ ਫੇਰ ਲਵਾਂਗੇ। ਮੈਂ ਹਰ ਕਿਸਮ ਨਾਲ ਤੇਰੀ ਮਦਦ ਲਈ ਤਿਆਰ ਹਾਂ। ਰਾਤ ਮੈਂ ਉਸ ਦੇ ਘਰ ਬਿਤਾਈ। ਉਸ ਨੂੰ ਉਸ ਦੇ ਜੀਵਨ ਬਾਰੇ ਪੁੱਛਿਆ । ਉਸ ਨੇ ਦੱਸਿਆ ਕਿ ਮੈਂ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਲਈ ਯਤਨ ਕਰ ਰਿਹਾ ਹਾਂ। ਭਾਵੇਂ ਹਾਲੇ ਤਕ ਕਿਤੇ ਵੀ ਹੱਥ ਨਹੀਂ ਅੜਿਆ। ਯਤਨ ਜਾਰੀ ਹਨ। ਮੈਂ ਮੁਕਾਬਲੇ ਦੇ ਇਮਿਤਿਹਾਨ ਦੀ ਤਿਆਰੀ ਕਰ ਰਿਹਾ ਹਾਂ। ਇਮਿਤਿਹਾਨ ਦੀ ਤਾਰੀਕ ਵੀ ਨੇੜੇ ਹੈ । ਇਮਿਤਿਹਾਨ ਦੇਣ ਤੋਂ ਬਾਅਦ ਮੈਂ ਤੇਰੀ ਪੂਰੀ ਤਰਾਂ ਨਾਲ ਮਦਦ ਕਰ ਸਕਦਾ ਹਾਂ। ਉਤਨਾ ਚਿਰ ਤੂੰ ਆਪਣੇ ਪੇਕਿਆਂ ਦੇ ਘਰ ਹੀ ਰਹਿਣਾ ਹੈ ਅਤੇ ਸਹੁਰੇ ਘਰ ਜਾਣ ਦੀ ਕੋਈ ਵੀ ਜ਼ਰੂਰਤ ਨਹੀਂ ਹੈ। ਉਨ੍ਹਾਂ ਦਾ ਵਰਤਾਵ ਬਹੁਤ ਹੀ ਮਾੜਾ ਹੈ। ਮੈਂ ਨਹੀਂ ਚਾਹੁੰਦਾ ਕਿ ਤੂੰ ਘਬਰਾ ਕਿ ਕੋਈ ਵੀ ਗ਼ਲਤ ਕਦਮ ਉਠਾਵੇਂ। ਅਗਲੇ ਦਿਨ ਨਿੰਮੋ ਆਪਣੇ ਘਰ ਲਈ ਚਲ ਪਈ । ਪਿੰਡ ਪੁਜੀ । ਮਾਪਿਆਂ ਨੂੰ ਮਿਲੀ । ਉਨ੍ਹਾਂ ਨੇ ਜਦੋਂ ਜਰਨੈਲ ਦੇ ਨਾ ਆਉਣ ਬਾਰੇ ਪੁੱਛਿਆ ਤਾਂ ਉਸ ਨੇ ਦੱਸ ਦਿਤਾ ਕਿ ਮੈਂ ਇੱਕਲੀ ਹੀ ਆਈ ਹਾਂ ਅਤੇ ਉਸ ਘਰ ਨੂੰ ਹਮੇਸ਼ਾ ਲਈ ਛੱਡ ਆਈ ਹਾਂ। ਨਿੰਮੋ ਦਾ ਬਾਪ ਆਪਣੇ ਬੈਂਕ ਵਿਚ ਜਾ ਚੁਕਾ ਸੀ। ਆਪਣੀ ਮਾਂ ਨੂੰ ਉਸ ਨੇ ਸਹੁਰੇ ਵਾਪਰੀਆਂ ਸਾਰੀਆਂ ਘਟਨਾਵਾਂ ਦੱਸ ਦਿਤੀਆਂ। ਇਹ ਵੀ ਦੱਸਿਆ ਕਿ ਉਹ ਗਹਿਣੇ ਥੋੜੇ ਪਾਉਣ ਬਾਰੇ ਵੀ ਮੰਦਾ ਹੀ ਬੋਲਦੇ ਹਨ। ਜਰਨੈਲ ਤਾਂ ਹਮੇਸ਼ਾ ਹੀ ਨਸ਼ੇ ਵਿਚ ਰਹਿੰਦਾ ਹੈ। ਉਹ ਮੇਰੇ ਨਾਲ ਵਿਆਹੇ ਹੋਣ ਬਾਰੇ ਕੋਈ ਵੀ ਰਿਸ਼ਤਾ ਨਹੀਂ ਬਣਾ ਸਕਿਆ। ਮੈਂ ਕੁਆਰੀ ਕੁੜੀ ਹੀ ਰਹਿਣਾ ਸੀ ਜੇ ਉਨ੍ਹਾਂ ਦੇ ਜਵਾਈ ਮਲਕੀਤ ਵਲੋਂ ਮੇਰੇ ਨਾਲ ਜਬਰਦਸਤੀ ਨਾ ਕੀਤੀ ਹੁੰਦੀ। ਮਲਕੀਤ ਮੈਨੂੰ ਆਪਣੀ ਜਨਾਨੀ ਬਣਾਉਣਾ ਚਾਹੁੰਦਾ ਸੀ। ਮੈਂ ਇਨਕਾਰ ਕਰ ਉਸ ਘਰ ਨਾਲੋਂ ਸਾਰੇ ਰਿਸ਼ਤੇ ਤੋੜ ਆਈ ਹਾਂ । ਮੈਂ ਤੁਹਾਡੇ ਤੇ ਬੋਝ ਨਹੀਂ ਬਣਾਂਗੀ। ਮੈਂ ਮੇਹਨਤ ਕਰਾਂਗੀ ਮੁਕਾਬਲੇ ਦੇ ਇਮਿਤਿਹਾਨ ਦੇਵਾਂਗੀ। ਕਾਮਯਾਬੀ ਪ੍ਰਾਪਤ ਕਰ ਸਮਾਜ ਵਿਚ ਆਪਣੀ ਵੱਖਰੀ ਥਾਂ ਬਣਾਵਾਂਗੀ। ਮੈਂ ਤੁਹਾਡੇ ਕੋਲ ਥੋੜਾ ਸਮਾਂ ਹੀ ਰਹਾਂਗੀ। ਤੁਸੀਂ ਫਿਕਰ ਨਹੀਂ ਕਰਨਾ ਹੈ । ਤੁਸੀਂ ਮੇਰੇ ਬਾਪੂ ਨੂੰ ਸਮਝਾ ਦੇਣਾ ਉਹ ਗੁਸਾ ਨਾ ਕਰਨ। ਮੈਂ ਆਪਣੀ ਮੇਹਨਤ ਸਦਕਾ ਹੀ ਆਪਣੀ ਅਗਲੇਰੀ ਜ਼ਿੰਦਗੀ ਸੁਖਾਲੀ ਕਰਨ ਦਾ ਯਤਨ ਕਰਾਂਗੀ। ਮੈਂ ਆਪਣੇ ਪੈਰਾਂ ਤੇ ਖੜੇ ਹੋ ਸਮਾਜ ਵਿਚ ਚੰਗਾ ਕਰ ਦਿਖਾਵਾਂਗੀ।

ਜਦੋਂ ਮੋਹਨ ਸਿੰਘ ਸ਼ਾਮ ਵੇਲੇ ਕੰਮ ਤੋਂ ਘਰ ਆਇਆ ਤਾਂ ਆਪਣੀ ਧੀ ਨੂੰ ਘਰ ਵਿਚ ਦੇਖ ਕੇ ਖੁਸ਼ ਹੋਇਆ। ਉਸ ਨੂੰ ਪਿਆਰ ਨਾਲ ਮਿਲਿਆ। ਇਸ ਤੋਂ ਅੱਗੇ ਕਿ ਉਹ ਕੁਝ ਹੋਰ ਪੁੱਛਦਾ ਨਿੰਮੋ ਦੀ ਮਾਂ ਨੇ ਉਸ ਨੂੰ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ। ਰਾਤ ਦਾ ਰੋਟੀ ਪਾਣੀ ਖਾ ਕੇ ਮੋਹਨ ਸਿੰਘ ਨੇ ਨਿੰਮੋ ਨੂੰ ਅਰਾਮ ਕਰਨ ਲਈ ਆਖਿਆ। ਆਪ ਵੀ ਉਹ ਅਰਾਮ ਕਰਨ ਲਈ ਆਪਣੇ ਕਮਰੇ ਵਿਚ ਚਲੇ ਗਏ। ਸ਼ੀਲਾ ਨੇ ਮੋਹਨ ਸਿੰਘ ਨੂੰ ਨਿੰਮੋ ਦੇ ਸਹੁਰੇ ਘਰ ਵਿਚ ਹੋਈਆਂ ਸਾਰੀਆਂ ਘਟਨਾਵਾਂ ਵੇਰਵੇ ਸਾਹਿਤ ਦੱਸ ਦਿਤੀਆਂ ਅਤੇ ਅਗਲੀਆਂ ਯੋਜਨਾਵਾਂ ਬਾਰੇ ਵੀ ਜਾਣਕਾਰੀ ਦੇ ਦਿਤੀ। ਅਗਲੇਰੇ ਦਿਨ ਜਦੋਂ ਮੋਹਨ ਸਿੰਘ ਬੈਂਕ ਲਈ ਤਿਆਰ ਹੋ ਰਿਹਾ ਸੀ ਤਾਂ ਉਸ ਸਮੇਂ ਉਸ ਨੇ ਨਿੰਮੋ ਨੂੰ ਸਮਝਾ ਦਿਤਾ ਕਿ ਤੇਰੇ ਸਹੁਰੇ ਪਰਿਵਾਰ ਵਲੋਂ ਤੇਰੇ ਨਾਲ ਚੰਗਾ ਸਲੂਕ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਅਸੀਂ ਤੇਰੀ ਮਦਦ ਕਰ ਕੇ ਪੂਰੀ ਤਰਾਂ ਢੁਕਵਾਂ ਜਵਾਬ ਦੇਵਾਂਗੇ। ਤੂੰ ਆਪਣਾ ਮਨ ਅਗਲੇਰੀ ਯੋਜਨਾ ਵਿਚ ਲਾ ਤੇ ਕਾਮਯਾਬੀ ਜਰੂਰ ਤੇਰਾ ਸਾਥ ਦੇਵੇਗੀ। ਅਸੀਂ ਆਰਥਿਕ ਪੱਖੋਂ ਵੀ ਤੇਰਾ ਸਾਥ ਦੇਵਾਂਗੇ। ਘਬਰਾਉਣ ਦੀ ਲੋੜ ਨਹੀਂ। ਪੜ੍ਹਾਈ ਵੱਲ ਪੂਰਾ ਧਿਆਨ ਦਿਓ। ਵਾਹਿਗੁਰੂ ਸਾਡੀ ਮਦਦ ਕਰੇਗਾ। ਉਹ ਆਪਣੇ ਸੇਵਕਾਂ ਦਾ ਇਮਿਤਿਹਾਨ ਲੈਂਦਾ ਹੈ। ਅਸੀਂ ਉਸ ਦੀ ਕਸਵਟੀ ਤੇ ਪੂਰੇ ਉਤਰਨ ਦਾ ਯਤਨ ਕਰਾਂਗੇ।

ਸਿੱਪੀ ਨੇ ਲਿਖਤੀ ਇਮਿਤਿਹਾਨ ਦਿਤਾ ਇੰਟਰਵਿਊ ਦਿੱਤਾ। ਕੁਝ ਸਮੇਂ ਦੀ ਉਡੀਕ ਤੋਂ ਬਾਅਦ ਉਸ ਦਾ ਨਤੀਜਾ ਆ ਗਿਆ। ਉਸ ਦਾ ਸਾਰੀ ਸੂਚੀ ਵਿਚ ਤੀਸਰੇ ਨੰਬਰ ਤੇ ਸਥਾਨ ਸੀ। ਸਾਰੇ ਪਿੰਡ ਵਿਚ ਖਬਰ ਹੋ ਗਈ ਸਭ ਨੇ ਵਧਾਈ ਦਿਤੀ। ਉਸ ਨੂੰ ਕੁਝ ਸਮੇਂ ਬਾਅਦ ਉਸ ਨੂੰ ਕਿਸੇ ਜ਼ਿਲੇ ਵਿਚ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਜਾਣਾ ਸੀ। ਸਿੱਪੀ ਨੇ ਮਿਠਿਆਈ ਦਾ ਡੱਬਾ ਲਿਆ ਤੇ ਨਿੰਮੋ ਦੇ ਘਰ ਵਲ ਤੁਰ ਪਿਆ। ਪਹਿਲਾਂ ਬੈਂਕ ਵਿਚ ਗਿਆ ਜਿਥੇ ਮੋਹਨ ਸਿੰਘ ਕੰਮ ਕਰਦਾ ਸੀ। ਮੋਹਨ ਸਿੰਘ ਨੂੰ ਮਿਲ ਕੇ ਦੱਸਿਆ। ਮੋਹਨ ਸਿੰਘ ਨੇ ਵਧਾਈ ਦਿਤੀ ਅਤੇ ਕਿਹਾ ਕਿ ਤੁਸੀਂ ਘਰੇ ਚਲੋ ਮੈਂ ਕੁਝ ਦੇਰ ਵਿਚ ਆਉਂਦਾ ਹਾਂ। ਘਰ ਵਿਚ ਨਿੰਮੋ ਵੀ ਆਈ ਹੋਈ ਹੈ। ਉਸ ਨੂੰ ਮਿਲ ਕੇ ਸ਼ਾਮ ਨੂੰ ਗੱਲਾਂ ਕਰਾਂਗੇ। ਉਹ ਵੀ ਤੇਰਾ ਨਤੀਜਾ ਸੁਣ ਕੇ ਬਹੁਤ ਹੀ ਖੁਸ਼ ਹੋਵੇਗੀ। ਸਿੱਪੀ ਘਰੇ ਪੁੱਜ ਗਿਆ ਨਿੰਮੋ ਅਤੇ ਸ਼ੀਲਾ ਨੂੰ ਮਿਲਿਆ। ਨਿੰਮੋ ਨੇ ਨਤੀਜੇ ਬਾਰੇ ਪੁੱਛਿਆ ਤਾਂ ਸਿੱਪੀ ਨੇ ਡੱਬਾ ਅਗੇ ਕਰ ਦਿੱਤਾ ਤੇ ਨਤੀਜੇ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਮੈਂ ਬੈਂਕ ਵਿਚ ਗਿਆ ਸੀ ਉਥੇ ਤੇਰੇ ਡੈਡੀ ਨੂੰ ਮਿਲ ਕੇ ਆਇਆ ਹਾਂ। ਉਨ੍ਹਾਂ ਨੇ ਹੀ ਦੱਸਿਆ ਕਿ ਤੁਸੀਂ ਇਸ ਸਮੇਂ ਘਰ ਵਿਚ ਹੀ ਹੋ ਅਤੇ ਮੈਂ ਇਧਰ ਆ ਗਿਆ ਹਾਂ। ਉਹ ਵੀ ਥੋੜੀ ਦੇਰ ਤੱਕ ਆ ਜਾਣਗੇ । ਇਹ ਸੁਣ ਉਹ ਦੋਵੇਂ ਖੁਸ਼ ਹੋ ਗਈਆਂ। ਨਤੀਜੇ ਦੀ ਵਧਾਈ ਦਿਤੀ ਅਤੇ ਨਾਲ ਹੀ ਤਿੰਨਾਂ ਨੇ ਮੂੰਹ ਮਿੱਠਾ ਕੀਤਾ। ਏਧਰ ਉਧਰ ਦੀਆਂ ਗੱਲਾਂ ਕਰ ਰਹੇ ਸਨ ਕਿ ਮੋਹਨ ਸਿੰਘ ਵੀ ਘਰੇ ਪਹੁੰਚ ਗਿਆ। ਸਾਰਿਆਂ ਨੇ ਮਿਲ ਕੇ ਚਾਹ ਪੀਤੀ ਮਿਠਾਈ ਖਾਧੀ ਅਤੇ ਖੁਸ਼ੀ ਮਨਾਈ।

ਨਿੰਮੋ ਨੇ ਸਿੱਪੀ ਨੂੰ ਤਿਆਰੀ ਵਿਚ ਮਦਦ ਲਈ ਆਖਿਆ। ਸਿੱਪੀ ਨੇ ਕਿਹਾ ਕਿ ਜੋ ਕਿਤਾਬਾਂ ਮੇਰੇ ਕੋਲ ਪਈਆਂ ਹਨ ਮੈਂ ਇਕ ਅੱਧੇ ਦਿਨ ਵਿਚ ਛੱਡ ਜਾਵਾਂਗਾ। ਤੁਸੀਂ ਪੜ੍ਹਾਈ ਸ਼ੁਰੂ ਕਰੋ। ਹਰ ਹਫਤੇ ਆ ਕੇ ਮੈਂ ਤੁਹਾਡੀਆਂ ਮੁਸ਼ਕਲਾਂ ਦੇ ਹੱਲ ਸਮਝਾ ਜਾਇਆ ਕਰਾਂਗਾ। ਜੇ ਹੋਰ ਕਿਸੇ ਕਿਤਾਬ ਦੀ ਲੋੜ ਹੋਈ ਤਾਂ ਮੈਂ ਲਿਆ ਕੇ ਦੇ ਦੇਵਾਂਗਾ। ਮਨ ਲਾ ਕੇ ਮੇਹਨਤ ਕਰੋ। ਕਾਮਯਾਬੀ ਜ਼ਰੂਰ ਮਿਲੇਗੀ। ਰਾਤ ਦੀ ਰੋਟੀ ਖਾ ਕੇ ਉਹ ਦੇਰ ਤਕ ਗੱਲਾਂ ਕਰਦੇ ਰਹੇ। ਮੋਹਨ ਸਿੰਘ ਅਤੇ ਸ਼ੀਲਾ ਵੀ ਖੁਸ਼ ਸਨ ਕਿ ਸਿੱਪੀ ਨੇ ਮਦਦ ਕਰਨ ਦਾ ਵਾਅਦਾ ਕੀਤਾ ਹੈ। ਨਿੰਮੋ ਇਸ ਦੀ ਮੱਦਦ ਨਾਲ ਜ਼ਰੂਰ ਹੀ ਇਮਿਤਿਹਾਨ ਕਲੀਅਰ ਕਰ ਲਵੇਗੀ ਅਤੇ ਸਿੱਪੀ ਦੀ ਅਗਵਾਈ ਸਦਕਾ ਇੰਟਰਵਿਊ ਵਿਚ ਵੀ ਸਫਲ ਹੋ ਜਾਵੇਗੀ। ਨਿੰਮੋ ਨੇ ਤਿਆਰੀ ਸ਼ੁਰੂ ਕਰ ਦਿਤੀ। ਸਿੱਪੀ ਕਦੇ ਕਦੇ ਆ ਕੇ ਉਸ ਦੀਆਂ ਮੁਸ਼ਕਲਾਂ ਹਲ ਕਰਵਾ ਜਾਂਦਾ ਅਤੇ ਹੋਰ ਨੁਕਤੇ ਦੱਸ ਜਾਇਆ ਕਰਦਾ ਸੀ। ਮੋਹਨ ਸਿੰਘ ਅਤੇ ਸ਼ੀਲਾ

**(ਬਾਕੀ ਅਗਲੇ ਸਫੇ ‘ਤੇ)**

# ਯਕੀਨੀ ਬਣੇ ਸੁਰੱਖਿਅਤ ਹਵਾਈ ਸਫ਼ਰ



ਰਾਜੀਵ ਸਚਾਨ

ਦੁਨੀਆ ਨੂੰ ਹੈਰਾਨ-ਪਰੇਸ਼ਾਨ ਤੇ ਭਾਰਤੀਆਂ ਨੂੰ ਡੂੰਘੇ ਦੁੱਖ ਨਾਲ ਭਰ ਦੇਣ ਵਾਲੀ ਅਹਿਮਦਾਬਾਦ ਜਹਾਜ਼ ਦੁਰਘਟਨਾ ਦੀ ਚਰਚਾ ਜਾਰੀ ਰਹਿਣੀ ਸੁਭਾਵਕ ਹੈ। ਇਹ ਜ਼ਰੂਰੀ ਵੀ ਹੈ ਕਿਉਂਕਿ ਹਾਲੀਆ ਇਤਿਹਾਸ ਵਿਚ ਅਜਿਹਾ ਹਵਾਈ ਹਾਦਸਾ ਯਾਦ ਕਰਨਾ ਕਠਿਨ ਹੈ ਜਿਸ ਵਿਚ ਇੰਨੇ ਵੱਧ ਭਾਰਤੀਆਂ ਦੀ ਮੌਤ ਹੋਈ ਹੋਵੇ। ਏਅਰ ਇੰਡੀਆ ਦੇ ਬਦਕਿਸਮਤ 787 ਡਰੀਮਲਾਈਨਰ ਜਹਾਜ਼ ਦੇ ਉਡਾਨ ਭਰਦੇ ਹੀ ਡਿੱਗਣ ਨਾਲ ਇਕ ਯਾਤਰੀ ਦੇ ਚਮਤਕਾਰੀ ਤਰੀਕੇ ਨਾਲ ਬਚ ਜਾਣ ਤੋਂ ਇਲਾਵਾ ਸਾਰੇ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਮੌਤ ਦੇ ਮੂੰਹ ਵਿਚ ਚਲੇ ਗਏ। ਇਹ ਜਹਾਜ਼ ਨੇੜਲੇ ਮੈਡੀਕਲ ਕਾਲਜ ਦੇ ਜਿਸ ਹੋਸਟਲ ਦੀ ਕੰਟੀਨ ’ਤੇ ਅੱਗ ਦਾ ਗੋਲਾ ਬਣ ਕੇ ਡਿੱਗਿਆ, ਉੱਥੇ ਕੁਝ ਮੈਡੀਕਲ ਵਿਦਿਆਰਥੀ ਤੇ ਹੋਰ ਲੋਕ ਵੀ ਮਾਰੇ ਗਏ। ਅਹਿਮਦਾਬਾਦ ਜਹਾਜ਼ ਹਾਦਸੇ ਦੇ ਕਾਰਨਾਂ ਨੂੰ ਲੈ ਕੇ ਆਮ ਲੋਕਾਂ ਦੇ ਨਾਲ-ਨਾਲ ਮਾਹਿਰਾਂ ਦੇ ਆਪੋ-ਆਪਣੇ ਵਿਚਾਰ ਹਨ। ਇਨ੍ਹਾਂ ’ਚ ਇਕ ਕੈਪਟਨ ਸਟੀਵ ਵੀ ਹੈ ਜਿਸ ਨੇ ਅਹਿਮਦਾਬਾਦ ਹਾਦਸੇ ਦੇ ਕਾਰਨਾਂ ਨੂੰ ਲੈ ਕੇ ਜੋ ਦਾਅਵਾ ਕੀਤਾ, ਉਸ ਨੂੰ ਖ਼ੁਦ ਹੀ ਬਦਲ ਦਿੱਤਾ ਪਰ ਇਸ ਤੋਂ ਪਹਿਲਾਂ ਉਸ ਨੂੰ ਇਕ ਭਾਰਤੀ ਟੀਵੀ ਚੈਨਲ ’ਤੇ ‘ਗਿਆਨ’ ਦਿੰਦੇ ਹੋਏ ਦੇਖਿਆ ਗਿਆ। ਹੋਰ ਮਾਹਰ ਅਨੁਮਾਨ ਲਗਾ ਰਹੇ ਹਨ ਕਿ ਬੋਇੰਗ ਦਾ ਉਮੀਦ ਮੁਤਾਬਕ ਨਵਾਂ ਅਤੇ



ਆਧੁਨਿਕ ਡਰੀਮਲਾਈਨਰ ਜਹਾਜ਼ ਕਿਨ੍ਹਾਂ ਕਾਰਨਾਂ ਕਾਰਨ ਅਜਿਹੇ ਭਿਆਨਕ ਹਾਦਸੇ ਦਾ ਸ਼ਿਕਾਰ ਬਣਿਆ। ਕਿਉਂਕਿ ਬੋਇੰਗ ਦੇ ਇਸ ਜਹਾਜ਼ ਦੇ ਨਾਲ ਪੇਸ਼ ਆਇਆ ਇਹ ਪਹਿਲਾ ਵੱਡਾ ਹਾਦਸਾ ਹੈ, ਇਸ ਲਈ ਭਾਰਤ ਸਮੇਤ ਵਿਸ਼ਵ ਭਰ ਦੀਆਂ ਏਅਰਲਾਈਨਾਂ ਅਤੇ ਹਵਾਈ ਸੰਚਾਲਨ ਸੇਵਾ ਨਾਲ ਜੁੜੀਆਂ ਸੰਸਥਾਵਾਂ ਵੀ ਚਿੰਤਤ ਹਨ। ਇਸ ਹਾਦਸੇ ਦੀ ਕੌਮੀ ਦੇ ਨਾਲ-ਨਾਲ ਕੌਮਾਂਤਰੀ ਪੱਧਰ ’ਤੇ ਡੂੰਘੀ ਜਾਂਚ ਹੋ ਰਹੀ ਹੈ। ਇਸੇ ਦੇ ਨਾਲ ਜੋ ਸਵਾਲ ਉੱਠ ਰਹੇ ਹਨ, ਉਨ੍ਹਾਂ ਦੇ ਘੇਰੇ ਵਿਚ ਏਅਰ ਇੰਡੀਆ ਪ੍ਰਬੰਧਨ, ਟਾਟਾ ਸਮੂਹ, ਡੀਜੀਸੀਏ, ਏਅਰਪੋਰਟ ਅਥਾਰਟੀ ਆਫ ਇੰਡੀਆ ਤੇ ਭਾਰਤ ਸਰਕਾਰ ਦੇ ਨਾਲ-ਨਾਲ ਬੋਇੰਗ ਕੰਪਨੀ ਵੀ ਹੈ। ਇਸ ਹਾਦਸੇ ਤੋਂ ਬਾਅਦ ਬੋਇੰਗ ਤੋਂ ਇਲਾਵਾ ਏਅਰ ਇੰਡੀਆ ਵਿਚ ਭਾਗੀਦਾਰ ਸਿੰਗਾਪੁਰ ਏਅਰਲਾਈਨਜ਼ (ਐੱਸਆਈਏ) ਦੇ ਨਾਲ-ਨਾਲ ਕੁਝ ਹੋਰ ਏਅਰਲਾਈਨਾਂ ਦੇ ਸ਼ੇਅਰ ਵੀ ਡਿੱਗੇ। ਅਹਿਮਦਾਬਾਦ ਵਿਚ ਹਵਾਈ ਹਾਦਸੇ ਤੋਂ ਬਾਅਦ ਤੋਂ ਭਾਰਤ ਸਮੇਤ ਦੁਨੀਆ ਭਰ ਵਿਚ ਜਹਾਜ਼ਾਂ ਦੇ ਸੰਚਾਲਨ ਵਿਚ ਛੋਟੀਆਂ-ਵੱਡੀਆਂ ਖ਼ਾਮੀਆਂ ਮਿਲਣ, ਉਡਾਨ ਰੱਦ ਹੋਣ, ਰੋਕੇ ਜਾਣ ਦੀਆਂ ਖ਼ਬਰਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਇਨ੍ਹਾਂ ਵਿਚ ਡਰੀਮਲਾਈਨਰ ਸਮੇਤ ਹੋਰ ਜਹਾਜ਼ ਵੀ ਹਨ। ਨਿਰਮਾਣ ਦੌਰਾਨ ਆਪਣੇ ਜਹਾਜ਼ਾਂ ਦੇ ਸੇਫਟੀ ਸਿਸਟਮ ਦੀ ਅਣਦੇਖੀ ਕਾਰਨ ਬੋਇੰਗ ਗੰਭੀਰ ਸਵਾਲਾਂ ਦੇ ਘੇਰੇ ਵਿਚ ਰਹੀ ਹੈ। ਇਸ ਕੰਪਨੀ ਦੇ ‘ਵਿਸਲ-ਬਲੋਅਰ’ ਇੰਜੀਨੀਅਰ ਸੈਮ ਨੇ ਡਰੀਮਲਾਈਨਰ ਅਤੇ ਹੋਰ ਜਹਾਜ਼ਾਂ ਦੇ ਨਿਰਮਾਣ ਵਿਚ ਜਾਣਬੁੱਝ ਕੇ ਲਾਪਰਵਾਹੀ ਵਰਤਣ ਦਾ ਦੋਸ਼ ਮੜ੍ਹਿਆ ਸੀ। ਇਸ ਕਾਰਨ ਬੋਇੰਗ ਦੀ ਖ਼ੂਬ ਬਦਨਾਮੀ ਹੋਈ ਸੀ। ਬੋਇੰਗ ਨੇ ਇਸ ਇੰਜੀਨੀਅਰ ਦੇ ਦੋਸ਼ ਖ਼ਾਰਜ ਕਰਦੇ ਹੋਏ ਕਿਹਾ ਸੀ ਕਿ ਉਹ ਆਪਣੇ ਸਾਰੇ ਜਹਾਜ਼ਾਂ ਦੇ ਨਿਰਮਾਣ ਵਿਚ ਜ਼ਰੂਰੀ ਸਾਵਧਾਨੀ ਵਰਤਦੀ ਹੈ ਪਰ ਸ਼ਾਇਦ ਉਸ ਨੇ ਅਜਿਹਾ ਨਹੀਂ ਕੀਤਾ। ਸੰਨ 2021 ਵਿਚ ਅਮਰੀਕੀ

**(ਬਾਕੀ ਅਗਲੇ ਸਫੇ ‘ਤੇ)**

## ਧੋਖਾ

**(ਸਫਾ 21 ਦੀ ਬਾਕੀ)**

ਨੂੰ ਉਸ ਦੇ ਆਉਣ ਤੇ ਕੋਈ ਇਤਰਾਜ਼ ਨਹੀਂ ਸੀ ਕਿਓਂ ਜੋ ਉਹ ਕਾਲਿਜ ਸਮੇਂ ਤੋਂ ਹੀ ਇਕ ਦੂਸਰੇ ਨੂੰ ਮਿਲਦੇ ਰਹਿੰਦੇ ਸਨ। ਸਿੱਪੀ ਨੂੰ ਨੇੜੇ ਦੇ ਜ਼ਿਲੇ ਦਾ ਡਿਪਟੀ ਕਮਿਸ਼ਨਰ ਲਗਾ ਦਿਤਾ ਗਿਆ। ਉਸ ਦੇ ਮਾਪਿਆਂ ਨੂੰ ਹੁਣ ਉਸ ਦੇ ਵਿਆਹ ਦੀ ਕਾਹਲੀ ਹੋ ਗਈ ਸੀ। ਪ੍ਰੰਤੂ ਸਿੱਪੀ ਨੇ ਉਨ੍ਹਾਂ ਨੂੰ ਕਾਹਲੇ ਨਾ ਪੈਣ ਲਈ ਸਮਝਾ ਦਿਤਾ ਅਤੇ ਕਿਹਾ ਕਿ ਕਾਹਲੀ ਅੱਗੇ ਟੋਏ ਹੋਇਆ ਕਰਦੇ ਹਨ। ਉਸ ਦੇ ਮਾਪੇ ਵੀ ਸਮਝਦਾਰ ਸਨ ਉਹ ਸਿੱਪੀ ਦੇ ਕਹਿਣ ਤੇ ਮੰਨ ਗਏ। ਉਧਰ ਨਿੰਮੋ ਦਾ ਇਮਿਤਿਹਾਨ ਹੋ ਗਿਆ। ਉਸ ਨੂੰ ਚੰਗੇ ਨੰਬਰ ਆਉਣ ਦੀ ਉਮੀਦ ਸੀ। ਉਸ ਨੂੰ ਇੰਟਰਵਿਊ ਲਈ ਬੁਲਾ ਲਿਆ ਗਿਆ। ਉਹ ਸਿੱਪੀ ਨੂੰ ਨਾਲ ਲੈ ਕੇ ਇੰਟਰਵਿਊ ਤੇ ਗਈ। ਰਸਤੇ ਵਿਚ ਸਿੱਪੀ ਨੇ ਕੁਝ ਨੁਕਤੇ ਸਮਝਾਏ। ਇੰਟਰਵਿਊ ਠੀਕ ਹੋ ਗਿਆ। ਵਾਪਸੀ ਵਕ਼ਤ ਉਨ੍ਹਾਂ ਨੇ ਨਿੰਮੋ ਦੇ ਆਉਣ ਵਾਲੇ ਜੀਵਨ ਸਬੰਧੀ ਵਿਚਾਰ ਕੀਤੀ। ਸਿੱਪੀ ਨੇ ਪੁੱਛਿਆ ਕਿ ਕੀ ਤੁਸੀਂ ਮਲਕੀਤ ਨੂੰ ਸਜ਼ਾ ਦੇਣੀ ਚਾਹੁੰਦੇ ਹੈ ਅਤੇ ਜਰਨੈਲ ਨਾਲ ਆਪਣਾ ਜੀਵਨ ਗੁਜ਼ਾਰਨਾ ਚਾਹੁੰਦੇ ਹੈ। ਇਹ ਸੁਣ ਨਿੰਮੋ ਥੋੜਾ ਗੁੱਸੇ ਵਿਚ ਆ ਗਈ। ਉਸ ਦਸਵੀਂ ਫੇਲ ਨਾਲ ਮੈਂ ਕਿਵੇਂ ਜਿੰਦਗੀ ਕੱਢ ਸਕਦੀ ਹਾਂ। ਜਿਥੋਂ ਤਕ ਮਲਕੀਤ ਦਾ ਸਬੰਧ ਹੈ ਉਸ ਨੂੰ ਤਾਂ ਮੈਂ ਸਬਕ ਸਿਖਾਵਾਂਗੀ ਅਤੇ ਮਹਿਕ ਨੂੰ ਵੀ ਮੈਂ ਬੇਕਸੂਰ ਨਹੀਂ ਸਮਝਦੀ। ਉਸ ਨੇ ਮੇਰੀ ਇੱਜਤ ਤਾਰ ਤਾਰ ਕਰਨ ਵਿਚ ਮਲਕੀਤ ਦਾ ਪੂਰਾ ਸਾਥ ਦਿਤਾ। ਸਿੱਪੀ ਨੇ ਕਿਹਾ ਕਿ ਮੈਂ ਮਲਕੀਤ ਬਾਰੇ ਪਤਾ ਕਰਾਂਗਾ ਕਿ ਉਹ ਹੁਣ ਕਿਥੇ ਹੈ ਤੇ ਕਿ ਕਰਦਾ ਹੈ।

ਜੇ ਤੈਨੂੰ ਚੰਗਾ ਲਗੇ ਤਾਂ ਆਪਾਂ ਦੋਵੇਂ ਰਲ ਕੇ ਅਗਲੇਰਾ ਜੀਵਨ ਬਿਤਾ ਸਕਦੇ ਹਾਂ। ਕੋਈ ਜ਼ੋਰ ਜਬਰਦਸਤੀ ਨਹੀਂ ਹੈ ਜੇ ਕਰ ਤੁਹਾਨੂੰ ਮੇਰਾ ਇਹ ਸੁਝਾਅ ਮਨਜ਼ੂਰ ਨਹੀਂ ਹੈ ਤਾਂ ਆਪਾਂ ਚੰਗੇ ਦੋਸਤ ਬਣੇ ਰਹਿ ਕੇ ਆਪਣੇ ਆਪਣੇ ਵੱਖਰੇ ਵੱਖਰੇ ਘਰ ਵਸਾ ਸਕਦੇ ਹਾਂ। ਤੁਸੀਂ ਵਿਚਾਰ ਕਰ ਲੈਣਾ। ਮਾਪਿਆਂ ਨਾਲ ਵਿਚਾਰ ਕਰ ਲੈਣਾ।

ਨਿੰਮੋ ਸ਼ਰਮਾ ਗਈ ਤੇ ਥੋੜਾ ਨਾਜ਼ ਨਾਲ ਬੋਲੀ ਕਿ ਤੁਹਾਨੂੰ ਇਹ ਸੁਪਨਾ ਕਿਵੇਂ ਆਇਆ ਕਿ ਮੈਨੂੰ ਇਹ ਸੁਝਾਅ ਮੈਨੂੰ ਮਨਜ਼ੂਰ ਨਹੀਂ ਵੀ ਹੋ ਸਕਦਾ। ਆਪਾਂ ਬਹੁਤ ਸਮੇਂ ਤੋਂ ਇਕ ਦੂਸਰੇ ਨੂੰ ਜਾਣਦੇ ਹਾਂ। ਮੈਂ ਤਾਂ ਮਾਪਿਆਂ ਦਾ ਕਹਿਣਾ ਮੰਨ ਕੇ ਜਰਨੈਲ ਨਾਲ ਵਿਆਹ ਕਰਵਾਣ ਲਈ ਹਾਂ ਕੀਤੀ ਸੀ ਅਤੇ ਤੁਹਾਨੂੰ ਇਕੱਲਾ ਛੱਡ ਦਿਤਾ ਸੀ ਜਿਸ ਦੀ ਸਜ਼ਾ ਮੈਨੂੰ ਮਿਲੀ। ਹੁਣ ਮੈਂ ਤੁਹਾਨੂੰ ਆਪਣੀ ਸਾਰੀ ਹੱਡਬੀਤੀ ਸੁਣਾ ਦਿਤੀ ਤੇ ਤੁਸੀਂ ਮੈਨੂੰ ਦਾਗੀ ਨੂੰ ਵੀ ਕਬੂਲ ਕਰ ਲੈਣ ਬਾਰੇ ਸੋਚਿਆ ਹੈ। ਮੈਂ ਇਤਨੀ ਵੀ ਅਕ੍ਰਿਤਘਣ ਨਹੀਂ ਹਾਂ। ਤੁਸੀਂ ਮੈਨੂੰ ਮੁਆਫ ਕਰ ਦਿਤਾ ਹੈ ਅਤੇ ਮੈਨੂੰ ਅਗਲੇਰੇ ਜੀਵਨ ਵਿਚ ਸਾਥੀ ਕਬੂਲਣ ਲਈ ਤਿਆਰ ਹੋਏ ਹੋ। ਮੈਂ ਆਪਣੇ ਮਾਪਿਆਂ ਤੋਂ ਕੁਝ ਵੀ ਨਹੀਂ ਪੁੱਛਣਾ ਹੈ ਅਤੇ ਆਪਣੀ ਮਰਜ਼ੀ ਕਰਨੀ ਹੈ। ਜੇ ਚਾਹਾਂ ਤਾਂ ਅੱਜ ਵੀ ਤੇਰੇ ਨਾਲ ਤੇਰੇ ਘਰ ਤੇਰੀ ਦੁਲਹਨ ਬਣ ਕੇ ਜਾ ਸਕਦੀ ਹਾਂ। ਮੈਨੂੰ ਇਹ ਵੀ ਪਤਾ ਹੈ ਕਿ ਕੁਝ ਕਾਨੂੰਨੀ ਅੜਚਨਾਂ ਹਨ ਜਿਸ ਕਰਕੇ ਇਹ ਕਦਮ ਅਸੀਂ ਨਹੀਂ ਚੁੱਕ ਸਕਦੇ।

ਸਿੱਪੀ ਨੇ ਕਿਹਾ ਕਿ ਭਾਵੇਂ ਮੈਂ ਤੇਰੇ ਲਈ ਹਰ ਮੁਸੀਬਤ ਝੱਲਣ ਲਈ ਤਿਆਰ ਹਾਂ। ਪ੍ਰੰਤੂ ਮੈਂ ਤੇਰੇ ਮਾਪਿਆਂ ਤੋਂ ਹੀ ਤੇਰਾ ਹੱਥ ਮੰਗਾਂਗਾ। ਬਾਕੀ ਕਾਰਵਾਈ ਵੀ ਹੌਲੀ ਹੌਲੀ ਪੂਰੀ ਕਰ ਲਈ ਜਾਵੇਗੀ। ਜਰਨੈਲ ਨਾਲ ਤਲਾਕ ਲੈ ਲਿਆ ਜਾਵੇਗਾ। ਮਲਕੀਤ ਨੂੰ ਵੀ ਸਜ਼ਾ ਦਿਤੀ ਜਾਵੇਗੀ। ਉਦੋਂ ਤਕ ਤੇਰਾ ਨਤੀਜਾ ਵੀ ਆ ਜਾਵੇਗਾ। ਇਨ੍ਹਾਂ ਗੱਲਾਂ ਵਿਚ ਨਿੰਮੋ ਦਾ ਪਿੰਡ ਆ ਗਿਆ ਘਰੇ ਪੁਜੇ। ਮੋਹਨ ਸਿੰਘ ਅਤੇ ਸ਼ੀਲਾ ਉਡੀਕ ਕਰ ਰਹੇ ਸਨ। ਸਾਰਿਆਂ ਨੇ ਮਿਲ ਕੇ ਖਾਣਾ ਖਾਧਾ। ਅਗਲੇਰੀ ਜ਼ਿੰਦਗੀ ਇਕੱਠਿਆਂ ਬਿਤਾਉਣ ਬਾਰੇ ਹਾਲੇ ਉਨ੍ਹਾਂ ਨਿੰਮੋ ਦੇ ਮਾਪਿਆਂ ਨਾਲ ਕੋਈ ਗੱਲ ਨਾ ਛੇੜੀ। ਭਾਵੇਂ ਦੋਵੇਂ ਆਪੋ ਵਿਚ ਤਿਆਰ ਸਨ।

ਰਾਤ ਰੁਕ ਕੇ ਸਿੱਪੀ ਆਪਣੇ ਪਿੰਡ ਚਲਾ ਗਿਆ। ਘਰ ਜਾ ਕੇ ਜਦੋਂ ਸਿੱਪੀ ਦੇ ਮਾਪਿਆਂ ਨੇ ਫੇਰ ਵਿਆਹ ਬਾਰੇ ਪੁੱਛਿਆ ਤਾਂ ਸਿੱਪੀ ਨੇ ਦੱਸ ਦਿਤਾ ਕਿ ਉਹ ਆਪਣੇ ਲਈ ਲੜਕੀ ਵੇਖ ਆਇਆ ਹੈ। ਛੇਤੀ ਹੀ ਤੁਹਾਨੂੰ ਉਸ ਦੇ ਮਾਪਿਆਂ ਨਾਲ ਮਿਲਾਇਆ ਜਾਵੇਗਾ। ਜੇ ਕਰ ਤੁਹਾਡੇ ਲੜਕੀ ਪਸੰਦ ਹੋਵੇਗੀ ਤਾਂ ਹੀ ਮੈਂ ਵਿਆਹ ਲਈ ਤਿਆਰ ਹੋਵਾਂਗਾ। ਸਿੱਪੀ ਦੀ ਮੰਮੀ ਨੇ ਕਿਹਾ ਕਿ ਪੁੱਤਰ ਤੇਰੀ ਪਸੰਦ ਹੀ ਸਾਡੀ ਪਸੰਦ ਹੋਵੇਗੀ। ਸਾਨੂੰ ਪਤਾ ਹੈ ਸਾਡੇ ਪੁੱਤਰ ਦਾ ਫੈਸਲਾ ਗਲਤ ਨਹੀਂ ਹੋ ਸਕਦਾ। ਸਾਨੂੰ ਤਾਂ ਛੇਤੀ ਵਿਆਹ ਦੀ ਕਾਹਲੀ ਲੱਗੀ ਹੋਈ ਹੈ ਕਿ ਘਰ ਵਿਚ ਰੌਣਕ ਹੋ ਜਾਵੇ।

ਕੁਝ ਦਿਨ ਪਿੱਛੋਂ ਨਿੰਮੋ ਦਾ ਨਤੀਜਾ ਆ ਗਿਆ ਉਸ ਦਾ ਨਾਂ ਸਾਰੇ ਕਾਮਯਾਬ ਬਚਿਆ ਦੀ ਸੂਚੀ ਵਿੱਚ ਪਹਿਲੇ ਦੱਸ ਵਿਦਿਆਰਥੀਆਂ ਵਿਚ ਸੀ। ਮੋਹਨ ਸਿੰਘ ਅਤੇ ਸ਼ੀਲਾ ਤਾਂ ਬਹੁਤ ਹੀ ਖੁਸ਼ ਹੋਏ। ਮੋਹਨ ਸਿੰਘ ਨੇ ਅਗਲੇ ਦਿਨ ਬੈਂਕ ਅੰਦਰ ਮਿਠਾਈ ਵੰਡ ਕੇ ਆਪਣੀ ਖੁਸ਼ੀ ਸਾਰੇ ਸਟਾਫ ਨਾਲ ਸਾਂਝੀ ਕੀਤੀ। ਪਿੰਡ ਵਿਚੋਂ ਵੀ ਉਨ੍ਹਾਂ ਨੂੰ ਵਧਾਈਆਂ ਮਿਲੀਆਂ। ਉਨ੍ਹਾਂ ਸਭ ਦਾ ਮੂੰਹ ਮਿੱਠਾ ਕਰਵਾਇਆ। ਕੁਝ ਸਮਾਂ ਸਿਖਲਾਈ ਪ੍ਰਾਪਤ ਕਰ ਨਿੰਮੋ ਨੂੰ ਡਿਪਟੀ ਕਮਿਸ਼ਨਰ ਲਗਾ ਦਿਤਾ। ਸਿੱਪੀ ਨੂੰ ਨਾਲ ਲਿਜਾ ਕੇ ਉਸ ਨੇ ਹਾਜ਼ਰੀ ਦਿਤੀ ਅਗਲੇਰੇ ਦਿਨਾਂ ਦੇ ਅੰਦਰ ਸਿੱਪੀ ਨੇ ਆਪਣੇ ਮਾਪਿਆਂ ਨੂੰ ਨਿੰਮੋ ਦੇ ਮਾਪਿਆਂ ਕੋਲ ਭੇਜਿਆ ਤਾਂ ਜੋ ਆਪੋ ਵਿਚ ਗੱਲਾਂ ਬਾਤਾਂ ਕੇ ਵਿਆਹ ਦੀ ਤਾਰੀਕ ਬੰਨ ਲੈਣ। ਨਿੰਮੋ ਨੇ ਜਰਨੈਲ ਨਾਲ ਤਲਾਕ ਤਾਂ ਸਿੱਪੀ ਨੇ ਆਪਣਾ ਅਸਰ ਰਸੂਖ ਵਰਤ ਲੈ ਲਿਆ ਸੀ। ਉਦੋਂ ਹੀ ਉਸ ਨੂੰ ਇਹ ਵੀ ਪਤਾ ਲੱਗ ਗਿਆ ਸੀ ਮਲਕੀਤ ਦੀ ਮੌਤ ਜ਼ਿਆਦਾ ਨਸ਼ਾ ਲੈਣ ਕਾਰਨ ਹੋ ਚੁਕੀ ਸੀ। ਮਹਿਕ ਆਪਣੇ ਪੇਕਿਆਂ ਘਰੇ ਬੈਠੀ ਸੀ। ਉਸ ਕੋਲ ਬੱਚਾ ਵੀ ਕੋਈ ਨਹੀਂ ਸੀ। ਮਹਿਕ ਦਾ ਪਿਤਾ ਇਕ ਦੁਰਘਟਨਾ ਪਿੱਛੋਂ ਥੋੜੀ ਦੇਰ ਹਸਪਤਾਲ ਵਿਚ ਹੀ ਦਮ ਤੋੜ ਗਿਆ ਸੀ। ਉਸ ਦੀ ਮਾਂ ਨੂੰ ਉਸ ਦੁਰਘਟਨਾ ਵਿਚ ਸਿਰ ਵਿਚ ਅਜੇਹੀ ਸੱਟ ਲੱਗੀ ਸੀ ਕਿ ਉਹ ਬੋਲਣ ਤੋਂ ਵੀ ਅਸਮਰਥ ਸੀ।

ਨਿੰਮੋ ਤੇ ਸਿਪੀ ਦੇ ਮਾਪਿਆਂ ਨੇ ਮਿਲ ਕੇ ਆਓਂਦੇ ਐਤਵਾਰ ਨੂੰ ਗੁਰਦਵਾਰੇ ਵਿਚ ਦੋਹਾਂ ਦਾ ਅਨੰਦੂ ਕਾਰਜ ਕਰਵਾ ਦਿਤਾ। ਉਹ ਵਿਆਹ ਤੋਂ ਬਾਅਦ ਕੁਝ ਸਮਾਂ ਪਹਾੜਾ ਤੇ ਬਿਤਾਉਣ ਲਈ ਚਲੇ ਗਏ।

---

## ਥੇਹ

*ਕਹਾਣੀ/ - ਅਜਮੇਰ ਸਿੱਧੂ*

(ਦੂਜੀ ਅਤੇ ਆਖਰੀ ਕਿਸਤ)

ਜਸਪਿੰਦਰ ਵਾਲੇ ਸੂਟ ਮੁੜ-ਮੁੜ ਮੇਰੀਆਂ ਅੱਖਾਂ ਸਾਹਮਣੇ ਆਈ ਜਾ ਰਹੇ ਹਨ.... । ਹੈਂਅ ! ਇਹ ਕੀ? ਸਿਰਫ਼ ਧੜ ’ਤੇ ਸੂਟ ਦਿਸ ਰਿਹਾ । ਗੋਰਖਣ ਦਾ ਸਿਰ ਉੱਡ ਗਿਆ ਹੈ। ਬਿਨਾਂ ਮੂੰਹ ਤੋਂ ਧੜ ਘੁੰਮੀ ਜਾ ਰਿਹੈ ਪਰ ਸੂਟ ਜਸਪਿੰਦਰ ਦਾ ਇਹ ਸੂਟ ਤਾਂ ਜਸਪਿੰਦਰ ਨੇ ਉਦਣ ਪਾਇਆ ਸੀ ਜਿੱਦਣ ਭਈਆ...। ਮੈਂ ਅੰਨ੍ਹਾਂ ਕਿਉਂ ਨਹੀਂ ਹੋ ਜਾਂਦਾ।

ਇਹ ਧੜ ਹਿਲਦਾ ਕਿਉਂ ਨੀਂ? ਕਾਲਾ ਜੈਂਪਰ ਥੱਲੇ ਚਿੱਟੀ ਸਲਵਾਰ... । ਜੈਂਪਰ ਤੇ ਸਲਵਾਰ ਅਹਿੱਲ ਖੜ੍ਹ ਗਏ ਹਨ ।... ਹੈਂਅ ! ਸਲਵਾਰ ਉੱਤੇ ਖ਼ੂਨ । ਕਾਲੇ ਜੈਂਪਰ ਤੇ ਚਿੱਟੀ ਸਲਵਾਰ ਵਾਲਾ ਧੜ ਅੱਗੇ ਵਧ ਰਿਹੈ । ਮੇਰੇ ਪੌਦੀ ਆ ਖੜ੍ਹਿਆ । ਚਿੱਟੇ-ਚਿੱਟੇ ਡੇਲੇ । ਹੱਥ ਮੇਰੇ ਵੱਲ ਵਧ ਰਹੇ ਹਨ । ਮੈਨੂੰ ਗਿੱਚੀਉਂ ਫੜ ਲਿਆ ਹੈ । ਮੈਤੋਂ ਹਿੱਲਿਆ ਨਈਂ ਜਾਂਦਾ । ਨਾਈਂ ਬੋਲਿਆ ਜਾ ਰਿਹੈ।

ਹੈਂਅ ! ਇਹ ਕੀ ?...ਧੜ ਉੱਤੇ ਜਸਪਿੰਦਰ ਦਾ ਚਿਹਰਾ ਲੱਗ ਗਿਆ । ਮੇਰੀ ਧੀ?

''...ਨ੍ਹੀਂ । ਮੇਰੀਏ ਮੋਰਨੀਏ... ।''

''ਕੀ ਹੋਇਆ, ਚਾਚਾ ਜੀ ।...ਬੋਲਦੇ ਕਿਉਂ ਨ੍ਹੀਂ?'' ''ਬਹੂ...? ਸੌਂ ਜਾ ਧੀਏ । ਭੈੜਾ ਸੁਪਨਾ ਆਇਆ । ਦਬਾਅ ਪਿਆ ।''

ਮੈਂ, ਬਹੂ ਤੇ ਨਰਭਿੰਦਰ ਨੂੰ ਭੇਜ ਦਿੰਦਾ ਹਾਂ ਪਰ ਮੈਨੂੰ ਇਹ ਗੱਲ ਸਮਝ ਨ੍ਹੀਂ ਆਉਂਦੀ, ਜਸਪਿੰਦਰ ਨੇ ਇਹ ਰੂਪ ਕਿਉਂ ਧਾਰਿਆ । ਮੇਰੀ ਗਿੱਚੀ ਨੂੰ ਪੈ ਗਈ । ਇਹ ਬੜੀ ਭੈੜੀ ਬਿਮਾਰੀ ਹੈ। ਪਤਾ ਨ੍ਹੀਂ ਦਿਮਾਗ ਵਿੱਚ ਕੀ-ਕੀ ਘੁੰਮੀ ਜਾਂਦਾ । ਇਹ ... ਗੋਰਖਣ ਮਰ ਕੇ ਵੀ ਪਿੱਛਾ ਨ੍ਹੀਂ ਛੱਡਦੀ । ਸਾਲੀ ਸੱਪਣੀ...ਥੂ। ਮੈਂ ਸਵੇਰੇ ਡਾਕਟਰ ਢੀਂਡਸਾ ਕੋਲ ਜਾਵਾਂਗਾ । ਉਹਨੂੰ ਸਾਰੀ ਗੱਲ ਦੱਸਾਂਗਾ। ਹੁਣ ਅੱਖ ਲਾ ਕੇ ਦੇਖ ਲੈਂਦਾ ਹਾਂ।

ਦਿਨ ਚੜ੍ਹ ਆਇਆ ਹੈ। ਬਹੂ ਚਾਹ ਦੇ ਗਈ ਹੈ ਪਰ ਅਖ਼ਬਾਰ ਨ੍ਹੀਂ ਦੇ ਕੇ ਗਈ। ਰਾਤ ਪਤਾ ਨ੍ਹੀਂ ਕੀ-ਕੀ ਖ਼ਿਆਲ ਆਂਦੇ ਰਹੇ। ਸਾਰੀ ਰਾਤ ਸੱਪਣੀ ਗੋਰਖਣ ਮੈਨੂੰ ਤੰਗ ਕਰਦੀ ਰਹੀ। ਹੈਰਾਨੀ ਦੀ ਗੱਲ ਤਾਂ ਇਹ ਏ ਗੋਰਖਣ ਦੀ ਜਗ੍ਹਾ ਜਸਪਿੰਦਰ ਆਂਦੀ ਰਹੀ। ਬਿਲਕੁਲ ਗੋਰਖਣ ਵਾਂਗੂੰ ਸਲਵਾਰ ਖੋਲ੍ਹ ਲੈਂਦੀ ਸੀ। ਫੇ’ ਕਰੋਲਾ ਕਰਾਲੀ ਕਰਨ ਲੱਗ ਪੈਂਦੀ ਸੀ । ਮੈਂ ਹੁਣੇ ਬਹੂ ਨੂੰ ਕਹਿ ਕੇ ਉਹਨੂੰ ਫੋਨ ਕਰਦਾਂ । ਧੀ ਦੀ ਖ਼ਬਰ ਸਾਰ ਤਾਂ ਲੈਣੀ ਚਾਹੀਦੀ ਏ ।

ਮੇਰੀ ਧੀ ਹੈ ਬੜੀ ਭੋਲੀ। ਹੁਣ ਮੈਂ ਕਈ ਵਾਰ ਸੋਚਦਾਂ ਉਹਦਾ ਵਿਆਹ ਸੂਰਜ ਭਈਏ ਨਾਲ ਕਰ ਦਿੰਦਾ ਪਰ ਜੱਟ ਦੀ ਅਣਖ... । ਖ਼ੈਰ ਭਈਏ ਵਾਲੀ ਗੱਲ ਤਾਂ ਮੈਨੂੰ ਭੁੱਲ ਵੀ ਗਈ ਏ । ਉਸ ਚਿਬੜ ਜਿਹੇ ਦਾ ਚਿਹਰਾ ਸੀਗਾ ਵੀ ਕਿਹੜੇ ਕੰਮ ਦਾ । ਜਾਬ੍ਹਾਂ ਵਿੱਚ ਨੂੰ ਵੜੀਆਂ ਹੋਈਆਂ ਪਰ ਮੇਰੀ ਧੀ ਤਾਂ ਵਾਰਿਸ ਸ਼ਾਹ ਦੀ ਹੀਰ ਜਿੰਨੀ ਸੋਹਣੀ ਏ।

ਜਸਪਿੰਦਰ ਦੇ ਜਾਣ ਤੋਂ ਢਾਈ ਸਾਲ ਬਾਅਦ ਮੈਂ ਵੀ ਕਨੇਡਾ ਚਲੇ ਗਿਆ ਸੀ । ਮੈਨੂੰ ਮਿਲ ਕੇ ਕੁੜਮ ਤੇ ਕੁੜਮਣੀ ਦੇ ਚਿਹਰੇ ਖਿੜ ਉੱਠੇ ਸਨ । ਹਫਤਾ ਕੁ ਸੋਹਣਾ ਮੇਲਾ ਲੱਗਾ ਰਿਹਾ । ਫ਼ੇਰ ਸਾਰੇ ਆਪਣੇ-ਆਪਣੇ ਕੰਮ ਵਿੱਚ ਜੁੱਟ ਗਏ । ਵੀਕ ’ਤੇ ਇੱਕ ਦੂਜੇ ਦਾ ਮੂੰਹ ਦੇਖਦੇ। ਮੈਨੂੰ ਵੀ ਜਰਾ ਦੇਰੀ ਨਾਲ ਕੰਮ ਮਿਲ ਗਿਆ ਸੀ।

ਸਾਲ ਤਾਂ ਸੋਹਣਾ ਲੰਘਿਆ। ਫ਼ੇਰ ਜੁਆਈ ਮੱਖਣ ਸੂੰਹ ਤੰਗ ਕਰਨ ਲੱਗ ਪਿਆ ਸੀ। ਮੇਰੇ ਨਾਲ ਤਾਂ ਖੁਸ਼ ਹੋ ਕੇ ਬੋਲਦਾ । ਜਸਪਿੰਦਰ ਨਾਲ ਮੂੰਹ ਵੱਟੀ ਰੱਖਦਾ । ਉਹਦੇ ਨੇੜੇ ਘੱਟ ਹੀ ਜਾਂਦਾ । ਕੁੜੀ ਦੁਖੀ ਬੜੀ ਸੀ । ਕਿਹਦੇ ਨਾਲ ਗੱਲ ਕਰਦੀ । ਜੇ ਮੈਂ ਮਾਂ ਹੁੰਦੀ, ਮੈਨੂੰ ਦੱਸ ਦਿੰਦੀ । ਉਹ ਉਹਨੂੰ ਬਿਸਤਰ ’ਤੇ ਖਿੱਚ-ਖਿੱਚ ਲੈ ਕੇ ਜਾਂਦੀ । ਮੱਖਣ ਸੂਈ ਕੁੱਤੀ ਵਾਂਗੂੰ ਕੁੜੀ ਨੂੰ ਪੈਂਦਾ। ਉਹਤੋਂ ਬਾਂਹ ਛੁਡਾ ਇੱਧਰ ਉੱਧਰ ਨਿਕਲ ਜਾਂਦਾ । ਮੈਨੂੰ ਸ਼ੱਕ ਸੀ ਕਿਸੇ ਗੋਰੀ ਨਾਲ ਖੇਹ ਖਾਂਦਾ ਹਊ । ਹੌਲੀ-ਹੌਲੀ ਆਪੇ ਸੁਧਰ ਜਾਉ ਪਰ ਧੀ ਧਿਆਣੀ...।

ਮੱਖਣ ਨੂੰ ਹਲਕਾ-ਹਲਕਾ ਬੁਖਾਰ ਰਹਿੰਦਾ ਸੀ। ਜਦੋਂ ਦੇਖੋ ਬੁਖਾਰ ਚੜ੍ਹਿਆ ਹੁੰਦਾ। ਟੁੱਟਦਾ ਨਈਂ ਸੀ। ਮੈਨੂੰ ਤੇ ਜਸਪਿੰਦਰ ਨੂੰ ਡਾਕਟਰ ਦੇ ਜਾਣ ਨਈਂ ਦਿੰਦੇ ਸਨ। ਜਸਪਿੰਦਰ ਨੇ ਦੱਸਿਆ ਸੀ ਕਿ ਬੁਖਾਰ ਦਾ ਤਾਂ ਪਹਿਲੋਂ ਤੋਂ ਏਹੀ ਹਾਲ ਏ । ਮਾੜਾ ਮੋਟਾ ਤਾਂ ਰਹਿੰਦੈ ਪਰ ਹੌਲੀ-ਹੌਲੀ ਉਲਟੀਆਂ ਟੱਟੀਆਂ ਦੀ ਬਿਮਾਰੀ ਰਹਿਣ ਲੱਗੀ । ਜਦੋਂ ਵਿਆਹ ਹੋਇਆ ਸੀ, ਉਦੋਂ ਨਾਲੋਂ ਮੱਖਣ ਦਾ ਚਾਰ ਗੁਣਾ ਭਾਰ ਘੱਟ ਗਿਆ ਸੀ।

ਮੈਨੂੰ ਲੱਗਿਆ ਸਾਡੇ ਤੋਂ ਕੁਝ ਛੁਪਾਇਆ ਜਾ ਰਿਹੈ । ਮੈਂ ਤੇ ਜਸਪਿੰਦਰ ਘਰ ਵਿੱਚ ਬਗਾਨੇ ਬਣ ਕੇ ਰਹਿ ਗਏ । ਜਦੋਂ ਮੱਖਣ ਨਾਲ ਗੱਲ ਬਾਤ ਹੁੰਦੀ, ਉਹ ਖਾਊਂ ਵੱਢੂੰ-ਖਾਊਂ ਵੱਢੂੰ ਕਰਦਾ। ਸਾਰੇ ਜੀਆਂ ਵਿੱਚ ਤਣਾਅ ਬਣਿਆ ਰਹਿੰਦਾ। ਜਸਪਿੰਦਰ ਦਾ ਮੱਖਣ ਨਾਲ ਝਗੜਾ ਹੁੰਦਾ ਰਹਿੰਦਾ। ਕੁੜੀ ਸਿਆਣੀ ਏ। ਫੇਰ ਵੀ ਐਡਜਸਟ ਕਰਨ ਦੀ ਕੋਸ਼ਿਸ਼ ਕਰਦੀ।

ਪਤਾ ਨਹੀਂ ਕੁੜਮ-ਕੁੜਮਣੀ ਦੇ ਦਿਮਾਗ ਵਿੱਚ ਕੀ ਫੁਰੀ। ਮੱਖਣ, ਜਸਪਿੰਦਰ ਤੇ ਮੈਨੂੰ ਲੈ ਕੇ ਇੰਡੀਆ ਆ ਗਏ। ਰੋਜ਼ ਮੱਖਣ ਨੂੰ ਲੈ ਕੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਤੁਰੇ ਰਹਿੰਦੇ। ਦਾਨ ਪੁੰਨ ਕਰਦੇ। ਦੋ ਕੁ ਮਹੀਨਿਆਂ ਵਿੱਚ ਗੁਰਦੁਆਰੇ ਮੁੱਕੇ ਤਾਂ ਮੰਦਰਾਂ ਪੀਰਾਂ ਫਕੀਰਾਂ ਦੀਆਂ ਥਾਵਾਂ ’ਤੇ ਮੱਥੇ ਟੇਕਣੇ ਸ਼ੁਰੂ ਹੋ ਗਏ।

ਤੇ ਫੇਰ ਜਿਸ ਗੱਲ ਦਾ ਮੈਨੂੰ ਖਦਸ਼ਾ ਸੀ, ਉਹ ਹੋ ਗਈ । ਮੱਖਣ ਤੁਰਦਾ ਬਣਿਆ। ਮੇਰੀ ਧੀ ਰੰਡੀ ਹੋ ਗਈ। ਮਾਂ-ਬਾਹਰੀ ਧੀ ਦੇ ਵਰਲਾਪ ਸੁਣੇ ਨਾ ਜਾਣ । ਮੈਂ ਟੁੱਟ ਗਿਆ ਸੀ। ਮੱਖਣ ਨੇ ਮੈਨੂੰ ਕਿਸੇ ਪਾਸੇ ਜੋਗਾ ਨਈਂ ਸੀ ਛੱਡਿਆ। ਮੇਰੀ ਧੀ ਮੇਰੇ ਗਲੇ ਲੱਗ ਭੁੱਬੀਂ ਰੋਂਦੀ । ਮੈਂ ਚੁੱਪ ਵੀ ਨਾ ਕਰਾ ਸਕਦਾ।

ਕੁੜਮ ਭਲਾ ਪੁਰਸ਼ ਸੀ। ਧਰਮੀ ਬੰਦਾ ਸੀ । ਦੋ ਹਫ਼ਤੇ ਵਿੱਚ ਧਾਰਮਿਕ ਰਸਮਾਂ ਨਬੇੜ ਕੇ ਜਸਪਿੰਦਰ ਨੂੰ ਲੈ ਕਨੇਡਾ ਤੁਰ ਗਿਆ । ਤਿੰਨਾਂ ਨੂੰ ਮੈਂ ਕਨੇਡਾ ਦੀ ਫਲੈਟ ਚੜ੍ਹਾ ਆਇਆ। ਘਰ ਵਿੱਚ ਇਕੱਲਾ ਰਹਿ ਗਿਆ ਸੀ । ਜੁਆਈ ਦੀ ਮੌਤ ਨੇ ਮੇਰਾ ਲੱਕ ਤੋੜ ਦਿੱਤਾ ਸੀ।

ਦੋ ਕੁ ਮਹੀਨੇ ਬਾਅਦ ਖੁਸ਼ੀ ਦੀ ਖ਼ਬਰ ਆਈ। ਜਸਪਿੰਦਰ ਦੇ ਗੁੱਡੀ ਹੋਈ ਸੀ। ਫੋਨ ’ਤੇ ਕੁੜਮ ਨੇ ਖ਼ਬਰ ਸੁਣਾਈ ਤਾਂ ਮੈਂ ਖਿੜ ਉੱਠਿਆ। ਉਹਨੂੰ ਵਧਾਈਆਂ ਦਿੱਤੀਆਂ। ਸ਼ਰੀਕੇ ਵਿੱਚ ਲੱਡੂ ਵੰਡੇ। ਕੁੜੀ ਦਾ ਮਨ ਪਰਚਿਆ ਰਹੂ। ਇਹ ਸੋਚ ਕੇ ਮੈਂ ਤਾਂ ਖੁਸ਼ੀ ਵਿੱਚ ਉਡਿਆ ਫਿਰਦਾ ਪਰ ਮੇਰੀ ਜਸਪਿੰਦਰ ਨਾਲ ਗੱਲ ਬਾਤ ਨਈਂ ਹੋ ਰਹੀ ਸੀ। ਕੁੜਮ ਦਸਦਾ ਸੀ ਕਿ ਉਹ ਹਸਪਤਾਲ ਵਿੱਚ ਹੈ। ਸਿਹਤ ਠੀਕ ਨਹੀਂ ਹੈ।

ਮੈਨੂੰ ਦੋਹਤੀ ਹੋਣ ਦੀ ਖੁਸ਼ੀ ਤਾਂ ਬੜੀ ਸੀ ਪਰ ਧੀ ਨੂੰ ਛੁੱਟੀ ਨਾ ਮਿਲਣ ਕਰਕੇ ਪ੍ਰੇਸ਼ਾਨ ਵੀ ਬਹੁਤ ਸੀ । ਮੈਂ ਕਨੇਡਾ ਜਾਣ ਦਾ ਮਨ ਹੀ ਬਣਾ ਰਿਹਾ ਸੀ । ਉਹ ਖ਼ਬਰ ਵੀ ਮੇਰੇ ਕੰਨੀਂ ਪੈ ਗਈ । ਮੈਂ ਤਾਂ ਕੰਬ ਗਿਆ ਸੀ ।

ਹਿਆਲੀਏ ਜੀਤ ਨੇ ਮੇਰੇ ਨਾਲ ਕਨੇਡਾ ਬੇਰੀਆਂ ਤੋੜਨ ਦਾ ਕੰਮ ਕੀਤਾ ਸੀ । ਦੇਸ਼ ਗੇੜਾ ਮਾਰਨ ਆਇਆ ਤਾਂ ਮੇਰੇ ਕੋਲ ਮੱਖਣ ਦੀ ਮੌਤ ਦਾ ਅਫ਼ਸੋਸ ਕਰਨ ਆ ਗਿਆ ਸੀ। ਦੋ ਤਿੰਨ ਘੰਟੇ ਬੈਠਾ ਰਿਹਾ । ਮੱਖਣ ਦੀਆ ਸਿਫ਼ਤਾਂ ਹੁੰਦੀਆਂ ਰਹੀਆਂ । ਮੈਂ ਧੀ ਦੇ ਦੁੱਖ ਵਿੱਚ ਡੁੱਬਿਆ ਪਿਆ ਸੀ। ਉਸ ਤੁਰਨ ਲੱਗਿਆਂ ਮੈਨੂੰ ਹੌਸਲਾ ਦਿੱਤਾ।

''ਦੇਖ, ਸਰਦਾਰ ਕਰਨੈਲ ਸਿਆਂ । ਇਹ ਤੇ ਜੋ ਬਿਧ ਮਾਤਾ ਨੇ ਲਿਖਿਆ ਉਹ ਤਾਂ ਹੋਏਗਾ। ਉਹਦੀ ਲਿਖੀ ਨੂੰ ਕਿੱਦਾਂ ਮੋੜ ਸਕਦੇ ਆਂ।... ਨਾਲੇ ਜਿਹੜੀ ਮੱਖਣ ਨੂੰ ਬਿਮਾਰੀ ਸੀ।... ਏਡਜ਼ ਦੀ। ਉਹਤੋਂ ਕੋਈ ਨ੍ਹੀਂ ਬਚ ਸਕਿਆ।'' ਜੀਤ ਤੋਂ ਵੀ ਅੱਗੇ ਬੋਲਿਆ ਨ੍ਹੀਂ ਸੀ ਗਿਆ । ਮੇਰੇ ਅੰਦਰੋਂ ਕੁਝ ਲਾਵੇ ਵਾਂਗ ਫੁੱਟਣ ਨੂੰ ਫਿਰ ਰਿਹਾ ਸੀ।

ਮੈਂ ਉਹ ਰਾਤ ਮਸਾਂ ਕੱਟੀ। ਹਿਆਲੀਏ ਜੀਤ ਦੇ ਬੋਲ ਮੇਰੇ ਕੰਨਾਂ ਵਿੱਚ ਸ਼ਾਂ-ਸ਼ਾਂ ਕਰੀ ਜਾਣ। ਰਾਤ ਘੁੰਮਦਿਆਂ ਫਿਰਦਿਆਂ ਕੱਟ ਲੀ । ਸਵੇਰੇ ਉੱਠ ਕੇ ਧੀ ਕੋਲ ਜਾਣ ਲਈ ਨੱਠ-ਭੱਜ ਕਰਨ ਲੱਗਾ । ਸ਼ਹਿਰ ਜਾ ਕੇ ਏਜੰਟ ਨੂੰ ਮਿਲਿਆ। ਸ਼ਾਮੀਂ ਘਰ ਮੁੜਿਆ ਤਾਂ ਜਸਪਿੰਦਰ ਦੀ ਚਿੱਠੀ ਆਈ ਪਈ ਸੀ ।

''ਤੂੰ ਮੇਰਾ ਪਿਓ ਨ੍ਹੀਂ, ਦੁਸ਼ਮਣ ਨਿਕਲਿਆ। ਇਹਦੇ ਨਾਲੋਂ ਖੂਹ ’ਚ ਧੱਕਾ ਦੇ ਦਿੰਦਾ । ਮੇਰੇ ਲਈ ਲੱਭਿਆ ਮੱਖਣ ਸਿੰਘ...। ਚਾਰ ਸਾਲ ਮੇਰੀ ਦੇਹ ਨੂੰ ਚਰੂੰਡਦਾ ਰਿਹਾ। ਤੇ ਤੁਰ ਗਿਆ । ਹੁਣ ਮੇਰੀ ਵਾਰੀ ਏ। ਨਾਲ ਇਸ ਨਿੱਕੀ ਜਿਹੀ ਜਿੰਦ ਦੀ । ਮੈਂ ਤਾਂ... ।'' ਤੇ ਅਗਾਂਹ ਮੈਤੋਂ ਚਿੱਠੀ ਪੜ੍ਹੀ ਨਾ ਗਈ। ਧਰਤੀ ਅਸਮਾਨ ਘੁੰਮਦੇ ਨਜ਼ਰ ਆਏ । ਮੇਰੇ ਅੰਦਰੋਂ ਕੁਝ ਬਾਰੂਦ ਵਾਂਗ ਫਟਿਆ ਤੇ ਮੇਰਾ ਜਿਸਮ ਮਿਟੀ ਹੋ ਗਿਆ ਸੀ।

# ਭਾਈ ਵੀਰ ਸਿੰਘ ਇਕ ਮਹਾਨ ਕਵੀ, ਲੇਖ ਦਾ ਪੰਜਾਬੀ ਅਨੁਵਾਦ




ਮਨਜੀਤ ਸਿੰਘ ਔਜਲਾ
ਐਮ.ਏ.ਬੀ.ਟੀ. ਮੈਲਬੌਰਨ

ਭਾਈ ਵੀਰ ਸਿੰਘ ਇਕ ਮਹਾਨ ਕਵੀ, ਦਾਰਸ਼ਨਿਕ ਤੇ ਵਿਦਵਾਨ ਸਨ, ਜਿਨਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਰਚੇਤਾ ਵੀ ਕਿਹਾ ਜਾਂਦਾ ਹੈ। ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਪ੍ਰੰਪਰਾਵਾਦੀ ਲੀਹਾਂ ਤੋਂ ਆਧੁਨਿਕ ਲੀਹਾਂ 'ਤੇ ਪਾਇਆ। 'ਵੀਰ ਸਿੰਘ' ਨੇ ਆਪਣੀ ਕਵਿਤਾ ਨੂੰ ਸਿੱਖ ਧਰਮ ਤੇ ਗੁਰਮਤਿ ਫਿਲਾਸਫੀ ਨਾਲ ਜੋੜਿਆ ਜਿਸ ਕਰਕੇ ਇਹਨਾਂ ਨੂੰ 'ਭਾਈ ਜੀ' ਆਖਿਆ ਜਾਣ ਲੱਗਾ। ਇਹਨਾਂ ਨੇ ਛੋਟੀ ਕਵਿਤਾ, ਮਹਾਂਕਾਵਿ ਤੋਂ ਇਲਾਵਾ ਵਾਰਤਕ ਵਿੱਚ ਨਾਵਲ, ਨਾਟਕ, ਇਤਿਹਾਸ, ਜੀਵਨੀਆਂ, ਲੇਖਾਂ ਤੇ ਸਾਖੀਆਂ ਆਦਿ ਦੀ ਰਚਨਾ ਕਰਨ ਦੀ ਪਹਿਲ ਕੀਤੀ।

ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈ: ਨੂੰ ਅੰਮ੍ਰਿਤਸਰ ਵਿਚ ਖੇੜਾ: ਚਰਨ ਸਿੰਘ ਦੇ ਘਰ ਹੋਇਆ। ਇਹ ਆਪਣੇ ਦੋਨਾਂ ਭਰਾਵਾਂ ਵਿੱਚੋਂ ਵੱਡੇ ਸਨ। ਆਪਦੇ ਘਰਾਣੇ ਦਾ ਸੰਬੰਧ ਸਿੱਖ ਇਤਿਹਾਸ ਦੇ ਪ੍ਰਸਿੱਧ ਦੀਵਾਨ ਕੌੜਾਮੱਲ ਨਾਲ ਸੀ। ਆਪਦੇ ਦਾਦਾ ਕਾਹਨ ਸਿੰਘ ਮੰਨੇ ਪ੍ਰਮੰਨੇ ਧਾਰਮਿਕ ਵਿਆਕਤੀ ਸਨ ਜਿਹੜੇ ਕਿ ਸੰਸਕ੍ਰਿਤੀ ਤੇ ਬ੍ਰਿਜਭਾਸ਼ਾ ਦੇ ਚੰਗੇ ਗਿਆਨੀ ਵੀ ਸਨ ਤੇ ਨਾਨਾ ਪੰਡਿਤ ਹਜ਼ਾਰਾ ਸਿੰਘ ਮਹਾਨ ਵਿਦਵਾਨ ਸੀ।

ਆਪਨੇ 1891 ਈਸਵੀ ਵਿੱਚ ਅੰਮ੍ਰਿਤਸਰ ਦੇ 'ਚਰਨ ਮਿਸ਼ਨ ਸਕੂਲ' ਤੋਂ ਦਸਵੀਂ ਦਾ ਇਮਤਿਹਾਨ ਜਿਲ੍ਹੇ ਭਰ ਵਿੱਚੋਂ ਫਸਟ ਰਹਿਕੇ ਪਾਸ ਕੀਤਾ। ਭਾਈ ਸਾਹਿਬ ਸਿੱਖ ਸਾਹਿਤ ਦੇ ਨਾਲ ਨਾਲ ਈਰਾਨੀ, ਉਰਦੂ ਤੇ ਸੰਸਕ੍ਰਿਤੀ ਭਾਸ਼ਾਵਾਂ ਦੇ ਵੀ ਗਿਆਤਾ ਸਨ। ਸਾਤਾਰਾਂ ਸਾਲ ਦੀ ਉਮਰ ਵਿੱਚ ਆਪਦਾ ਵਿਆਹ ਅੰਮ੍ਰਿਤਸਰ ਦੇ ਨਾਰਾਇਣ ਸਿੰਘ ਦੀ ਸਪੁੱਤਰੀ ਚਤਰ ਕੌਰ ਨਾਲ ਹੋਇਆ । ਦੂਜੇ ਪੜੇ ਲਿਖੇ ਲੋਕਾਂ ਵਾਂਗ ਆਪਨੇ ਸਰਕਾਰੀ ਨੌਕਰੀ ਪਿੱਛੇ ਨਾ ਦੌੜ ਕੇ ਇਕ ਲੇਖਕ ਦੇ ਤੌਰ ਤੇ ਆਪਣਾ ਜੀਵਨ ਸੁਰੂ ਕੀਤਾ। ਆਰੰਭ ਵਿੱਚ ਆਪਨੇ ਸਕੂਲਾਂ ਲਈ ਪਾਠ-ਪੁਸਤਕਾਂ ਲਿਖੀਆਂ। ਆਪਨੇ 1898 ਈਸਵੀ ਵਿੱਚ 'ਖਾਲਸਾ-ਸਮਾਚਾਰ' ਅਖਬਾਰ ਸੁਰੂ ਕੀਤੀ। ਨਬੰਬਰ 1899 ਈਸਵੀ ਵਿੱਚ ਭਾਈ ਵੀਰ ਸਿੰਘ ਨੇ ਹਫਤਾਵਰੀ ਪੰਜਾਬੀ 'ਖਾਲਸਾ ਸਮਾਚਾਰ'ਪਤਰ ਸੁਰੂ ਕੀਤਾ। ਭਾਈ ਵੀਰ ਸਿੰਘ ਨੇ ਭਾਵੇਂ ਯੁਨੀਵਰਸਿਟੀ ਦੀ ਉਚੇਰੀ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ ਪਰ ਆਪਨੇ ਸੰਸਕ੍ਰਿਤ, ਫਾਰਸੀ, ਉਰਦੂ, ਗੁਰਬਾਣੀ, ਸਿੱਖ ਇਤਿਹਾਸ ਤੇ ਹਿੰਦੂ ਇਤਿਹਾਸ ਦੇ ਫਲਸਫੇ ਨੂੰ ਖੂਬ ਵਾਚਿਆ। ਆਪ ਦੀ ਬਹੁਤੀ ਰਚਨਾ ਸਿੱਖੀ ਪ੍ਰਚਾਰ ਨਾਲ ਸਬੰਧ ਰੱਖਦੀਹੈ। ਇਸ ਸਮੇਂ ਈਸਾਈ ਮਿਸਨਰੀਆਂ ਦੇ ਪ੍ਰਚਾਰ ਦੇ ਪ੍ਰਤਿ ਕਰਮ ਵਜੋਂ ਅਹਿਮਦੀ ਤੇ ਆਰੀਆ ਸਮਾਜੀ ਲਹਿਰਾਂ ਉਰਦੂ ਤੇ ਹਿੰਦੀ ਰਾਂਹੀ ਪ੍ਰਚਾਰ ਕਰ ਰਹੀਆਂ ਸਨ। ਸਿੰਘ-ਸਭਾ ਲਹਿਰ ਵੀ ਪੰਜਾਬੀ ਬੋਲੀ ਤੇ ਸਿੱਖ ਧਰਮ ਦੀ ਰੱਖਿਆ ਲਈ ਮੈਦਾਨ ਵਿੱਚ ਪ੍ਰਵੇਸ਼ ਕਰ ਚੁੱਕੀ ਸੀ ਪਰ ਇਸ ਲਹਿਰ ਵਿੱਚ ਸਭ ਤੋਂ ਵਧੇਰੇ ਹਿੱਸਾ ਭਾਈ ਵੀਰ ਸਿੰਘ ਨੇ ਪਾਇਆ।

ਪੰਜਾਬੀ ਸਾਹਿਤ ਵਿੱਚ ਭਾਈ ਵੀਰ ਸਿੰਘ ਦੀਆਂ ਬਹੁਤ ਪ੍ਰਸਿੱਧ ਰਚਨਾਵਾਂ ਹਨ- ਸੁੰਦਰੀ (1898), ਬਿਜੇ ਸਿੰਘ (1899), ਸਤਵੰਤ ਕੌਰ-ਦੋਭਾਗ (1890 ਤੇ 1927), ਦਿਲ-ਤਰੰਗ (1920), ਤਰੇਲ ਤੁਪਕੇ (1921), ਲਹਿਰਾਂ ਦੇ ਹਾਰ (1921), ਮਟਕ ਹੁਲਾਰੇ (1922), ਬਿਜਲੀਆਂ ਦੇ ਹਾਰ (1927) ਤੇ ਮੇਰੇ ਸਾਂਈਆਂ ਜੀਉ (1953)। ਇਹਨਾਂ ਨੇ ਸਿੱਖ ਧਰਮ ਦੀਆਂ ਪੁਰਾਣੀਆਂ ਰਚਨਾਵਾਂ ਜਿਵੇਂ 'ਸਿਖਾਂ ਦੀ ਭਗਤ ਮਾਲਾ'(1912), ਪ੍ਰਾਚੀਨ ਪੰਥ ਪ੍ਰਕਾਸ਼ (1914) ਪੁਰਾਤਨ ਜਨਮ ਸਾਖੀਆਂ (1926), ਸਾਖੀ ਪੌਥੀ (1950) ਦੇ ਆਲੋਚਨਾਤਮਕ ਅਧਿਐਨ ਛਾਪੇ, ਭਾਈ ਸਾਹਿਬ ਨੇ ਸੰਤੋਖ ਸਿੰਘ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ, ਸੂਰਜ ਗਰੰਥ' (6668 ਪੰਨੇ) ਦਾ ਅਧਿਐਨ 1927 ਤੋਂ 1935 ਦਰਮਿਆਨ 14 ਹਿੱਸਿਆ ਵਿੱਚ ਛਪਿਆ। ਇਸ ਤਰ੍ਹਾਂ 1930, ਜਦੋਂ ਪੰਜਾਬੀ ਸਾਹਿਤ ਉੱਪਰ ਭਾਈ ਵੀਰ ਸਿੰਘ ਦੀ ਮਹਾਨ ਸ਼ਖਸੀਅਤ ਦਾ ਪ੍ਰਭਾਵ ਰਿਹਾ ਤਾਂ ਆਪ ਦੀਆਂ ਸਾਹਿਤਕ ਸੇਵਾਵਾਂ ਨੂੰ ਮੁੱਖ ਰੱਖਕੇ ਪੰਜਾਬ ਯੁਨੀਵਰਸਿਟੀ ਨੇ ਆਪਨੂੰ 1949 ਵਿੱਚ ਡਾਕਟਰ ਆਫ ਉਰੀਐਂਟਲ ਲਰਨਿੰਗ ਦੀ ਡਿਗਰੀ ਭੇਂਟ ਕੀਤੀ। 1952 ਵਿੱਚ ਆਪਨੂੰ ਪੰਜਾਬ ਵਿਧਾਨ ਸਭਾ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। 1950 ਵਿੱਚ ਆਪਨੂੰ ਵਿਦਿਅਕ ਕਾਨਫਰੰਸ ਵਿੱਚ ਅਭਿਨੰਦਨ ਗ੍ਰੰਥ ਭੇਂਟ ਕੀਤਾ ਗਿਆ। 1955 ਵਿੱਚ ਆਪਦੀ ਪੁਸਤਕ 'ਮੇਰੇ ਸਾਂਈਆਂ ਜੀਉ' ਨੂੰ ਸਾਹਿਤਕ ਅਕੈਡਮੀ ਵਲੋਂ ਪੰਜ ਹਜ਼ਾਰ ਦਾ ਇਨਾਮ ਮਿਲਿਆ। 1956 ਵਿੱਚ ਆਪਨੂੰ ਪਦਮ ਭੂਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 10 ਜੂਨ 1957 ਈਸਵੀ ਨੂੰ ਥੋੜਾ ਚਿਰ ਬਿਮਾਰ ਰਹਿਣ ਪਿਛੋਂ ਆਪ ਗੁਰੂ ਦੀ ਗੋਦ ਵਿੱਚ ਜਾ ਬਿਰਾਜੇ। ਭਾਈ ਸਾਹਿਬ ਨੇ ਆਧੁਨਿਕ ਕਵੀ ਹੋਣ ਤੇ ਵੀ ਪਰੰਪਰਾ ਦਾ ਪੂਰਾ ਤਿਆਗ ਨਹੀਂ ਸੀ ਕੀਤਾ। ਆਪ ਦੀਆਂ ਕੁਝ ਆਰੰਭਿਕ ਰਚਨਾਵਾਂ ਜਿਵੇਂ ਨਨਾਣ-ਭਰਜਾਈ ਸਿਖਿਆ ਦਾਇਕ ਵਾਰਤਾ ਲਾਪ ਅਤੇ ਭਰਥਰੀ ਹਰੀ ਦਾ 'ਅਨੁਵਾਦ' ਨਿਰੋਲ ਪਰੰਪਰਾ ਗਤ ਰੂਪ ਤੇ ਸ਼ੈਲੀ ਦੀ ਗੁਆਹੀ ਭਰਦੇ ਹਨ। ਇਹਨਾਂ ਵਿੱਚ ਸੁਧਾਰਵਾਦੀ ਤੇ ਉਪਦੇਸ਼ਾਤਮਕ ਰੁਚੀ ਪ੍ਰਦਾਨ ਹੈ। ਦੋਹਾਂ ਵਿੱਚ ਹੀ ਬੈਂਤ ਛੰਦ ਦੀ ਵਰਤੋਂ ਹੈ। ਭਾਈ ਸਾਹਿਬ ਅਧੁਨਿਕ ਕਵਿਤਾ ਤੇ ਇਤਿਹਾਸ ਵਿੱਚ 1905 ਵਿੱਚ ਰਚੇ ਆਪਣੇ ਮਹਾਂਕਾਵਿ 'ਰਾਣਾ ਸੂਰਤ ਸਿੰਘ' ਵਿੱਚ ਪ੍ਰਵੇਸ਼ ਕਰਦੇ ਹਨ। ਇਸ ਵਿੱਚ ਪਹਿਲੀ ਵਾਰ ਕਥਾ ਵਸਤੂ ਲਈ ਕਿੱਸਾ ਕਾਵਿ ਦੀ ਪਰੰਪਰਾ ਦਾ ਤਿਆਗ ਕਰਕੇ ਇਸ ਮਹਾਂ ਕਾਵਿ ਨੂੰ ਪਰੰਪਰਾ ਨਾਲ ਜੋੜਿਆ ਗਿਆ ਹੈ। ਇਸ ਵਿੱਚ ਸਾਂਤ ਰਸ ਲਈ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਗਈ ਹੈ। ਦਾਰਸ਼ਨਿਕ ਆਦਰ ਨੂੰ ਪੂਰੀ ਤਰ੍ਹਾਂ ਸਪੱਸਟ ਕੀਤਾ ਗਿਆ ਹੈ। ਉਹਨਾਂ ਦਾ ਅਧਾਰ ਗੁਰਮਤਿ ਸਰਸ਼ਨ ਹੈ। ਰਾਣਾ ਸੂਰਤ ਸਿੰਘ ਦੀ ਕੌਮੀ ਯੁੱਧ ਵਿੱਚ ਸ਼ਹੀਦੀ ਪਿਛੋਂ ਉਨ੍ਹਾਂ ਦੀ ਪਤਨੀ ਰਾਣੀ ਰਾਜ ਕੌਰ ਉਸਦੇ ਵਿਛੋੜੇ ਵਿੱਚ ਵਿਆਕੁਲ ਹੋਈ ਤੜਫਦੀ ਹੈ। ਇਸ ਦਰਦ ਨੂੰ ਮਿਟਾਉਣ ਲਈ ਯਤਨ ਕੀਤੇ ਜਾਂਦੇ ਹਨ ਪਰ ਅੰਤ ਗੁਰਮਤਿ ਦਾ ਹੀ ਸਹਾਰਾ ਉਸਨੂੰ ਆਤਮਿਕ ਸੁੱਖ ਦਿੰਦਾ ਹੈ। ਇਸ ਵਿੱਚ ਕੁਦਰਤ ਦਾ ਵਰਨਣ ਕਾਫੀ ਅਦਭੁੱਤ ਹੈ।



ਇਹ ਸਾਂਤੀ ਤੇ ਗਿਆਨ ਦਾ ਵਹਿੰਦਾ ਦਰਿਆ ਹੈ। ਬੱਦਲ ਰਹੇ ਬਿਰਾਜ ਪਰਬਤ ਉਪਰ ਕਾਲੇ ਰੂਪ ਵਿਸ਼ਾਲ ਬੈਠੇ ਐਕੁਰਾਂ ਜ਼ਿਕਰ ਹਾਥੀ ਹੋਣ, ਬੈਠੇ ਥਾਂਉ ਥਾਂ, ਬੱਦਲਾਂ ਕੇਰੇ ਕਿੰਗਰੇ ਉਗੜੇ ਨਾਲ ਸੁਨਹਿਰੀ ਝਾਲ ਚਮਕੇ ਲਾਲਹੋ... 'ਲਹਿਰਾਂ ਦੇ ਹਾਰ' 'ਮਟਕ ਹੁਲਾਰੇ' 'ਬਿਜਲੀਆਂ ਦੇ ਹਾਰ' 'ਪ੍ਰੀਤ ਵੀਣਾਂ' 'ਕੰਬਦੀ ਕਲਾਈ' ਤੇ 'ਮੇਰੇ ਸਾਂਈਆਂ ਜੀਉ' ਭਾਈ ਵੀਰ ਸਿੰਘ ਜੀ ਦੀਆਂ ਛੋਟੀਆਂ ਕਵਿਤਾਵਾਂ ਦੇ ਕਹਾਣੀ ਸਗ੍ਰੰਹਿ ਹਨ। ਇਨ੍ਹਾਂ ਵਿੱਚ ਵਿਸ਼ੇ ਦੇ ਰੂਪ ਦੀ ਕਾਫੀ ਵੰਨਗੀ ਮਿਲਦੀ ਹੈ। ਉਹਨਾਂ ਨੂੰ ਕੁਦਰਤ ਵਿੱਚ ਰੱਬ ਦਾ ਝਲਕਾਰਾ ਦਿਸਦਾ ਹੈ। 'ਮਟਕਹੁਲਾਰੇ' ਵਿੱਚ ਕਸ਼ਮੀਰ ਦੀ ਸੁੰਦਰਤਾ ਦਾ ਰੁਮਾਂਟਿਕ, ਰਸ ਮਈ ਤੇ ਰਹੱਸ ਮਈ ਵਰਨਣ ਹੈ। ਚਾਨਣ ਤੇ ਖੇੜਾ ਇਸਦੇ ਮੂਲ ਤੱਤ ਹਨ। ਜਿਹਨਾਂ ਤੋਂ ਪਤਾ ਲਗਦਾ ਹੈ ਕਿ ਭਾਈ ਵੀਰ ਸਿੰਘ ਅਧਿਆਤਮਕ ਧਾਰਾ ਦੇ ਮਹਾਨ ਕਵੀ ਸਨ।

ਇਸ ਬਾਰੇ ਕੋਈ ਦੋ ਰਾਵਾਂ ਨਹੀ ਕਿ ਭਾਈ ਵੀਰ ਸਿੰਘ ਅਧੁਨਿਕ ਕਵਿਤਾ ਦੇ ਪਿਤਾਮਾ ਹਨ, ਹਰ ਅਲੋਚਕ ਤੇ ਪਾਠਕ ਇਸ ਗੱਲ ਨਾਲ ਸਹਿਮਤ ਹੈ, ਕਿ ਭਾਈ ਵੀਰ ਸਿੰਘ ਨੇ ਆਧੁਨਿਕ ਕਵਿਤਾ ਦੀ ਨੀਂਹ ਰੱਖੀ ਤੇ ਪੱਕੇ ਪੈਰੀਂ ਰੱਖੀ। ਪਾਠਕ ਸਦੀਆਂ ਤੋਂ ਰਚੇ ਜਾਂਦੇ ਕਿੱਸਿਆਂ ਵਿਚਲੀਆਂ ਵਾਰਾਂ ਸੁਣ ਸੁਣ ਕੇ ਤੰਗ ਆ ਗਏ ਸਨ, ਉਹ ਕਿਸੇ ਨਵੇਂ ਸਾਹਿਤ ਦੇ ਰੂਪ ਦੀ ਅਭਿਲਾਖਾ ਕਰ ਰਹੇ ਸਨ, ਭਾਈ ਵੀਰ ਸਿੰਘ ਨੇ ਪੰਜਾਬੀ ਪਿਆਰਿਆਂ ਦੀ ਇਹ ਤੀਬਰ ਇੱਛਾ ਪੂਰੀ ਕੀਤੀ। ਉਹਨਾਂ ਨੇ ਪੰਜਾਬੀ ਸਾਹਿਤ ਨੂੰ ਇਕ ਨਵਾ ਨਿਵੇਕਲਾ ਸਾਹਿਤ ਰੂਪ ਬਖ਼ਸ਼ਿਆ ਤੇ ਉਹ ਹੈ ਛੋਟੀ ਕਵਿਤਾ। ਇਸ ਨਵੀਨ ਰੂਪ ਨੂੰ ਪੜ੍ਹਕੇ ਪਾਠਕ ਨਾ ਕੇਵਲ ਸੰਤੁਸ਼ਟ ਹੀ ਹੋਏ, ਸਗੋਂ ਉਹਨਾਂ ਨੇ ਇਸਦਾ ਹਾਰਦਿਕ ਸਵਾਗਤ ਵੀ ਕੀਤਾ, ਭਾਈ ਵੀਰ ਸਿੰਘ ਦੀ ਰਚਨਾ ਇਕ ਖੁਸ਼ ਗਵਾਰ ਚਰਚਾ ਦਾ ਵਿਸ਼ਾ ਬਣ ਗਈ। ਘੱਸੇ ਪਿੱਟੇ ਕਾਵਿ ਰੂਪ ਕਿੱਸੇ ਰਾਹੀਂ ਬਿਆਨੇ ਜਾ ਰਹੇ ਜਿਸਮਾਨੀ ਪਿਆਰ ਦੀ ਥਾਂ ਅਧਿਆਤਮਕ ਮੰਡਲਾਂ ਦੇ ਵਰਨਣ ਨੇ ਪਾਠਕਾਂ ਦਾ ਮਨ ਮੋਹ ਲਿਆ, ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਭਾਈ ਵੀਰ ਸਿੰਘ ਦਾ ਪ੍ਰਵੇਸ਼ ਇਕ ਯਾਦ ਯੋਗ ਘਟਨਾ ਹੈ। ਭਾਈ ਵੀਰ ਸਿੰਘ ਜੀ ਦੀ ਕਵਿਤਾ ਦਾ ਵਿਸ਼ਾ ਭਾਵੇਂ ਗੁਰਬਾਣੀ ਵਿੱਚੋਂ ਲਿਆ ਹੈ, ਪਰ ਕਵਿਤਾ ਦਾ ਰੂਪ ਸੱਜਰਾ ਤੇ ਨਿਰੋਲ ਨਵਾਂ ਸੀ।

ਭਾਈ ਸਾਹਿਬ ਦੀ ਕਵਿਤਾ ਦਾ ਮੁਖ ਵਿਸ਼ਾ ਪ੍ਰਭੂ ਪਿਆਰ ਹੈ ਤੇ ਇਸਦਾ ਸੋਮਾ ਹੈ ਗੁਰਬਾਣੀ। ਹਰ ਵਿਚਾਰਕ ਤੇ ਅਲੋਚਕ ਇਸ ਗਲ ਨਾਲ ਸਹਿਮਤ ਵੀ ਹੈ ਕਿ ਭਾਈ ਵੀਰ ਸਿੰਘ ਸਿੱਖ ਪਹਿਲਾਂ ਤੇ ਕਵੀ ਬਾਅਦ ਵਿੱਚ ਹੈ, ਆਪ ਦੀ ਕਵਿਤਾ ਉਹ ਦਰਪਣ ਹੈ ਜਿਸ ਵਿੱਚ ਗੁਰਮਤਿ ਸਾਹਿਤ ਤੇ ਭਾਈ ਵੀਰ ਸਿੰਘ ਸਾਹਿਤ ਦਾ ਸੰਬੰਧ ਹੈ, ਜਿਸਨੂੰ ਪ੍ਰੋ:ਪੂਰਨ ਸਿੰਘ ਨੇ ਗੁਰੂ ਨਾਨਕ ਦੇ ਮੰਦਰਾਂ ਦੇ ਆਲੇ-ਦੁਆਲੇ ਉਸਾਰਿਆ ਸਾਹਿਤ ਕਿਹਾ ਹੈ, ਗੁਰੂ ਨਾਨਕ ਦਾ ਮੰਦਰ ਸਿੱਖੀ ਦਾ ਮੰਦਰ ਹੈ, ਸਿੱਖ ਸਾਹਿਤਕਾਰ ਉਸ ਮੰਦਰ ਦੇ ਆਲੇ-ਦੁਆਲੇ ਸੰਘਣੀ ਛਾਂ ਥੱਲੇ ਬੈਠੇ ਗੁਰੂ ਉਸਤਤੀ, ਬਾਣੀ ਉਸਤਤੀ ਤੇ ਸਿੱਖੀ ਉਸਤਤੀ ਵਿੱਚ ਗੀਤ ਗਾਉਂਦੇ ਰਹੇ ਹਨ ਤੇ ਗਾ ਰਹੇ ਹਨ।

ਭਾਈ ਵੀਰ ਸਿੰਘ ਦੇ ਸਾਹਿਤ ਦੀ ਪ੍ਰੰਪਰਾ ਗੁਰਮਤਿ ਸਾਹਿਤ ਦੇ ਅੰਦਰ ਬੜੀ ਬਲਵਾਨ ਪ੍ਰੰਪਰਾ ਹੈ। ਭਾਈ ਸਾਹਿਬ ਦਾ ਸਾਹਿਤ ਬੜੀ ਮਹਾਨਤਾ ਵਾਲੀ ਚੀਜ਼ ਹੈ। ਭਾਈ ਵੀਰ ਸਿੰਘ ਦਾ ਪਹਿਲਾ ਕਰਤੱਵ ਗੁਰੂ ਸ਼ਬਦ ਦੀ ਵਿਆਖਿਆ ਦਾ ਹੈ, ਇਹ ਕਰਤੱਵ ਉਹਨਾਂ ਦੋ ਰੂਪਾਂ ਵਿੱਚ ਕੀਤਾ ਹੈ ਇਕ ਮੌਲਿਕ ਕਾਵਿ ਰਚਨਾ ਵਿੱਚ ਸ਼ਬਦਾਂ ਦੀ ਵਿਆਖਿਆ ਅਤੇ ਦੂਜੇ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਡੇ ਭਾਗ ਦਾ ਟੀਕਾ ਕੀਤਾ। ਭਾਈ ਸਾਹਿਬ ਨੇ ਆਤਮਾ ਨੂੰ ਉਹ ਕੁਝ ਮੰਨਿਆ ਹੈ, ਜਿਸਨੂੰ ਬਾਣੀ ਵਿੱਚ ਕਿਹਾ ਗਿਆ ਹੈ, "ਇਸਨੂੰ ਨਾ ਸੋਗ ਹੈ ਨਾ ਮੌਤ ਹੈ, ਨਾ ਵਿਧ ਹੈ ਨਾ ਬੰਧਨ ਹੈ:-

"ਤੇਰੇ ਭਾਗਾਂ ਵਿਚ ਅਰਸ਼ਾ ਤੇ ਉਡਣਾ
ਗਾਂਦਿਆਂ ਫਿਰਨ ਇਕੱਲੇ"

ਗੁਰਬਾਣੀ ਵਿੱਚ ਕਿਸੇ ਮਨੁੱਖੀ ਪੱਧਰ ਨੂੰ ਗੁਰਮੁਖ, ਬ੍ਰਹਮ ਗਿਆਨੀ, ਸਾਧੂ-ਸੰਤ ਤੇ ਪਾਰਗਰਾਮੀ ਕਿਹਾ ਜਾਂਦਾ ਹੈ, ਸੱਚ ਖੰਡ ਸਾਡਾ ਅਸਲ ਟਿਕਾਣਾ ਹੈ, ਨਿੱਜਘਰ ਹੈ। ਮਨੁਖ ਉਨਤ ਹੋਕੇ ਪ੍ਰਮਾਤਮਾ ਨੂੰ ਮਿਲਦਾ ਹੈ। ਭਾਈ ਵੀਰ ਸਿੰਘ ਨੇ ਵੀ ਇਸੇ ਪ੍ਰਗਤੀ ਨੂੰ ਦਰਸਾਇਆ ਹੈ। ਪ੍ਰਤੀਕ ਚਿੰਨ੍ਹ ਭਾਈ ਸਾਹਿਬ ਦੇ ਮੌਲਿਕ ਤੇ ਨਿਜੀ ਹਨ, ਪਰ ਖਿਆਲ ਗੁਰਬਾਣੀ ਦਾ ਹੀ ਹੈ। ਵਿਛੋੜਾ ਕਿਉਂ ਹੈ? ਗੁਰਬਾਣੀ ਵਿੱਚ ਇਸਦਾ ਉਤਰ 'ਹਉਮੈ' ਹੈ, ਮਾਇਆ ਹੈ। ਭਾਈ ਵੀਰ ਸਿੰਘ ਜੀ ਦੀ ਕਵਿਤਾ 'ਵਰਜਿਤਵਾੜੀ' ਮਾਇਆ ਤੋਂ ਚੇਤੰਨ ਕਰਦੀ ਹੈ। ਇਹ ਸੰਸਾਰ ਫੁੱਲਾਂ ਸੰਦੀ ਵਾੜ ਵੀ ਹੈ, ਵਸੂਲਾਂ ਬਾਗ ਵੀ। 'ਮੇਰੇ ਸਾਂਈਆਂ ਜੀਉ' ਆਪਜੀ ਦੇ ਜੀਵਨ ਦਾ ਅੰਤਿਮ ਗੀਤ ਹੈ, ਇਸਦਾ ਉਦੇਸ਼ ਉਸ ਤਰ੍ਹਾਂ ਦਾ ਹੈ, ਜਿਵੇਂ ਬਾਰਾਂਮਾਹ ਤੁਖਾਰੀ ਦਾ ਹੈ, ਜਾਂ ਰਾਗਾਂ ਵਿੱਚ ਛੰਤਾਂ ਦਾ ਹੈ, ਕੁਦਰਤ ਵਿੱਚ ਕਾਦਰ ਦੀ ਕਲਪਨਾ ਗੁਰਮਤਿ ਵਿਚਾਰਧਾਰਾ ਦਾ ਪ੍ਰਮੁਖ ਵਿਸ਼ਾ ਰਿਹਾ ਹੈ, ਕੁਦਰਤ ਦੀ ਅਨੰਨਤਾ ਨੂੰ ਦੇਖਕੇ ਵਿਅਕਤੀ ਦੇ ਮਨ ਵਿੱਚ ਵਿਸਮਾਦ ਆ ਜਾਂਦਾ ਹੈ, ਭਾਈ ਵੀਰ ਸਿੰਘ ਜੀ ਨੇ ਵੀ ਆਪਣੀਆ ਕਵਿਤਾਵਾਂ ਵਿੱਚ ਕੁਦਰਤ ਦਾ ਇਹ ਵਿਸਮਾਦ, ਜਨਕ ਰੂਪ ਪੇਸ਼ ਕੀਤਾ ਹੈ, ਰੁਬਾਈ 'ਵੈਰੀ ਨਾਗਦਾ ਪਹਿਲਾ ਝਲਕਾ' ਵਿੱਚ ਭਾਈ ਸਾਹਿਬ ਕੁਦਰਤ ਵਿਚੋਂ ਕਾਦਰ ਲੱਭਣ ਦੀ ਪ੍ਰਕਿਰਿਆ ਨੂੰ ਮੂਰਤੀਮਾਨ ਕਰਦੇ ਹਨ ;--

"ਵੈਰੀਨਾਗ ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿੱਚ ਵੱਜਦਾ।
ਕਾਦਰ ਦੇ ਕੁਦਰਤ ਦਾ ਜਲਵਾ ਲੈ ਲੈਂਦਾ ਇਕ ਸਿਜਦਾ"

ਅਧਿਆਤਮਿਕ ਕਵਿਤਾ ਦਾ ਪ੍ਰਧਾਨ ਵਿਸ਼ਾ ਇਹੀ ਰਿਹਾ ਹੈ ਕਿ ਪ੍ਰਮਾਤਮਾ ਨੇ ਜੀਵ ਨੂੰ ਇਸ ਲੋਕ ਵਿੱਚ ਆਪਣੇ ਹੁਕਮ ਅਨੁਸਾਰ ਭੇਜਿਆ ਹੈ, ਜਦੋਂ ਉਸਦੀ ਇੱਛਾ ਹੁੰਦੀ ਹੈ ਉਹ ਜੀਵਾਂ ਨੂੰ ਪ੍ਰਲੋਕ ਵਿੱਚ ਬੁਲਾ ਸਕਦਾ ਹੈ। ਪ੍ਰਮਾਤਮਾ ਦੇ ਇਸ ਲੱਛਣ ਨੂੰ ਗੁਰਮਤਿ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਹੈ:-

ਘੱਲੇ ਆਵਹਿ ਨਾਨਕਾ॥ ਸੱਦੇ ਉਠਿ ਜਾਹਿ॥

ਜੀਵ ਦੇ ਸੰਬੰਧ ਵਿੱਚ ਪ੍ਰਮਾਤਮਾ ਦੀ ਇਸ ਸਮਰੱਥਾ ਤੇ ਲੀਲਾ ਦਾ ਨਿਰੂਪਣ ਭਾਈ ਵੀਰ ਸਿੰਘ ਨੇ ਬਹੁਤ ਕਵਿਤਾਵਾਂ ਵਿੱਚ ਕੀਤਾ ਹੈ:--

"ਘੱਲੇ ਸੱਦੇ ਪਾਤਿਸ਼ਾਹ, ਇਥੇ ਉਥੇ ਆਪ,
ਅਸਲ ਖੇਡ ਮੇ ਓਸਦੀ, ਖੇਡ ਖਿਡਾਵੇ ਬਾਪ।"

ਕਈ ਕਵਿਤਾਵਾਂ ਵਿੱਚ ਭਾਈ ਵੀਰ ਸਿੰਘ ਨੇ ਮਨੁਖੀ ਜੀਵਨ ਦੇ ਰਹੱਸਾਂ ਨੂੰ ਪ੍ਰਕਿਰਤੀ ਰਾਹੀਂ ਖੋਲਿਆ ਹੈ, ਸਝਾਊ ਕਥਨਾਂ ਦੀ ਸਥਾਪਨਾ ਕੀਤੀ ਹੈ;--

"ਨਦੀ ਆਖਦੀ ਆਕੜ ਵਾਲੇ ਸਭ ਬੂਟੇ ਪੱਟ ਸੁੱਟਾਂ,
ਪਰ ਜੋ ਝੁਕੇ ਵਗੇ ਰਉਂ ਰੁਖ ਨੂੰ, ਪੇਸ਼ ਨ ਉਸ ਤੇ ਜਾਵੇ।"

# ਯਕੀਨੀ ਬਣੇ ਸੁਰੱਖਿਅਤ ਹਵਾਈ ਸਫ਼ਰ

(ਸਫਾ 22 ਦੀ ਬਾਕੀ)

ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਡਰੀਮਲਾਈਨਰ ਦੀ ਡਲਿਵਰੀ ਰੋਕ ਦਿੱਤੀ ਸੀ।

ਬੋਇੰਗ ਦੇ ਬਦਨਾਮ ਹੋਏ ਮੈਕਸ ਜਹਾਜ਼ ਇਸਤੇਮਾਲ ਕਰ ਰਹੀਆਂ ਇੰਡੋਨੇਸ਼ੀਆ ਅਤੇ ਇਥੋਪੀਆ ਏਅਰਲਾਈਨਜ਼ ਦੇ ਨਵੇਂ ਜਹਾਜ਼ 2017-18 ਵਿਚ ਦੁਰਘਟਨਾ-ਗ੍ਰਸਤ ਹੋਏ ਸਨ। ਇਨ੍ਹਾਂ ਹਵਾਈ ਹਾਦਸਿਆਂ ਦੀ ਜਾਂਚ ਵਿਚ ਇਹ ਸਾਹਮਣੇ ਆਇਆ ਸੀ ਕਿ ਮੈਕਸ ਜਹਾਜ਼ਾਂ ਦੇ ਸਾਫਟਵੇਅਰ ਵਿਚ ਖ਼ਾਮੀ ਸੀ ਅਤੇ ਇਸ ਨੁਕਸ ਨੂੰ ਦੂਰ ਕਰਨ ਵਾਲੇ ਉਪਾਵਾਂ ਨਾਲ ਜਹਾਜ਼ ਦੇ ਲੈਸ ਹੋਣ ਦਾ ਬੋਇੰਗ ਨੇ ਜੋ ਵਾਅਦਾ ਕੀਤਾ ਸੀ, ਉਹ ਉਨ੍ਹਾਂ ਵਿਚ ਮੌਜੂਦ ਹੀ ਨਹੀਂ ਸਨ। ਇਸ ਕਾਰਨ ਬੋਇੰਗ ਦੀ ਸਾਖ਼ ਨੂੰ ਧੱਕਾ ਤਾਂ ਲੱਗਾ ਹੀ, ਉਸ ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਦਾਲਤ ਦੇ ਬਾਹਰ ਸਮਝੌਤਾ ਕਰਨ ਤੋਂ ਬਾਅਦ ਵੀ ਭਾਰੀ ਹਰਜਾਨਾ ਦੇਣਾ ਪਿਆ। ਇਸ ਨਾਲ ਉਸ ਨੂੰ ਭਾਰੀ ਆਰਥਿਕ ਨੁਕਸਾਨ ਵੀ ਸਹਿਣਾ ਪਿਆ। ਟਾਟਾ ਏਅਰਲਾਈਨਜ਼ ਦੀ ਥਾਪਨਾ ਭਾਰਤ ਵਿਚ ਸਿਵਲ ਏਵੀਏਸ਼ਨ ਦੇ ਜਨਕ ਜੇਆਰਡੀ ਟਾਟਾ ਨੇ ਕੀਤੀ ਸੀ। ਬਾਅਦ ਵਿਚ ਸਰਕਾਰ ਨੇ ਇਸ ਨੂੰ ਐਕੁਆਇਰ ਕਰ ਲਿਆ ਅਤੇ ਇਸ ਦਾ ਨਾਂ ਰੱਖ ਦਿੱਤਾ ਏਅਰ ਇੰਡੀਆ। ਏਅਰ ਇੰਡੀਆ ਨੂੰ ਬਦਇੰਤਜ਼ਾਮੀ ਤੇ ਘਾਟੇ 'ਚੋਂ ਕੱਢਣ ਲਈ ਮੋਦੀ ਸਰਕਾਰ ਨੇ ਉਸ ਨੂੰ ਨਿੱਜੀ ਕੰਪਨੀ ਨੂੰ ਵੇਚਣ ਦਾ ਫ਼ੈਸਲਾ ਕੀਤਾ।

ਸੁਭਾਵਕ ਤੌਰ 'ਤੇ ਪਹਿਲੀ ਪਸੰਦ ਟਾਟਾ ਸਮੂਹ ਹੀ ਰਿਹਾ। ਦੁਨੀਆ ਵਿਚ ਕੁਝ ਲੋਕ ਇਸ ਨੂੰ ਭਾਰਤ ਸਰਕਾਰ ਦੀ ਏਅਰਲਾਈਨਜ਼ ਸਮਝਦੇ ਹੋਣ ਤਾਂ ਹੈਰਾਨੀ ਨਹੀਂ। ਟਾਟਾ ਸਮੂਹ ਦੇ ਹੱਥ ਵਿਚ ਜਾਣ ਤੋਂ ਬਾਅਦ ਮੰਨਿਆ ਇਹ ਗਿਆ ਕਿ ਹੁਣ ਇਸ ਦਾ ਸੰਚਾਲਨ ਸੁਗਮ ਅਤੇ ਸੁਰੱਖਿਅਤ ਤਰੀਕੇ ਨਾਲ ਹੋਵੇਗਾ ਪਰ ਅਹਿਮਦਾਬਾਦ ਦਾ ਹਾਦਸਾ ਸੰਕੇਤ ਕਰ ਰਿਹਾ ਹੈ ਕਿ ਸੰਭਵ ਤੌਰ 'ਤੇ ਅਜਿਹਾ ਨਹੀਂ ਹੋ ਸਕਿਆ ਹੈ। ਉਸ 'ਤੇ ਜਹਾਜ਼ ਸੰਚਾਲਨ ਵਿਚ ਢੁੱਕਵੀਂ ਚੌਕਸੀ ਨਾ ਵਰਤਣ ਦੇ ਦੋਸ਼ ਹੇਠ ਜੁਰਮਾਨਾ ਵੀ ਲੱਗ ਚੁੱਕਾ ਹੈ। ਉਸ ਨੂੰ ਸਹੂਲਤਾਂ ਵਿਚ ਕਮੀ ਦੇ ਦੋਸ਼ਾਂ ਨਾਲ ਵੀ ਦੋ-ਚਾਰ ਹੋਣਾ ਪਿਆ ਹੈ। ਅਹਿਮਦਾਬਾਦ ਹਾਦਸੇ 'ਤੇ ਏਅਰ ਇੰਡੀਆ ਪ੍ਰਬੰਧਨ ਦੇ ਨਾਲ-ਨਾਲ ਟਾਟਾ ਸਮੂਹ ਸੁਭਾਵਕ ਤੌਰ 'ਤੇ ਦੁਖੀ ਤੇ ਗੰਭੀਰ ਹੈ ਪਰ ਏਅਰ ਇੰਡੀਆ ਵਿਚ ਭਾਗੀਦਾਰ ਸਿੰਗਾਪੁਰ ਏਅਰਲਾਈਨਜ਼ ਬਾਰੇ ਕੁਝ ਕਹਿਣਾ ਮੁਸ਼ਕਲ ਹੈ। ਐੱਸਆਈਏ ਵਿਚ ਸਿੰਗਾਪੁਰ ਸਰਕਾਰ ਦੀ ਵੀ ਹਿੱਸੇਦਾਰੀ ਹੈ। ਉੱਥੋਂ ਦੇ ਪੀਐੱਮ ਨੇ ਤਾਂ ਅਹਿਮਦਾਬਾਦ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਪਰ ਐੱਸਆਈਏ ਦੇ ਐਕਸ (ਟਵਿੱਟਰ) ਹੈਂਡਲ 'ਤੇ ਦੁੱਖ ਦਾ ਇਕ ਸ਼ਬਦ ਨਹੀਂ ਦਿਸਿਆ।

ਅਹਿਮਦਾਬਾਦ ਹਾਦਸੇ ਨੂੰ ਲੈ ਕੇ ਜੋ ਸਵਾਲ ਉੱਠੇ ਹਨ, ਉਨ੍ਹਾਂ ਦਾ ਉਸ ਨੂੰ ਵੀ ਜਵਾਬ ਦੇਣਾ ਹੋਵੇਗਾ। ਬੇਸ਼ੱਕ ਸਮੇਂ ਦੇ ਨਾਲ ਹਵਾਈ ਸਫ਼ਰ ਸੁਰੱਖਿਅਤ ਹੋਇਆ ਹੈ ਪਰ ਹਰ ਹਵਾਈ ਹਾਦਸੇ 'ਤੇ ਜਹਾਜ਼ਾਂ ਦੇ ਸੁਰੱਖਿਅਤ ਸੰਚਾਲਨ 'ਤੇ ਉਸੇ ਤਰ੍ਹਾਂ ਦੇ ਹੀ ਸਵਾਲ ਵੀ ਉੱਠਦੇ ਹਨ ਜਿਹੋ ਜਿਹੇ ਇਨ੍ਹੀਂ ਦਿਨੀਂ ਉੱਠ ਰਹੇ ਹਨ। ਅਹਿਮਦਾਬਾਦ ਹਾਦਸੇ ਤੋਂ ਬਾਅਦ ਉਤਰਾਖੰਡ ਵਿਚ ਇਕ ਹੋਰ ਜਾਨਲੇਵਾ ਹੈਲੀਕਾਪਟਰ ਹਾਦਸੇ ਕਾਰਨ ਇਹ ਸਵਾਲ ਹੋਰ ਜ਼ਿਆਦਾ ਚਿੰਤਾ ਦਾ ਕਾਰਨ ਬਣ ਗਏ ਹਨ। ਹੁਣ ਆਪਣੇ ਦੇਸ਼ ਵਿਚ ਜਹਾਜ਼ ਅਤੇ ਹੈਲੀਕਾਪਟਰ ਸੇਵਾਵਾਂ ਦਾ ਇਸਤੇਮਾਲ ਵੱਡੀ ਗਿਣਤੀ ਵਿਚ ਆਮ ਆਦਮੀ ਕਹੇ ਜਾਣ ਵਾਲੇ ਲੋਕ ਵੀ ਕਰਦੇ ਹਨ ਕਿਉਂਕਿ ਹਵਾਈ ਯਾਤਰਾ ਜ਼ਰੂਰਤ ਬਣ ਗਈ ਹੈ। ਹਵਾਈ ਸਫ਼ਰ ਸੁਰੱਖਿਅਤ ਹੋਵੇ, ਇਹ ਏਅਰਲਾਈਨਜ਼ ਅਤੇ ਰੈਗੂਲੇਟਰੀ ਸੰਸਥਾਵਾਂ ਦੇ ਨਾਲ-ਨਾਲ ਭਾਰਤ ਸਰਕਾਰ ਨੂੰ ਵੀ ਯਕੀਨੀ ਬਣਾਉਣਾ ਹੋਵੇਗਾ।

## ਟੈਕਸੀ ਸਵਾਰੀਆਂ ਤੋਂ ਤਿੰਨ ਕਰੋੜ ਠੱਗਣ ਵਾਲੇ 11 ਕਾਬੂ

ਵੈਨਕੂਵਰ- ਟੋਰਾਂਟੋ ਪੁਲਿਸ ਨੇ ਪ੍ਰੋਜੈਕਟ ਫੇਅਰ ਤਹਿਤ ਜਾਂਚ ਕਰਕ ਉਪਰੰਤ ਪੰਜ ਭਾਰਤੀਆਂ ਸਮੇਤ 11 ਵਿਅਕਤੀਆਂ ਨੂੰ ਧੋਖਾਧੜੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ। ਇਹ ਵਿਅਕਤੀ ਆਪਣੀ ਟੈਕਸੀ ਵਿੱਚ ਸਫਰ ਕਰ ਰਹੀ ਸਵਾਰੀ ਤੋਂ ਕਿਰਾਇਆ ਲੈਂਦੇ ਸਮੇਂ ਉਸ ਦਾ ਏਟੀਐੱਮ ਕਾਰਡ ਬਦਲ ਲੈਂਦੇ ਤੇ ਬਾਅਦ ਵਿੱਚ ਉਸਦੀ ਵਰਤੋਂ ਕਰਦਿਆਂ ਰਾਸ਼ੀ ਉਡਾ ਦਿੰਦੇ ਸਨ। ਟੈਕਸੀ ਚਾਲਕਾਂ ਨੇ300 ਲੋਕਾਂ ਨਾਲ 5 ਲੱਖ ਡਾਲਰ (ਕਰੀਬ 3 ਕਰੋੜ ਰੁਪਏ) ਦੀ ਰਾਸ਼ੀ ਕਢਾਈ ਹੈ। ਇਸ ਦੌਰਾਨ ਕਾਬੂ ਕੀਤੇ ਗਏ ਭਾਰਤੀਆਂ ਦੀ ਪਛਾਣ ਇਕਜੋਤ ਨਾਹਲ (22), ਹਰਜੋਬਨ ਨਾਹਲ (25), ਹਰਪ੍ਰੀਤ ਸਿੰਘ (24) ਗੁਰਨੂਰ ਰੰਧਾਵਾ (20) ਗੌਰਵ ਤਾਕ (23) ਵਜੋਂ ਹੋਈ ਹੈ। ਪੁਲੀਸ ਬੁਲਾਰੇ ਡੇਵਿਡ ਕੌਫੀ ਨੇ ਦੱਸਿਆ ਕਿ ਦੋਸ਼ੀਆਂ ਤੋਂ ਸੈਂਕੜੇ ਬੈਂਕ ਕਾਰਡ, ਮਸ਼ੀਨਾਂ ਸਮੇਤ ਕਈ ਹੋਰ ਯੰਤਰ ਬਰਾਮਦ ਕੀਤੇ ਗਏ ਹਨ।




# ਫਰਿੱਜ ਵਿਚ 24 ਘੰਟੇ ਤੋਂ ਵੱਧ ਨਹੀਂ ਰੱਖਣੀਆਂ ਚਾਹੀਦੀਆਂ ਕੁਝ ਚੀਜ਼ਾਂ

ਕੀ ਤੁਸੀਂ ਵੀ ਉਨ੍ਹਾਂ ਲੋਕਾਂ ਵਿੱਚੋਂ ਹੋ ਜੋ ਸੋਚਦੇ ਹਨ ਕਿ ਫਰਿੱਜ 'ਚ ਰੱਖੀ ਹਰੇਕ ਚੀਜ਼ ਲੰਬੇ ਸਮੇਂ ਤਕ ਤਾਜ਼ਾ ਰਹਿੰਦੀ ਹੈ? ਜੇ ਹਾਂ ਤਾਂ ਹੁਣੇ ਸੰਭਲ ਜਾਓ, ਕਿਉਂਕਿ ਤੁਹਾਡੀ ਇਹ ਆਦਤ ਤੁਹਾਡੀ ਸਿਹਤ ਲਈ ਵੱਡਾ ਖ਼ਤਰਾ ਬਣ ਸਕਦੀ ਹੈ। ਜੀ ਹਾਂ, ਹਾਲ ਹੀ 'ਚ ਨਿਊਟ੍ਰਿਸ਼ਨਿਸਟ ਰੀਤਾ ਜੈਨ ਨੇ ਖੁਲਾਸਾ ਕੀਤਾ ਹੈ ਕਿ ਕੁਝ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ 24 ਘੰਟੇ ਤੋਂ ਵੱਧ ਫਰਿੱਜ 'ਚ ਰੱਖਣਾ, ਉਨ੍ਹਾਂ ਨੂੰ 'ਸਿਹਤ ਦਾ ਦੁਸ਼ਮਣ' ਬਣਾ ਸਕਦਾ ਹੈ। ਇਹ ਪੜ੍ਹ ਕੇ ਤੁਸੀਂ ਸ਼ਾਇਦ ਹੈਰਾਨ ਹੋ ਗਏ ਹੋਵੋਗੇ, ਪਰ ਇਹ ਬਿਲਕੁਲ ਸੱਚ ਹੈ। ਆਓ ਜਾਣੀਏ ਕਿ ਫਰਿੱਜ ਵਿਚ ਰੱਖੀਆਂ ਕਿਹੜੀਆਂ 4 ਚੀਜ਼ਾਂ ਤੋਂ ਤੁਹਾਨੂੰ 24 ਘੰਟੇ ਬਾਅਦ ਤੁਰੰਤ ਦੂਰ ਹੋ ਜਾਣਾ ਚਾਹੀਦਾ ਹੈ।

**ਛਿੱਲਿਆ ਹੋਇਆ ਲਸਣ**

ਲਸਣ ਖਾਣੇ ਦਾ ਸੁਆਦ ਵਧਾ ਦਿੰਦਾ ਹੈ ਪਰ ਕੀ ਤੁਸੀਂ



ਜਾਣਦੇ ਹੋ ਕਿ ਛਿੱਲਿਆ ਹੋਇਆ ਲਸਣ 24 ਘੰਟੇ ਤੋਂ ਵੱਧ ਫਰਿੱਜ ਵਿਚ ਰੱਖਣ 'ਤੇ ਇਸ ਵਿਚ 'ਬੋਟੂਲਿਜ਼ਮ' ਨਾਂ ਦਾ ਬੈਕਟੀਰੀਆ ਪੈਦਾ ਹੋ ਸਕਦਾ ਹੈ? ਇਹ ਬੈਕਟੀਰੀਆ ਇਕ ਟੌਕਸਿਨ ਬਣਾਉਂਦਾ ਹੈ ਜੋ ਸਿਹਤ ਲਈ ਕਾਫੀ ਨੁਕਸਾਨਦਾਇਕ ਹੈ। ਇਸ ਲਈ, ਬਿਹਤਰ ਇਹੀ ਹੈ ਕਿ ਤੁਸੀਂ ਲੋੜ ਮੁਤਾਬਕ ਲਸਣ ਛਿੱਲੋ ਜਾਂ ਫਿਰ ਇਸਨੂੰ ਸਾਬਤ ਹੀ ਫਰਿੱਜ ਵਿਚ ਰੱਖੋ।

ਪਿਆਜ਼ ਕੱਟਣ ਦੇ ਬਾਅਦ ਤੁਰੰਤ ਇਸਤੇਮਾਲ ਕਰ ਲੈਣਾ ਚਾਹੀਦਾ ਹੈ। ਕੱਟੇ ਹੋਏ ਪਿਆਜ਼ ਨੂੰ ਫਰਿੱਜ ਵਿਚ ਜ਼ਿਆਦਾ ਦੇਰ ਰੱਖਣ ਨਾਲ ਇਸ ਵਿਚ ਨਮੀ ਆ ਜਾਂਦੀ ਹੈ ਤੇ ਹਾਨੀਕਾਰਕ ਬੈਕਟੀਰੀਆ ਤੇਜ਼ੀ ਨਾਲ ਵਧਣ ਲੱਗਦੇ ਹਨ। ਇਸ ਨਾਲ ਫੂਡ ਪੁਆਇਜ਼ਨਿੰਗ ਦਾ ਖ਼ਤਰਾ ਵਧ ਜਾਂਦਾ ਹੈ। ਅਗਲੀ ਵਾਰੀ ਜਦੋਂ ਤੁਸੀਂ ਪਿਆਜ਼ ਕੱਟੋ ਤਾਂ ਇਸਨੂੰ ਤੁਰੰਤ ਇਸਤੇਮਾਲ ਕਰ ਲਓ ਤੇ ਬਚਿਆ ਹੋਇਆ ਪਿਆਜ਼ ਸੰਭਾਲ ਕੇ ਬਿਲਕੁਲ ਨਾ ਰੱਖੋ।

**ਕੱਟਿਆ ਹੋਇਆ ਅਦਰਕ**

ਅਦਰਕ ਵੀ ਲਸਣ ਤੇ ਪਿਆਜ਼ ਵਾਂਗ ਹੀ ਹੈ। ਕੱਟਿਆ ਹੋਇਆ ਅਦਰਕ ਜਦੋਂ ਫਰਿੱਜ ਵਿਚ ਰੱਖਿਆ ਜਾਂਦਾ ਹੈ ਤਾਂ ਇਹ ਜਲਦੀ ਸੁੱਕਣ ਲੱਗਦਾ ਹੈ ਤੇ ਇਸ ਵਿਚ ਫੰਗਸ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ। ਇਹ ਫੰਗਸ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ। ਇਸ ਲਈ, ਅਦਰਕ ਨੂੰ ਵੀ ਜ਼ਰੂਰਤ ਮੁਤਾਬਕ ਹੀ ਕੱਟੋ ਤੇ ਜੇ ਬਚ ਜਾਵੇ ਤਾਂ ਇਸਨੂੰ ਤੁਰੰਤ ਇਸਤੇਮਾਲ ਕਰੋ।

**ਪੱਕੇ ਹੋਏ ਚੌਲ**

ਇਹ ਸੁਣ ਕੇ ਤੁਹਾਨੂੰ ਸ਼ਾਇਦ ਸਭ ਤੋਂ ਜ਼ਿਆਦਾ ਹੈਰਾਨੀ ਹੋਵੇਗੀ, ਪਰ ਪੱਕੇ ਹੋਏ ਚੌਲ ਫਰਿੱਜ ਵਿਚ 24 ਘੰਟੇ ਤੋਂ ਵੱਧ ਰੱਖਣਾ ਵੀ ਸੁਰੱਖਿਅਤ ਨਹੀਂ ਹੈ। ਦਰਅਸਲ, ਪੱਕੇ ਹੋਏ ਚੌਲਾਂ 'ਚ 'ਬੈਸਿਲਸ ਸੇਰੇਸ' ਨਾਂ ਦਾ ਬੈਕਟੀਰੀਆ ਹੁੰਦਾ ਹੈ। ਜੇ ਚੌਲਾਂ ਨੂੰ ਕਮਰੇ ਦੇ ਤਾਪਮਾਨ 'ਤੇ ਜਾਂ ਫਰਿੱਜ ਵਿਚ ਲੰਬੇ ਸਮੇਂ ਤਕ ਰੱਖਿਆ ਜਾਂਦਾ ਹੈ ਤਾਂ ਇਹ ਬੈਕਟੀਰੀਆ ਤੇਜ਼ੀ ਨਾਲ ਵਧਦੇ ਹਨ ਅਤੇ ਟੌਕਸਿਨ ਛੱਡਦੇ ਹਨ। ਇਨ੍ਹਾਂ ਨੂੰ ਖਾਣ ਨਾਲ ਉਲਟੀਆਂ ਤੇ ਦਸਤ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ, ਪੱਕੇ ਹੋਏ ਚੌਲ ਨੂੰ ਹਮੇਸ਼ਾ ਤਾਜ਼ਾ ਹੀ ਖਾਓ ਅਤੇ ਜੇ ਬਚ ਜਾਣ ਤਾਂ ਜਲਦੀ ਤੋਂ ਜਲਦੀ ਖਤਮ ਕਰ ਲਓ।

# ਗਰਮੀਆਂ 'ਚ ਉਲਟਾ-ਸਿੱਧਾ ਖਾਣ ਨਾਲ ਖਰਾਬ ਹੋ ਸਕਦਾ ਹੈ ਪੇਟ

ਗਰਮੀਆਂ ਵਿੱਚ ਪੇਟ ਦੀ ਸਿਹਤ ਦਾ ਧਿਆਨ ਰੱਖਣਾ ਸਭ ਤੋਂ ਜ਼ਰੂਰੀ ਹੈ। ਇਸ ਤੋਂ ਇਲਾਵਾ, ਸਰੀਰ ਨੂੰ ਠੰਡਾ ਅਤੇ ਹਾਈਡਰੇਟ ਰੱਖਣ ਲਈ, ਖੁਰਾਕ ਦਾ ਖਾਸ ਧਿਆਨ ਰੱਖਣਾ ਪੈਂਦਾ ਹੈ। ਹਾਲਾਂਕਿ, ਇਹ ਮੌਸਮ ਸਾਡੇ ਪਾਚਨ ਤੰਤਰ Digesitve System ਲਈ ਚੁਣੌਤੀਪੂਰਨ ਹੋ ਸਕਦਾ ਹੈ। ਇਸ ਸਮੇਂ ਦੌਰਾਨ, ਗੈਸ, ਬਦਹਜ਼ਮੀ, ਐਸੀਡਿਟੀ ਅਤੇ ਡੀਹਾਈਡਰੇਸ਼ਨ ਵਰਗੀਆਂ ਸਮੱਸਿਆਵਾਂ ਹੋਣਾ ਆਮ ਗੱਲ ਹੈ। ਜੇਕਰ ਤੁਹਾਡਾ ਪੇਟ ਠੀਕ ਹੈ ਤਾਂ ਤੁਸੀਂ ਤੰਦਰੁਸਤ ਅਤੇ ਊਰਜਾਵਾਨ ਮਹਿਸੂਸ ਕਰਦੇ ਹੋ।

ਇਸ ਦੇ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਗਰਮੀਆਂ ਵਿੱਚ ਆਪਣੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦਿਓ। ਆਪਣੀ ਖੁਰਾਕ ਵਿੱਚ ਅਜਿਹੀਆਂ ਚੀਜ਼ਾਂ ਸ਼ਾਮਲ ਕਰੋ ਜੋ ਤੁਹਾਡੇ ਪੇਟ ਨੂੰ ਠੰਡਾ ਕਰਨ ਅਤੇ ਤੁਹਾਡੇ ਅੰਤੜੀਆਂ ਦੀ ਸਿਹਤ ਦਾ ਵੀ ਧਿਆਨ ਰੱਖਣ। ਅੱਜ ਅਸੀਂ ਤੁਹਾਨੂੰ ਕੁਝ ਫਲਾਂ ਬਾਰੇ ਦੱਸਣ ਜਾ ਰਹੇ ਹਾਂ ਜੋ ਗਰਮੀਆਂ ਵਿਚ ਅੰਤੜੀਆਂ ਦੀ ਸਿਹਤ ਬਣਾਈ ਰੱਖਣ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ।



**ਤਰਬੂਜ਼**

ਜੇਕਰ ਗਰਮੀਆਂ ਵਿੱਚ ਸਭ ਤੋਂ ਵੱਧ ਖਾਧਾ ਜਾਣ ਵਾਲਾ ਕੋਈ ਫਲ ਹੈ, ਤਾਂ ਉਹ ਤਰਬੂਜ ਹੈ। ਤੁਹਾਨੂੰ ਦੱਸ ਦੇਈਏ ਕਿ ਤਰਬੂਜ ਵਿੱਚ 90 ਪ੍ਰਤੀਸ਼ਤ ਤੋਂ ਵੱਧ ਪਾਣੀ ਹੁੰਦਾ ਹੈ। ਇਹ ਸਰੀਰ ਨੂੰ ਹਾਈਡ੍ਰੇਟ ਰੱਖਣ ਵਿੱਚ ਮਦਦਗਾਰ ਹੁੰਦਾ ਹੈ। ਇਹ ਅੰਤੜੀਆਂ ਦੀ ਸਿਹਤ ਨੂੰ ਵੀ ਸੁਧਾਰਦਾ ਹੈ। ਇਸ ਵਿੱਚ ਮੌਜੂਦ ਪੋਟਾਸ਼ੀਅਮ ਅਤੇ ਐਂਟੀਆਕਸੀਡੈਂਟ ਹੀਟ ਸਟ੍ਰੋਕ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਇਸਨੂੰ ਰੋਜ਼ਾਨਾ ਖਾਣ ਨਾਲ ਤੁਹਾਨੂੰ ਬਹੁਤ ਲਾਭ ਮਿਲੇਗਾ।

**ਕੇਲਾ**

ਕੇਲੇ ਨੂੰ ਸੁਆਦੀ ਫਲਾਂ ਵਿੱਚੋਂ ਗਿਣਿਆ ਜਾਂਦਾ ਹੈ। ਇਹ ਪੌਸ਼ਟਿਕ ਤੱਤਾਂ ਦਾ ਭੰਡਾਰ ਹੈ। ਇਹ ਅੰਤੜੀਆਂ ਦੀ ਸਿਹਤ ਲਈ ਵੀ ਫਾਇਦੇਮੰਦ ਹੈ। ਇਹ ਪਾਚਨ ਕਿਰਿਆ ਨੂੰ ਸੁਧਾਰਦਾ ਹੈ। ਇਸ ਤੋਂ ਇਲਾਵਾ, ਇਹ ਮੈਟਾਬੋਲਿਜ਼ਮ ਰੇਟ ਨੂੰ ਵੀ ਵਧਾਉਂਦਾ ਹੈ। ਤੁਸੀਂ ਇਸਨੂੰ ਗਰਮੀਆਂ ਵਿੱਚ ਆਪਣੀ ਖੁਰਾਕ ਵਿੱਚ ਸ਼ਾਮਲ ਕਰ ਸਕਦੇ ਹੋ।

**ਖੀਰਾ**

ਗਰਮੀਆਂ ਵਿੱਚ ਲਗਭਗ ਹਰ ਕੋਈ ਆਪਣੀ ਖੁਰਾਕ ਵਿੱਚ ਖੀਰਾ ਸ਼ਾਮਲ ਕਰਦਾ ਹੈ। ਇਸਨੂੰ ਸਲਾਦ ਜਾਂ ਰਾਇਤੇ ਦੇ ਰੂਪ ਵਿੱਚ ਖਾਧਾ ਜਾਂਦਾ ਹੈ। ਤਰਬੂਜ ਵਾਂਗ, ਖੀਰੇ ਵਿੱਚ ਵੀ ਭਰਪੂਰ ਪਾਣੀ ਹੁੰਦਾ ਹੈ। ਇਹ ਫਾਈਬਰ ਦਾ ਵੀ ਇੱਕ ਚੰਗਾ ਸਰੋਤ ਹੈ। ਇਹ ਸਰੀਰ ਨੂੰ ਡੀਟੌਕਸ ਕਰਦਾ ਹੈ ਅਤੇ ਪਾਚਨ ਕਿਰਿਆ ਨੂੰ ਬਿਹਤਰ ਬਣਾਉਣ ਵਿੱਚ ਵੀ ਮਦਦ ਕਰਦਾ ਹੈ। ਜੇਕਰ ਤੁਸੀਂ ਗਰਮੀਆਂ ਵਿੱਚ ਰੋਜ਼ਾਨਾ ਖੀਰਾ ਖਾਂਦੇ ਹੋ, ਤਾਂ ਤੁਹਾਨੂੰ ਐਸਿਡਿਟੀ ਅਤੇ ਕਬਜ਼ ਦੀ ਸਮੱਸਿਆ ਤੋਂ ਰਾਹਤ ਮਿਲ ਸਕਦੀ ਹੈ।

**ਸੇਬ**

ਸੇਬ ਖਾਣ ਨਾਲ ਪੇਟ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ। ਜੇਕਰ ਤੁਸੀਂ ਲੰਬੇ ਸਮੇਂ ਤੋਂ ਕਬਜ਼ ਦੀ ਸਮੱਸਿਆ ਤੋਂ ਪੀੜਤ ਹੋ, ਤਾਂ ਤੁਹਾਨੂੰ ਇਹ ਫਲ ਜ਼ਰੂਰ ਖਾਣਾ ਚਾਹੀਦਾ ਹੈ। ਦਰਅਸਲ, ਸੇਬ ਵਿੱਚ ਚੰਗੀ ਮਾਤਰਾ ਵਿੱਚ ਫਾਈਬਰ ਪਾਇਆ ਜਾਂਦਾ ਹੈ, ਜੋ ਪੇਟ ਦੀ ਸਿਹਤ ਨੂੰ ਬਿਹਤਰ ਰੱਖਦਾ ਹੈ। ਇਸ ਤੋਂ ਇਲਾਵਾ, ਇਸਨੂੰ ਖੁਰਾਕ ਵਿੱਚ ਸ਼ਾਮਲ ਕਰਨ ਨਾਲ ਇਮਿਊਨਿਟੀ ਵੀ ਵਧਦੀ ਹੈ।

**ਨਾਰੀਅਲ**

ਗਰਮੀਆਂ ਵਿੱਚ ਨਾਰੀਅਲ ਪਾਣੀ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਸਰੀਰ ਲਈ ਬਹੁਤ ਫਾਇਦੇਮੰਦ ਹੈ। ਇਸੇ ਤਰ੍ਹਾਂ, ਨਾਰੀਅਲ ਦਾ ਸੇਵਨ ਕਰਨ ਨਾਲ ਸਾਨੂੰ ਬਹੁਤ ਸਾਰੇ ਫਾਇਦੇ ਮਿਲਦੇ ਹਨ। ਇਸ ਵਿੱਚ ਮੌਜੂਦ ਇਲੈਕਟ੍ਰੋਲਾਈਟਸ, ਪੋਟਾਸ਼ੀਅਮ ਅਤੇ ਖਣਿਜ ਸਾਨੂੰ ਹਾਈਡ੍ਰੇਟ ਰੱਖਦੇ ਹਨ। ਇਹ ਪਾਚਨ ਕਿਰਿਆ ਨੂੰ ਸੁਧਾਰਦਾ ਹੈ। ਗਰਮੀਆਂ ਵਿੱਚ ਨਾਰੀਅਲ ਨੂੰ ਆਪਣੀ ਖੁਰਾਕ ਵਿੱਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

# ਬਿਨਾਂ ਸੰਕੇਤ ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਾ ਰਹੀਆਂ ਕੁਝ ਆਦਤਾਂ

ਬਾਲੀਵੁੱਡ ਅਦਾਕਾਰਾ ਕਰਿਸ਼ਮਾ ਕਪੂਰ ਦੇ ਪਹਿਲੇ ਪਤੀ ਸੰਜੈ ਕਪੂਰ ਦਾ ਦਿਲ ਦੇ ਦੌਰੇ ਨਾਲ ਦੇਹਾਂਤ ਹੋ ਗਿਆ ਹੈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਉਹ ਪੋਲੋ ਖੇਡ ਰਹੇ ਸਨ। ਹਾਲਾਂਕਿ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮਰਿਆ ਹੋਇਆ ਐਲਾਨ ਦਿੱਤਾ। ਮੌਤ ਦਾ ਕਾਰਨ ਵੀ ਡਾਕਟਰਾਂ ਨੇ ਦਿਲ ਦੇ ਦੌਰੇ ਨੂੰ ਦੱਸਿਆ। ਇਹ ਇਕ ਐਸੀ ਖਤਰਨਾਕ ਸਥਿਤੀ ਹੈ ਜੋ ਕਿਸੇ ਵੀ ਸਮੇਂ ਕਿਸੇ ਵੀ ਵਿਅਕਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ।



ਵਰਣਨਯੋਗ ਹੈ ਕਿ ਕੁਝ ਆਦਤਾਂ ਤੁਹਾਡੇ ਦਿਲ 'ਤੇ ਬੁਰਾ ਅਸਰ ਪਾ ਸਕਦੀਆਂ ਹਨ। ਇਸ ਨਾਲ ਦਿਲ ਨਾਲ ਜੁੜੀਆਂ ਬਿਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ। ਜੇਕਰ ਇਨ੍ਹਾਂ ਵਿਚ ਤੁਰੰਤ ਸੁਧਾਰ ਨਾ ਕੀਤਾ ਗਿਆ ਤਾਂ ਤੁਹਾਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਅੱਜ ਦਾ ਸਾਡਾ ਲੇਖ ਵੀ ਇਸੇ ਵਿਸ਼ੇ 'ਤੇ ਹੈ। ਅਸੀਂ ਤੁਹਾਨੂੰ ਕੁਝ ਆਦਤਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਤੁਹਾਨੂੰ ਤੁਰੰਤ ਬਦਲਣਾ ਚਾਹੀਦਾ ਹੈ। ਆਓ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਆਦਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕਰੀਏ -

**ਬੈਠੇ ਜਾਂ ਸੁੱਤੇ ਰਹਿਣਾ**

ਅੱਜਕੱਲ੍ਹ ਬਹੁਤ ਸਾਰੇ ਲੋਕ ਓਟੀਟੀ ਪਲੇਟਫਾਰਮਾਂ 'ਤੇ ਲਗਾਤਾਰ ਫਿਲਮਾਂ ਅਤੇ ਵੈਬ ਸੀਰੀਜ਼ ਦੇਖਦੇ ਰਹਿੰਦੇ ਹਨ। ਇਸ ਨਾਲ ਸਿਰਫ ਸਾਡੀਆਂ ਅੱਖਾਂ ਹੀ ਨਹੀਂ, ਸਗੋਂ ਸਾਡੇ ਦਿਲ ਨੂੰ ਵੀ ਗੰਭੀਰ ਨੁਕਸਾਨ ਪਹੁੰਚਦਾ ਹੈ। ਦਰਅਸਲ, ਜਦੋਂ ਤੁਸੀਂ ਲੰਬੇ ਸਮੇਂ ਤੱਕ ਇੱਕੋ ਜਗ੍ਹਾ ਬੈਠੇ ਰਹਿੰਦੇ ਹੋ ਤਾਂ ਇਸ ਨਾਲ ਬਲੱਡ ਸਰਕੂਲੇਸ਼ਨ ਹੌਲੀ ਹੋ ਜਾਂਦਾ ਹੈ। ਇਸ ਕਾਰਨ ਦਿਲ ਨਾਲ ਜੁੜੀਆਂ ਬਿਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਤੁਸੀਂ ਵਿਚ-ਵਿਚ ਉੱਠ ਕੇ ਚੱਲੋ।

**ਅਲਕੋਹਲ ਤੇ ਸਿਗਰਟਨੋਸ਼ੀ**

ਅੱਜਕੱਲ੍ਹ ਬਹੁਤ ਸਾਰੇ ਲੋਕ ਅਲਕੋਹਲ ਤੇ ਸਿਗਰਟਨੋਸ਼ੀ ਪਸੰਦ ਕਰਦੇ ਹਨ। ਇਨ੍ਹਾਂ ਦੀਆਂ ਆਦਤਾਂ ਦਿਲ ਦੀ ਸਿਹਤ ਲਈ ਨੁਕਸਾਨਦਾਇਕ ਹਨ। ਇਸ ਨਾਲ ਬਲੱਡ ਪ੍ਰੈਸ਼ਰ ਅਚਾਨਕ ਵਧ ਸਕਦਾ ਹੈ। ਇਹ ਦਿਲ ਦੀਆਂ ਮਾਸਪੇਸ਼ੀਆਂ ਨੂੰ ਕਮਜ਼ੋਰ ਕਰ ਦਿੰਦਾ ਹੈ ਤੇ ਅਨਿਯਮਿਤ ਦਿਲ ਦੀ ਧੜਕਨ ਦਾ ਕਾਰਨ ਬਣ ਸਕਦਾ ਹੈ। ਇਸ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਵਧ ਸਕਦਾ ਹੈ।

**ਘੁਰਾੜੇ ਮਾਰਨਾ**

ਜੇਕਰ ਤੁਹਾਨੂੰ ਰਾਤ ਨੂੰ ਜ਼ੋਰ-ਜ਼ੋਰ ਨਾਲ ਘੁਰਾੜੇ ਮਾਰਨ ਦੀ ਆਦਤ ਹੈ, ਤਾਂ ਤੁਹਾਨੂੰ ਤੁਰੰਤ ਡਾਕਟਰ ਨੂੰ ਮਿਲਣਾ ਚਾਹੀਦਾ ਹੈ। ਦਰਅਸਲ, ਇਹ ਸਲੀਪ ਐਪਨੀਆ ਦਾ ਸੰਕੇਤ ਹੈ। ਇਸ ਵਿਚ ਸੌਣ ਵੇਲੇ ਤੁਹਾਡਾ ਸਾਹ ਕੁਝ ਸਮੇਂ ਲਈ ਰੁਕ ਜਾਂਦਾ ਹੈ। ਸਲੀਪ ਐਪਨੀਆ ਨਾਲ ਹਾਈ ਬਲੱਡ ਪ੍ਰੈਸ਼ਰ ਤੇ ਦਿਲ ਦੀ ਬਿਮਾਰੀ ਦਾ ਖ਼ਤਰਾ ਵਧ ਜਾਂਦਾ ਹੈ।


**ਸਿਹਤਮੰਦ ਚੀਜ਼ਾਂ ਤੋਂ ਦੂਰੀ ਬਣਾਉਣਾ**

ਵਰਣਨਯੋਗ ਹੈ ਕਿ ਸਿਹਤਮੰਦ ਰਹਿਣ ਲਈ ਫਲਾਂ ਅਤੇ ਹਰੀ ਸਬਜ਼ੀਆਂ ਨੂੰ ਆਪਣੀ ਡਾਈਟ 'ਚ ਸ਼ਾਮਲ ਕਰਨਾ ਡਜ਼ਰੂਰੀ ਹੈ। ਇਨ੍ਹਾਂ ਵਿਚ ਮੌਜੂਦ ਪੋਸ਼ਕ ਤੱਤ ਸਾਡੇ ਦਿਲ ਨੂੰ ਸਿਹਤਮੰਦ ਰੱਖਦੇ ਹਨ। ਜੇਕਰ ਇਨ੍ਹਾਂ ਦੀ ਕਮੀ ਹੋ ਜਾਂਦੀ ਹੈ ਤਾਂ ਦਿਲ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ।

**ਸਟ੍ਰੈੱਸ ਲੈਣਾ**

ਸਟ੍ਰੈੱਸ ਦਿਲ ਦੇ ਦੌਰੇ ਦਾ ਸਭ ਤੋਂ ਵੱਡਾ ਕਾਰਨ ਹੈ। ਅੱਜਕੱਲ੍ਹ ਬਹੁਤ ਸਾਰੇ ਲੋਕ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਤਣਾਅ ਵਿਚ ਰਹਿੰਦੇ ਹਨ। ਇਸ ਨਾਲ ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਦਾ ਹੈ। ਜੇਕਰ ਤੁਸੀਂ ਵੀ ਸਟ੍ਰੈੱਸ ਵਿਚ ਰਹਿੰਦੇ ਹੋ, ਤਾਂ ਇਸਨੂੰ ਕਿਸੇ ਵੀ ਤਰੀਕੇ ਨਾਲ ਮੈਨੇਜ ਕਰੋ।

# ਆਪਣੇ ਲੀਵਰ ਨੂੰ ਬਚਾਉਣ ਲਈ ਕੀ ਕਰੀਏ



ਇਨ੍ਹੀਂ ਦਿਨੀਂ ਫੈਟੀ ਲੀਵਰ ਦੀ ਸਮੱਸਿਆ ਤੇਜ਼ੀ ਨਾਲ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੀ ਹੈ। ਅੱਜਕੱਲ੍ਹ, ਬਦਲਦੇ ਸਮੇਂ ਦੇ ਨਾਲ, ਲੋਕਾਂ ਦੀ ਜੀਵਨ ਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਪੂਰੀ ਤਰ੍ਹਾਂ ਬਦਲ ਗਈਆਂ ਹਨ। ਇਸ ਤੋਂ ਇਲਾਵਾ, ਲੋਕਾਂ ਦੇ ਖਾਣ-ਪੀਣ ਅਤੇ ਜਾਗਣ ਦੇ ਸਮੇਂ ਵਿੱਚ ਵੀ ਕਾਫ਼ੀ ਬਦਲਾਅ ਆਇਆ ਹੈ। ਇਸ ਕਾਰਨ ਸਿਹਤ ਨੂੰ ਵੀ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਤੋਂ ਇਲਾਵਾ, ਖਾਣ-ਪੀਣ ਦੀਆਂ ਗਲਤ ਆਦਤਾਂ ਦੇ ਕਾਰਨ, ਜਿਗਰ ਵਿੱਚ ਚਰਬੀ ਜਮ੍ਹਾਂ ਹੋਣ ਲੱਗਦੀ ਹੈ, ਜਿਸ ਨਾਲ ਫੈਟੀ ਲੀਵਰ ਦੀ ਸਮੱਸਿਆ ਹੋ ਸਕਦੀ ਹੈ।

ਇਹ ਸਮੱਸਿਆ ਕਈ ਤਰੀਕਿਆਂ ਨਾਲ ਖ਼ਤਰਨਾਕ ਹੋ ਸਕਦੀ ਹੈ, ਕਿਉਂਕਿ ਇਹ ਜਿਗਰ ਦੀ ਅਸਫਲਤਾ ਦਾ ਕਾਰਨ ਬਣ ਸਕਦੀ ਹੈ। ਹਾਲ ਹੀ ਵਿੱਚ, ਹਾਰਵਰਡ ਦੇ ਗੈਸਟ੍ਰੋਐਂਟਰੋਲੋਜਿਸਟ ਡਾ। ਸੌਰਭ ਸੇਠੀ ਨੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਸਾਂਝਾ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ। ਇਸ ਵੀਡੀਓ ਵਿੱਚ, ਉਹ ਦੱਸਦਾ ਹੈ ਕਿ ਕਿਵੇਂ ਜਿਗਰ ਹੌਲੀ-ਹੌਲੀ ਬਿਮਾਰੀ ਵੱਲ ਵਧਦਾ ਹੈ ਅਤੇ ਇਸਨੂੰ ਕਿਹੜੇ ਦੋ ਤਰੀਕਿਆਂ ਨਾਲ ਰੋਕਿਆ ਜਾ ਸਕਦਾ ਹੈ। ਆਓ ਜਾਣਦੇ ਹਾਂ ਡਾਕਟਰ ਦੀ ਸਲਾਹ-

**ਆਪਣੇ ਜਿਗਰ ਦੀ ਦੇਖਭਾਲ ਕਿਵੇਂ ਕਰੀਏ**

ਜਿਗਰ ਦੀ ਬਿਮਾਰੀ ਦੇ ਵੱਖ-ਵੱਖ ਪੜਾਵਾਂ ਬਾਰੇ ਦੱਸਣ ਦੇ ਨਾਲ-ਨਾਲ, ਡਾਕਟਰ ਨੇ ਦੋ ਆਦਤਾਂ ਬਾਰੇ ਵੀ ਦੱਸਿਆ, ਜਿਨ੍ਹਾਂ ਨੂੰ ਜੇਕਰ ਤੁਸੀਂ ਅਪਣਾਉਂਦੇ ਹੋ, ਤਾਂ ਜਿਗਰ ਨਾਲ ਸਬੰਧਤ ਕੋਈ ਵੀ ਬਿਮਾਰੀ ਤੁਹਾਨੂੰ ਕਦੇ ਵੀ ਪਰੇਸ਼ਾਨ ਨਹੀਂ ਕਰੇਗੀ। ਜੇਕਰ ਤੁਸੀਂ ਵੀ ਆਪਣੇ ਜਿਗਰ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹੋ, ਤਾਂ ਸਾਨੂੰ ਦੱਸੋ ਕਿ ਡਾਕਟਰ ਦੁਆਰਾ ਸੁਝਾਈਆਂ ਗਈਆਂ ਕਿਹੜੀਆਂ ਦੋ ਆਦਤਾਂ ਤੁਹਾਡੇ ਲਈ ਆਪਣੀ ਰੁਟੀਨ ਵਿੱਚ ਸ਼ਾਮਲ ਕਰਨ ਲਈ ਲਾਭਦਾਇਕ ਹੋਣਗੀਆਂ-

**ਸ਼ਰਾਬ ਤੋਂ ਬਚੋ**

ਸ਼ਰਾਬ ਸਿਹਤ ਨੂੰ ਹਰ ਤਰ੍ਹਾਂ ਨਾਲ ਨੁਕਸਾਨ ਪਹੁੰਚਾਉਂਦੀ ਹੈ। ਇਸਦੀ ਵਰਤੋਂ ਕਰਨ ਨਾਲ, ਸਿਰਫ਼ ਇੱਕ ਨਹੀਂ ਸਗੋਂ ਕਈ ਬਿਮਾਰੀਆਂ ਤੁਹਾਨੂੰ ਆਪਣਾ ਸ਼ਿਕਾਰ ਬਣਾ ਸਕਦੀਆਂ ਹਨ। ਇਹ ਜਿਗਰ ਲਈ ਸਭ ਤੋਂ ਵੱਧ ਨੁਕਸਾਨਦੇਹ ਹੈ। ਜਦੋਂ ਜਿਗਰ ਅਲਕੋਹਲ ਨੂੰ ਤੋੜਦਾ ਹੈ, ਤਾਂ ਐਸੀਟਾਲਡੀਹਾਈਡ ਨਾਮਕ ਇੱਕ ਜ਼ਹਿਰੀਲਾ ਪਦਾਰਥ ਬਣਦਾ ਹੈ, ਜੋ ਸਮੇਂ ਦੇ ਨਾਲ ਫੈਟੀ ਲਿਵਰ ਅਤੇ ਫਿਰ ਸਿਰੋਸਿਸ ਦਾ ਕਾਰਨ ਬਣ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਜਿਗਰ ਨੂੰ ਸਿਹਤਮੰਦ ਰੱਖਣ ਲਈ, ਅੱਜ ਤੋਂ ਸ਼ਰਾਬ ਤੋਂ ਦੂਰ ਰਹੋ।

**ਮੈਟਾਬੋਲਿਕ ਸਿਹਤ ਵਿੱਚ ਸੁਧਾਰ ਕਰੋ**

ਜਿਗਰ ਨੂੰ ਸਿਹਤਮੰਦ ਰੱਖਣ ਲਈ, ਮੈਟਾਬੋਲਿਕ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਜੇਕਰ ਤੁਹਾਡੀ ਮੈਟਾਬੋਲਿਕ ਸਿਹਤ ਠੀਕ ਨਹੀਂ ਹੈ, ਤਾਂ ਇਸ ਨਾਲ ਜਿਗਰ ਵਿੱਚ ਚਰਬੀ ਜਮ੍ਹਾਂ ਹੋ ਸਕਦੀ ਹੈ, ਜਿਸ ਨਾਲ ਜਿਗਰ ਨਾਲ ਸਬੰਧਤ ਕਈ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ, ਜਿਗਰ ਦੀ ਬਿਮਾਰੀ ਨੂੰ ਰੋਕਣ ਲਈ, ਮੈਟਾਬੋਲਿਕ ਸਿਹਤ ਵੱਲ ਵਿਸ਼ੇਸ਼ ਧਿਆਨ ਦਿਓ।

# ਲਾਇਲਪੁਰ ਖਾਲਸਾ ਕਾਲਜ, ਜਲੰਧਰ/ਅੰਮ੍ਰਿਤਸਰ

ਸਾਰੇ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੋ ਵੀ ਲੜਕਾ-ਲੜਕੀ ਜਾਂ ਪੁਰਾਣਾ ਵਿਦਿਆਰਥੀ ਜੋ ਖਾਲਸਾ ਕਾਲਜ ਜਲੰਧਰ-ਅੰਮ੍ਰਿਤਸਰ 'ਚ ਪੜ੍ਹ ਚੁੱਕੇ ਹਨ, ਇੱਥੇ ਕੈਲੇਫੋਰਨੀਆ 'ਚ ਕਿਸੇ ਵੀ ਸ਼ਹਿਰ 'ਚ ਰਹਿੰਦੇ ਹਨ।

ਉਹਨਾਂ ਨੂੰ ਜੁਲਾਈ 11, 2025 ਦਿਨ ਸ਼ੁੱਕਰਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮੀ 5 ਵਜੇ ਤੱਕ ਆ ਕੇ ਪਹਿਲੀ ਮਿਲਣੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ, ਉਹ ਆਪਣੇ ਪਰਿਵਾਰ ਨੂੰ ਵੀ ਨਾਲ ਲੈ ਕੇ ਆ ਸਕਦੇ ਹਨ।

Khalsa College Alumni
WhatsApp group

ਇਹ ਪ੍ਰੋਗਰਾਮ ਕੇਸਰ ਬਜ਼ਾਰ, ਫਾਰਮਰ ਮਾਰਕੀਟ, ਮਨਟੀਕਾ (ਕੈਲੇਫੋਰਨੀਆ) 210 S. Main st- Manteca CA 95336 ਜੋ 99 ਹਾਈਵੇ 'ਤੇ 120 ਰੂਟ ਦੇ ਐਗਜ਼ਿਟ ਲੈ ਕੇ ਆ ਸਕਦੇ ਹਨ। ਇਸ ਪਹਿਲੀ ਮਿਲਣੀ 'ਚ ਸਿਰਫ ਜਾਣ-ਪਛਾਣ ਹੀ ਇਕ-ਦੂਜੇ ਨਾਲ ਕੀਤੀ ਜਾਵੇਗੀ ਤੇ ਅਗਲੀ ਮੀਟਿੰਗ ਵਾਸਤੇ ਗੱਲਬਾਤ ਕੀਤੀ ਜਾਵੇਗੀ। ਚਾਹ-ਪਕੌੜਿਆਂ ਦਾ ਇੰਤਜ਼ਾਮ ਹੋਵੇਗਾ। ਆਉਣ ਵਾਲੇ ਸੱਜਣ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਜਾਣਕਾਰੀ ਦੇ ਸਕਦੇ ਹਨ।


ਖਾਲਸਾ ਕਾਲਜ, ਅੰਮ੍ਰਿਤਸਰ


ਖਾਲਸਾ ਕਾਲਜ, ਜਲੰਧਰ

## ਸੰਪਰਕ ਕਰੋ

ਸ. ਅਮਰੀਕ ਸਿੰਘ ਪਨੂੰ (ਐਮ.ਐਸ.ਸੀ.)
ਸਰਪ੍ਰਸਤ (ਪੈਟਰਨ) (510-334-3892)
ਰਣਜੀਤ ਕੰਦੋਲਾ (ਐਮ. ਬੀ. ਏ.) 916-917-2393
ਬਲਬੀਰ ਸਿੰਘ ਐਮ. ਏ. 510-938-7771
khalsacollege1928@gmail.com

## Khalsa College Alumni - California

ਤੁਸੀਂ ਜੇਕਰ ਇਸ ਗਰੁੱਪ ਆਉਣਾ ਚਾਹੁੰਦੇ ਹੋ ਤਾਂ ਹੇਠ ਲਿਖੀ ਜਾਣਕਾਰੀ ਸਾਨੂੰ ਭੇਜੋ ਜੀ

ਤੁਹਾਡਾ ਨਾਂ: ..................................
ਫੋਨ/ਸੈਲ ਨੰਬਰ/ਈ ਮੇਲ: .....................
ਕਾਲਜ/ ਸਾਲ: ..............................
ਕਿਹੜਾ ਸਾਲ: ................................
ਹੁਣ ਕੀ ਕੰਮ ਕਰਦੇ ਹੋ: .......................